ਸੰਸਕ੍ਰਿਤ ਸਾਹਿਤ ਦੇ ਇਤਿਹਾਸ ਵਿਚ ਨਾਟਕਕਾਰ-ਕਵੀ ਦੇ ਰੂਪ ਵਿਚ ਭਵਭੂਤੀ ਦਾ ਸਥਾਨ ਕਾਲੀਦਾਸ ਤੋਂ ਦੂਜਾ ਹੈ । ਉਨ੍ਹਾਂ ਦੇ ਤਿੰਨ ਨਾਟਕ ਇਕ ਉਤਕ੍ਰਿਸ਼ਟ ਸਾਹਿਤਕ ਕ੍ਰਿਤੀ ਹਨ । ਪਰ 'ਉਤਰਰਾਮਚਰਿਤ' ਉਨ੍ਹਾਂ ਦੀ ਸਰਵੋਤਮ ਰਚਨਾ ਤੇ ਸੰਸਕ੍ਰਿਤ ਸਾਹਿਤ ਦੀ ਅਮੁੱਲ ਨਿਧੀ ਹੈ । ਕਵੀ ਦੇ ਰੂਪ ਵਿਚ ਭਵਭੂਤੀ ਰਸ ਤੇ ਭਾਵ ਵਿਚ ਲੀਨ ਹੋ ਕੇ ਲਿਖਦੇ ਹਨ । ਪ੍ਰਬਲ ਅਨੁਭਵਾਂ ਨਾਲ ਪਰਿਪੂਰਣ ਉਨ੍ਹਾਂ ਦੀ ਭਾਸ਼ਾ ਵਿਚ ਅਲੰਕਾਰਾਂ ਦੀ ਪੂਰੀ ਚਮਕ-ਦਮਕ ਹੈ । ਉਹ ਆਪਣੇ ਕੱਥ ਨੂੰ ਖੁਲ੍ਹ ਕੇ ਵਿਅਕਤ ਕਰਦੇ ਹਨ ਤੇ ਉਨ੍ਹਾਂ ਦੀ ਪਹੁੰਚ ਅਕਸਰ ਜੀਵਨ ਦੇ ਅੰਤਰਤਮ ਭਾਗ ਤਕ ਡੂੰਘੀ ਹੁੰਦੀ ਹੈ ।

ਇਹ ਪੋਥੀ ਕਾਫੀ ਵਿਸ਼ਦ ਹੈ । ਭਵਭੂਤੀ ਦੇ ਵਿਚਾਰ-ਜਗਤ ਤੇ ਉਨ੍ਹਾਂ ਦੇ ਤਿੰਨਾਂ ਨਾਟਕਾਂ ਦੇ ਸੂਖਮ ਅਧਿਐਨ ਤੋਂ ਇਲਾਵਾ ਕਵੀ-ਨਾਟਕਕਾਰ ਦਾ ਵਿਅਕਤਿਤਵ, ਜੀਵਨ ਤੇ ਸਮਾਂ, ਸਾਹਿਤਕ ਪ੍ਰਵ੍ਰਿਤੀਆਂ ਤੇ ਉਨ੍ਹਾਂ ਦੀਆਂ ਰਚਨਾਵਾਂ ਦੇ ਗੁਣ ਦੋਸ਼ ਵੀ ਇਸ ਦੇ ਘੇਰੇ ਵਿਚ ਆ ਜਾਂਦੇ ਹਨ ।

ਗੋ. ਕੇ. ਭਟ, ਇਸ ਪੋਥੀ ਦਾ ਕਰਤਾ ਸੰਸਕ੍ਰਿਤ ਭਾਸ਼ਾ ਤੇ ਪ੍ਰਾਚੀਨ ਭਾਰਤੀ ਸੰਸਕ੍ਰਿਤੀ ਦਾ ਪਦ-ਨਿਵ੍ਰਿਤ ਪ੍ਰਾਧਿਆਪਕ ਹੈ । ਇਸ ਸਮੇਂ ਉਹ ਭੰਡਾਰਕਰ ਪੂਰਵੀ ਸ਼ੋਧ ਸੰਸਥਾਨ ਪੂਣੇ ਦੇ ਸਨਾਤਕੋੱਤਰ ਤੇ ਸ਼ੋਧ ਵਿਭਾਗ ਦਾ ਸੰਰਖਿਅਕ ਤੇ ਨਿਰਦੇਸ਼ਕ ਹੈ । ਉਹ ਅੰਗਰੇਜ਼ੀ ਤੇ ਮਰਾਠੀ ਵਿਚ ਅਨੇਕ ਸਾਹਿਤਕ, ਆਲੋਚਨਾਤਕ ਤੇ ਸ਼ੋਧ ਨਿਬੰਧ ਤੇ ਪੁਸਤਕਾਂ ਦਾ ਲੇਖਕ ਹੈ ।

ਆਵਰਣ ਸੱਜਾ : ਸਤਯਜਿਤ ਰੇ

ਅੰਤਰਚਿਤਰ ਸੀ. ਐਮ. ਰੁਦ੍ਰ ਦਾ, ਪੰਚਵਟੀ ਵਿਚ ਰਾਮ ਤੇ ਸੀਤਾ ਦਾ ਆਰੇਖਨ ਹੈ ਜੋ ਮੁਢਲੀ ਪੰਜਵੀਂ ਸਦੀ ਦੇ ਸ਼ਿਲਪ 'ਸੂਰਪਣਖਾਵਿਰੂਪਣ' ਦੇਵਗੜ੍ਹ, ਦੇ ਭਾਰਤੀ ਪੁਰਾਤੱਤਵ ਵਿਭਾਗ ਦੀ ਕ੍ਰਿਪਾ ਨਾਲ ਪ੍ਰਾਪਤ, ਛਾਇਆ ਚਿਤਰ ਉਤੇ ਆਧਾਰਿਤ ਹੈ ।

SAHITYA AKADEMI
REVISED PRICE Rs. 15-00

# ਭਵਭੂਤੀ

## ਗੋ. ਕੇ. ਭਟ



ਭਾਰਤੀਯ
ਸਾਹਿੱਤ ਦੇ
ਨਿਰਮਾਤਾ

ਭਾਰਤੀਯ ਸਾਹਿੱਤ ਦੇ ਨਿਰਮਾਤਾ

# ਭਵਭੂਤੀ

ਲੇਖਕ
ਗੋ. ਕੇ. ਭਟ

ਅਨੁਵਾਦਿਕਾ
ਪ੍ਰੇਮ ਕੋਟਿਯਾ

ਸਾਹਿੱਤ ਅਕਾਦੇਮੀ

BHAVABHUTI : Punjabi translation by Prem Kotia of G. K. Bhat's ...ph in English. Sahitya Akademi, New Delhi (198..)

SAHITYA AKADEMI
REVISED PRICE Rs. 15-00

© ਸਾਹਿਤ ਅਕਾਦੇਮੀ

ਪਹਿਲੀ ਵਾਰ : 1983

ਸਾਹਿਤ ਅਕਾਦੇਮੀ

ਮੁਖ ਦਫਤਰ

ਰਵੀਂਦਰ ਭਵਨ, 35, ਫ਼ੀਰੋਜ਼ਸ਼ਾਹ ਰੋਡ, ਨਵੀਂ ਦਿੱਲੀ-110001

ਪ੍ਰਾਦੇਸ਼ਿਕ ਦਫਤਰ

ਬਲਾਕ V-ਬੀ, ਰਵਿੰਦਰ ਸਰੋਵਰ ਸਟੇਡੀਅਮ, ਕਲਕੱਤਾ-700029
29, ਅਲਡਾਮਾਸ ਰੋਡ (ਦੂਸਰੀ ਮੰਜ਼ਲ), ਤੇਨਾਮਪੇਟ, ਮਦਰਾਸ-600018
172, ਮੁਮਬਈ ਮਰਾਠੀ ਗ੍ਰੰਥ ਸੰਗ੍ਰਹਾਲਯ ਮਾਰਗ, ਦਾਦਰ, ਬੰਬਈ-400014

ਪ੍ਰਿੰਟਰ : ਨੈਸ਼ਨਲ ਪ੍ਰੈਸ ਆਫ ਇੰਡੀਆ,
ਚਾਂਦਨੀ ਚੌਕ, ਦਿੱਲੀ-110006

SAHITYA AKADEMI
REVISED PRICE Rs. 15-00

## ਵਿਸ਼ੇ ਸੂਚੀ

1. ਕਵੀ ਦਾ ਪਰਿਚਯ 1
2. ਭਵਭੂਤੀ ਦੇ ਗ੍ਰੰਥ ਤੇ ਸਾਹਿਤਕ ਸੰਪਰਕ 6
3. ਭਵਭੂਤੀ ਦਾ ਜੀਵਨਕਾਲ ਤੇ ਯੁਗ 9
4. ਭਵਭੂਤੀ ਦੇ ਨਾਟਕ 17
   ਮਹਾਵੀਰਚਰਿਤ
   ਮਾਲਤੀ-ਮਾਧਵ
   ਉੱਤਰ ਰਾਮਚਰਿਤ
5. ਭਵਭੂਤੀ ਦੀ ਕਲਾ 48
6. ਭਵਭੂਤੀ ਦਾ ਭਾਵ ਤੇ ਵਿਚਾਰ-ਜਗਤ 71
7. ਸੰਦਰਭ-ਗ੍ਰੰਥ-ਸੂਚੀ 78

ਪਹਿਲਾ ਅਧਿਆਇ

# ਕਵੀ ਦਾ ਪਰਿਚੈ

## ਪਰਿਵਾਰ

ਸੰਸਕ੍ਰਿਤ ਦੇ ਬਹੁਤ ਸਾਰੇ ਲੇਖਕ ਆਪਣੇ ਨਿਜੀ ਜੀਵਨ ਤੇ ਉਸ ਨਾਲ ਸੰਬੰਧਿਤ ਘਟਨਾਵਾਂ ਬਾਰੇ ਕੁਝ ਨਹੀਂ ਦਸਦੇ। ਪਰ ਭਵਭੂਤੀ ਨੇ ਆਪਣੇ ਦੋ ਨਾਟਕਾਂ[1] ਦੀਆਂ ਪ੍ਰਸਤਾਵਨਾਵਾਂ ਵਿਚ ਆਪਣੇ ਜੀਵਨ ਸਬੰਧੀ ਵੇਰਵੇ ਦਿੱਤੇ ਹਨ, ਜਿਨ੍ਹਾਂ ਲਈ ਅਸੀਂ ਉਨ੍ਹਾਂ ਦੇ ਰਿਣੀ ਹਾਂ। ਉਨ੍ਹਾਂ ਦਾ ਜਨਮ ਦੱਖਣ ਪ੍ਰਦੇਸ਼ ਵਿਚ ਸਥਿਤ ਪਦਮ-ਪੁਰ ਦੇ ਇਕ ਬ੍ਰਾਹਮਣ ਪਰਿਵਾਰ ਵਿਚ ਹੋਇਆ ਜੋ ਕ੍ਰਿਸ਼ਣਯਜੁਰਵੇਦ ਦੀ ਤੈਤ੍ਰਿਰੀਯ ਸ਼ਾਖਾ ਦਾ ਅਨੁਯਾਈ ਸੀ। ਉਨ੍ਹਾਂ ਦਾ ਗੋਤ ਕਸ਼ਯਪ ਸੀ ਤੇ ਕੁਲ ਦਾ ਨਾਂ ਉਦੁੰਬਰ। ਇਸ ਪਰਿਵਾਰ ਦੇ ਜੀਆਂ ਲਈ ਵਰਤਿਆ ਗਿਆ ''ਚਰਣ ਗੁਰਵਹ''[2] ਵਿਸ਼ੇਸ਼ਣ ਇਹ ਦੱਸਦਾ ਹੈ ਕਿ ਉਹ ਜਾਂ ਤਾਂ ਵੇਦ ਦੀ ਕਿਸੇ ਵਿਸ਼ੇਸ਼ ਸ਼ਾਖਾ ਦੇ ਅਧਿਐਨ ਲਈ ਕੋਈ ਵੈਦਿਕ ਪਾਠਸ਼ਾਲਾ ਚਲਾਉਂਦੇ ਸਨ ਜਾਂ ਉਸ ਸ਼ਾਖਾ ਦੇ ਅਧਿਆਪਕ ਸਨ। ਉਹ ਧਰਮ-ਆਚਰਣ ਵਿਚ ਲੀਨ, ਸੋਮਯੱਗ ਕਰਨ ਵਾਲੇ, ਪੰਚ-ਅਗਨੀ ਦੇ ਉਪਾਸਕ ਬ੍ਰਾਹਮਣਾਂ ਦਾ ਇਕ ਸ਼ਰਧਾਲੂ ਪਰਿਵਾਰ ਸੀ। ਵੈਦਿਕ ਗਿਆਨ ਤੇ ਧਰਮ-ਆਚਰਣ ਕਾਰਣ ਇਸ ਪਰਿਵਾਰ ਨੂੰ ਬਹੁਤ ਆਦਰ ਪ੍ਰਾਪਤ ਸੀ।

ਇਸੇ ਪਰਿਵਾਰ ਵਿਚ ਇਕ ਮਹਾਕਵੀ ਹੋਏ, ਜਿਨ੍ਹਾਂ ਨੇ ਵਾਜਪੇਯ-ਯੱਗ ਕੀਤਾ ਤੇ ਯਸ਼ਵਾਨ ਇਨ੍ਹਾਂ ਹੀ ਪੂਰਵਜਾਂ ਦੀ ਪੀੜ੍ਹੀ ਵਿਚ ਭਵਭੂਤੀ ਨੇ ਜਨਮ ਲਿਆ। ਭੱਟ ਗੋਪਾਲ ਉਨ੍ਹਾਂ ਦੇ ਦਾਦਾ ਸਨ ਜੋ ਆਪਣੇ ਗਿਆਨ ਤੇ ਨੇਕੀ ਕਾਰਣ ਬਹੁਤ ਵਿਖਆਤ ਸਨ। ਭਵਭੂਤੀ ਦੇ ਪਿਤਾ ਨੀਲਕੰਠ ਨੂੰ ਵੀ ਉਨ੍ਹਾਂ ਦੀ ਪਵਿੱਤ੍ਰਤਾ ਕਾਰਣ ਪ੍ਰਸਿੱਧੀ ਮਿਲ ਚੁਕੀ ਸੀ। ਭਵਭੂਤੀ ਦੀ ਮਾਤਾ ਦਾ ਨਾਂ ਜਤੂਕਰਣੀ ਸੀ।

---

1. 'ਮਹਾਵੀਰ ਚਰਿਤ' ਤੇ 'ਮਾਲਤੀਮਾਧਵ'
2. 'चरणगुरव:' 'ਮਹਾਵੀਰ ਚਰਿਤ' ਦੀ ਪ੍ਰਸਤਾਵਨਾ;
   'ਮਾਲਤੀਮਾਧਵ' ਦੀ ਟੀਕਾ ਵਿਚ ਜਗਧਰ ਕਹਿੰਦੇ ਹਨ,

   'चरणशब्दः शाखाविशेषाध्ययनजनसंघवाची ।'

## ਨਾਮ

ਪਿਤਾ ਦੇ ਨਾਂ ਨੀਲਕੰਠ ਦੀ ਸਮਾਨਤਾ ਦੇ ਆਧਾਰ ਉਤੇ ਸੰਸਕ੍ਰਿਤ ਟੀਕਾਕਾਰ ਕਵੀ ਦਾ ਪੈਤ੍ਰਿਕ ਨਾਂ ਸ੍ਰੀਕੰਠ ਮੰਨਦੇ ਹਨ ਤੇ 'ਭਵਭੂਤੀ' ਨੂੰ ਉਨ੍ਹਾਂ ਦੀ ਪਦਵੀ ਜਾਂ ਉਪਨਾਮ ਮੰਨਿਆ ਜਾਂਦਾ ਹੈ। ਪਰ ਭਵਭੂਤੀ ਦੇ ਕੁਝ ਸੰਸਕ੍ਰਿਤ ਪਦ[3] ਸੂਕਤੀ ਗ੍ਰੰਥਾਂ ਤੇ ਸਾਹਿਤ ਸ਼ਾਸਤਰ ਦੇ ਗ੍ਰੰਥਾਂ ਵਿਚ ਸਰਵੱਤਰ ਭਵਭੂਤੀ ਨਾਂ ਨਾਲ ਹੀ ਉਧ੍ਰਿਤ ਕੀਤੇ ਗਏ ਹਨ। ਇਕ ਹੋਰ ਹਵਾਲੇ ਅਨੁਸਾਰ ਸ਼ਿਵ (ਭਵ) ਦੇ ਆਸ਼ੀਰਵਾਦ ਨਾਲ ਸਮ੍ਰਿਧੀ (ਭੂਤਿ) ਪ੍ਰਾਪਤ ਹੋਣ ਕਾਰਣ ਕਵੀ ਦਾ ਨਾਂ ਭਵਭੂਤੀ ਪਿਆ ਹੈ।[4] ਪਰ ਬਹੁਤੇ ਵਿਦਵਾਨਾਂ ਦਾ ਮਤ ਇਹ ਹੈ ਕਿ ਸ੍ਰੀਕੰਠ ਤਾਂ ਭਵਭੂਤੀ ਦੇ ਪਰਿਵਾਰ ਦਾ ਮਾਨਪਦ ਹੈ, ਕਵੀ ਦਾ ਵਾਸਤਵਿਕ ਨਾਂ ਭਵਭੂਤੀ ਹੀ ਹੈ।

ਇਕ ਹੋਰ ਨਾਂ ਉਤੇ ਵੀ ਗੰਭੀਰਤਾ ਨਾਲ ਵਿਚਾਰ ਕੀਤਾ ਗਿਆ ਹੈ, ਉਹ ਹੈ ਉਮਬੇਕ ਜਿਸ ਨੂੰ ਉਮਵੇਕ, ਉਬੇਅਕ, ਉਰਰੇਅਕ ਤੇ ਓਮਵਕ ਵੀ ਲਿਖਿਆ ਗਿਆ ਹੈ। ਕਿਹਾ ਜਾਂਦਾ ਹੈ ਕਿ ਉਮਬੇਕ ਇਕ ਪ੍ਰਸਿੱਧ ਮੀਮਾਂਸਕ ਸਨ ਤੇ ਕੁਮਾਰਿਲ ਭੱਟ ਦੇ ਸ਼ਿਸ਼ ਸਨ। ਉਨ੍ਹਾਂ ਨੇ ਕੁਮਾਰਿਲ ਦੇ 'ਸ਼ਲੋਕਵਾਰਤਿਕ' ਤੇ ਮੰਡਨ ਮਿਸ਼੍ਰ ਦੇ 'ਭਾਵਨਾਵਿਵੇਕ' ਉਤੇ ਟੀਕਾਵਾਂ ਲਿਖੀਆਂ ਸਨ। ਉਹ ਕੁਮਾਰਿਲ ਨੂੰ ਭੱਟਪਾਦ ਤੇ ਗੁਰੂ ਕਹਿੰਦੇ ਹਨ। ਇਕ ਅਜਿਹੀ ਲੋਕਧਾਰਣਾ ਵੀ ਹੈ ਜਿਸ ਅਨੁਸਾਰ ਮੀਮਾਂਸ਼ਕ ਉਮਬੇਕ ਤੇ ਨਾਟਕਕਾਰ ਭਵਭੂਤੀ ਨੂੰ ਇਕੋ ਵਿਅਕਤੀ ਮੰਨਿਆ ਗਿਆ ਹੈ। ਜਿਨ੍ਹਾਂ ਦਲੀਲਾਂ ਦੇ ਆਧਾਰ ਉਤੇ ਦੋਹਾਂ ਵਿਅਕਤੀਆ ਨੂੰ ਇਕ ਸਿੱਧ ਕੀਤਾ ਗਿਆ ਹੈ, ਉਹ ਇਹ ਹਨ—ਐਸ. ਪੀ. ਪੰਡਿਤ ਦੁਆਰਾ ਸਭ ਤੋਂ ਪਹਿਲਾਂ ਪੇਸ਼ ਕੀਤੇ ਗਏ 'ਮਾਲਤੀਮਾਧਵ' ਦੇ ਇਕ ਖਰੜੇ ਦੇ ਤੀਸਰੇ ਤੇ ਛੇਵੇਂ ਅੰਕ ਦੇ ਅੰਤ ਵਿਚ ਕੁਮਾਰਿਲ ਦੇ ਸ਼ਿਸ਼ ਉਮਬੇਕ ਦਾ ਨਾਟਕ ਦੇ ਲੇਖਕ ਦੇ ਰੂਪ ਵਿਚ ਉਲੇਖ ਮਿਲਦਾ ਹੈ।[5] ਉਮਬੇਕ ਦੀ 'ਸ਼ਲੋਕ-ਵਾਰਤਿਕ' ਦੀ ਟੀਕਾ ਦੇ ਇਕ ਖਰੜੇ ਦੇ ਆਰੰਭ ਵਿਚ ਹੀ "ਯੇ ਨਾਮ ਕੇਚਿਦ ਇਹ ਨਹ" ਪਦ ਉਧ੍ਰਿਤ ਕੀਤਾ ਗਿਆ ਹੈ, ਜਿਹੜਾ ਭਵਭੂਤੀ ਦੇ 'ਮਾਲਤੀਮਾਧਵ' ਦੇ ਪੂਰਵਰੰਗ ਦੇ ਪਦ ਵਾਕੁਰ ਹੈ। ਚਿਤਸੁਖਾਚਾਰਯ ਦੀ 'ਤਤ੍ਵਪ੍ਰਦੀਪਿਕਾ' (ਚਿਤਸੁਖੀ) ਭਵਭੂਤੀ ਦੇ 'ਮਾਲਤੀਮਾਧਵ' ਤੇ ਦੂਜੇ ਨਾਟਕਾਂ ਦਾ ਉਲੇਖ ਕਰਦੀ ਹੈ। ਉਸ ਦੀ 'ਨਯਨਪ੍ਰਸਾਦਿਨੀ' ਟੀਕਾ ਅਨੁਸਾਰ ਭਵਭੂਤੀ ਹੀ ਉਮਬੇਕ ਹੈ। 'ਉਤਰਰਾਮਚਰਿਤ' ਦੇ ਟੀਕਾਕਾਰ ਘਨਸ਼ਯਾਮ ਉਨ੍ਹਾਂ ਦੇ ਕੁਝ ਕਥਨਾਂ ਦੇ ਆਧਾਰ ਉਤੇ ਭਵਭੂਤੀ ਨੂੰ ਦ੍ਰਵਿੜ ਮੂਲ ਦਾ ਮੰਨਦੇ ਹਨ ਤੇ ਇਸ ਦਲੀਲ ਨਾਲ ਭਵਭੂਤੀ ਤੇ ਉਮਬੇਕ ਨੂੰ ਇਕੋ ਸਿੱਧ ਕਰਦੇ ਹਨ।

3. ਵੀਰਰਾਘਵ ਕਹਿੰਦੇ ਹਨ— : साम्बा पुनातु भवभूतिपवित्रमूर्तिः ।
ਅੰਨਤਪੰਡਿਤ ਉਲੇਖ ਕਰਦੇ ਹਨ— गिरिजायाः कुचौ वन्दे भवभूतिसिताननौ ।

ਸ੍ਰੀਧਰਦਾਸ 'ਸਦੁਕਤਿਕਰਣਾਮ੍ਰਿਤ' ਵਿਚ ਉਧ੍ਰਿਤ ਕਰਦੇ ਹਨ—

**कौ तपस्वी गतोऽवस्थामिति स्मेराननाविव स्तनौ ।**
**वन्दे गौरीघनाश्लेषभवभूतिसिताननौ ॥**

4. ਦੇਖੋ : ਕੁਨਹਨ ਰਾਜਾ: 'ਸਰਵੇ ਆਫ਼ ਸੰਸਕ੍ਰਿਤ ਲਿਟ੍ਰੇਚਰ', ਪੰਨਾ ੧੯੩।
5. ਐਸ. ਪੀ. ਪੰਡਿਤ : 'ਗੌਡਵਹੋ' ਦੀ ਪ੍ਰਸਤਾਵਨਾ, ਬਾਂਬੇ ਸੰਸਕ੍ਰਿਤ ਸੀਰੀਜ਼।



ਦੂਜੇ ਵਿਦਵਾਨ ਉਪਰੋਕਤ ਪ੍ਰਮਾਣ ਨੂੰ ਅੰਤਿਮ ਨਹੀਂ ਮੰਨਦੇ। ਕੇਵਲ ਇਕ ਖਰੜੇ ਵਿਚ ਤੇ ਉਹ ਵੀ ਕੇਵਲ ਦੋ ਅੰਕਾਂ ਦੇ ਅੰਤ ਵਿਚ ਆਉਣ ਵਾਲਾ ਉਮਬੇਕ ਨਾਂ ਸੰਦਿਗਧ ਹੈ। "ਯੇ ਨਾਮ..." ਇਹ ਪਦ ਭਵਭੂਤੀ ਦੇ ਨਾਟਕ ਵਿਚ ਪ੍ਰਸੰਗ ਦੇ ਅਨੁਕੂਲ ਹੈ, ਪਰ ਉਮਬੇਕ ਦੇ 'ਮੀਮਾਂਸ਼ਾਭਾਸ਼ਯ' ਵਿਚ ਇਸ ਦੀ ਕੋਈ ਥਾਂ ਹੀ ਨਹੀਂ। ਇਸ ਨੂੰ ਕਿਸੇ ਅਜਿਹੇ ਵਿਅਕਤੀ ਨੇ ਜੋੜ ਦਿਤਾ ਹੋਣਾ ਹੈ ਜੋ ਦੋਹਾਂ ਲੇਖਕਾਂ ਦੇ ਇਕ ਹੋਣ ਦੀ ਪਰੰਪਰਾ ਵਿਚ ਵਿਸ਼ਵਾਸ ਰਖਦਾ ਸੀ। ਨਾਲ ਹੀ ਭਵਭੂਤੀ ਦੀ ਸ਼ਾਸਤ੍ਰੀਯ ਪਿੱਠ ਭੂਮੀ ਵਿਚ ਸ਼ੰਕਾ ਦੀ ਕੋਈ ਥਾਂ ਨਹੀਂ ਹੈ, ਪਰ ਉਹ ਮੀਮਾਂਸਕ ਨਾਲੋਂ ਵਧੇਰੇ, ਵੇਦਾਂਤੀ ਪ੍ਰਤੀਤ ਹੁੰਦੇ ਹਨ।[6]

ਇਸ ਵਿਵਾਦ ਵਿਚ ਪੈਣ ਦੀ ਲੋੜ ਨਹੀਂ। ਕਵੀ ਦੇ ਜੀਵਨ-ਕੱਥ ਵਿਚ ਆਉਣ ਵਾਲਾ 'ਉਦੁੰਬਰ ਨਾਮ' (उदुम्बरनामानः) ਕਹਿੰਦੇ ਹਨ, ਵਿਸ਼ੇਸ਼ ਥਾਂ ਨਾਲ ਸਬੰਧਿਤ ਕੁਲ ਦਾ ਨਾਂ (ਉਪਨਾਮ) ਹੈ। ਮਿਰਾਸ਼ੀ ਯਵਤਮਾਲ ਜ਼ਿਲੇ ਵਿਚ ਪੈਨਗੰਗਾ ਦੇ ਉੱਤਰੀ ਤਟ ਉਤੇ ਸਥਿਤ ਉਮਰਖੇੜ ਨਾਲ ਉਦੁੰਬਰ ਦੀ ਏਕਤਾ ਸਥਾਪਿਤ ਕਰਦੇ ਹਨ।

## ਜਨਮ-ਸਥਾਨ

'ਮਹਾਵੀਰ-ਚਰਿਤ' ਦੀ ਪ੍ਰਸਤਾਵਨਾ ਵਿਚ ਭਵਭੂਤੀ ਦਕਸ਼ਿਣਾਪਥ ਵਿਖੇ ਸਥਿਤ ਪਦਮਪੁਰ (ਜਾਂ ਪਦਮਨਗਰ) ਨੂੰ ਆਪਣੇ ਪਰਿਵਾਰ ਦਾ ਜਨਮ-ਸਥਾਨ ਦਸਦੇ ਹਨ। 'ਮਾਲਤੀਮਾਧਵ' ਨਾਟਕ ਦਾ ਦ੍ਰਿਸ਼-ਸਥਾਨ ਪਦਮਾਵਤੀ ਹੈ। ਇਕ ਸੰਸਕ੍ਰਿਤ ਟੀਕਾਕਾਰ ਦਾ ਅਨੁਮਾਨ ਹੈ ਕਿ ਇਹ ਨਗਰੀ ਵਿਦਰਭ ਤੋਂ ਬਾਹਰ ਹੈ। 'ਦਕਸ਼ਿਣਾਪਥ' ਦਾ ਅਰਥ ਸਪਸ਼ਟ ਨਹੀਂ ਹੈ।

ਇਤਿਹਾਸਕ ਪੱਖ ਤੋਂ ਪਦਮਾਵਤੀ ਦੀ ਸਥਿਤੀ ਦੱਸਣ ਦਾ ਸਭ ਤੋਂ ਪਹਿਲਾ

6. ਵਿਊਰੇ ਲਈ ਦੇਖੋ : ਕਾਣੇ : 'ਉਤਰਰਾਮਚਰਿਤ' (ਸੰ), ਪ੍ਰਸਤਾਵਨਾ, ਪੰਨਾ ੧੨-੧੯;
ਕਰਮਰਕਰ : 'ਭਵਭੂਤੀ' (ਕਰਨਾਟਕ ਵਿਸ਼ਵਵਿਦਿਆਲਯ ਵਿਸਤਾਰ ਵਿਆਖਿਆਨ ਮਾਲਾ- ੫) ਪੰ. ੮-੯;
ਬੇਲਵਲਕਰ : 'ਲੇਟਰ ਹਿਸਟ੍ਰੀ ਆਫ਼ ਰਾਮ', ਹਾਰਵਰਡ ਯੂਨਿਵਰਸਿਟੀ, ਪ੍ਰਸਤਾਵਨਾ;
ਹਰਸ਼ੇ : 'ਆਬਜ਼ਰਵੇਸ਼ੰਜ਼ ਆਨ ਦਿ ਲਾਈਫ਼ ਐਂਡ ਲਿਟੇਚਰ ਆਫ਼ ਭਵਭੂਤੀ' (ਫ੍ਰੈਂਚ) ਫਰਾਂਸ, ਪੰ. ੧੯;
ਸੀ ਕੁਨਹਨ ਰਾਜਾ : 'ਸ਼ਲੋਕਵਾਰਤਿਕਵਿਆਖਿਆ' (ਭੱਟ ਉਮਬੇਕ ਕ੍ਰਿਤ), ਮਦਰਾਸ ਵਿ. ਸੰ. ਮਾਲਾ ੧੩, ਭੂਮਿਕਾ ਪੰ. ੨੧, ਮਿਰਾਸ਼ੀ : 'ਸੰਸ਼ੋਧਨ ਮੁਕਤਾਵਲੀ' (ਤੀਸਰੀ) (ਮਰਾਠੀ) ਤੇ 'ਭਵਭੂਤੀ';
ਭਟ : 'ਉਤਰਰਾਮਚਰਿਤ', ਭੂਮਿਕਾ ਪ. ੪-੯।

ਯਤਨ ਜਨਰਲ ਕਨਿੰਘਮ ਨੇ ਕੀਤਾ, ਜਿਨ੍ਹਾਂ ਨੇ ਪਵਾਯਾ ਜਾਂ ਪਦਮਪਵਾਯਾ ਪਿੰਡ ਨੂੰ ਹੀ ਪਦਮਾਵਤੀ ਮੰਨਿਆ, ਜਿਹੜਾ ਗਵਾਲੀਅਰ ਖੇਤਰ ਵਿਖੇ ਪਾਰਾ (ਪਾਰਵਤੀ) ਨਦੀ ਕੋਲ, ਸਿੰਧੂ ਨਦੀ ਉੱਤੇ ਸਥਿਤ ਹੈ ਤੇ ਨਰਵਾਰ ਦੇ ਨੇੜੇ ਹੈ। ਡਾ: ਭੰਡਾਰਕਰ ਨੇ ਇਹ ਸੰਕੇਤ ਕੀਤਾ ਹੈ ਕਿ ਦਕਸ਼ਿਣਾਪਥ ਦਾ ਖੇਤਰ ਵਿਸ਼ਾਲ ਸੀ ਤੇ ਉਸ ਵਿਚ ਵਿਦਰਭ ਤੇ ਮਹਾਰਾਸ਼ਟ੍ਰ ਦੋਵੇਂ ਆ ਜਾਂਦੇ ਸਨ। ਭਵਭੂਤੀ ਦੱਖਣ ਦੇ ਮੂਲ ਨਿਵਾਸੀ ਹੋਣਗੇ ਤੇ ਨਾਗਪੁਰ ਪੱਤੀ ਦੇ ਚਾਂਦਾ ਜਾਂ ਚੰਦਰਪੁਰ ਵਿਚ ਆ ਵਸੇ ਹੋਣਗੇ, ਜਿਹੜਾ ਪਦਮਾਵਤੀ ਦੇ ਵਰਣਨ ਦੇ ਅਨੁਰੂਪ ਹੈ। ਕਿਸੇ ਵੀ ਥਾਂ ਦਾ ਵਿਸਤਾਰ ਨਾਲ ਵਰਣਨ ਕਰਨ ਲਈ ਉਸ ਥਾਂ ਦਾ ਨਿਵਾਸੀ ਹੋਣਾ ਆਵਸ਼ਕ ਨਹੀਂ ਹੈ। ਇਸ ਕਰਕੇ ਕਵੀ ਦਾ ਮੂਲ ਸਥਾਨ ਪਦਮਪੁਰ ਤੇ ਨਾਟਕੀ ਕਾਰਜ ਦੇ ਕ੍ਰਿਆ-ਸਥਾਨ ਪਦਮਾਵਤੀ ਦਾ ਇਕ ਹੋਣਾ ਜ਼ਰੂਰੀ ਨਹੀਂ ਹੈ। ਇਨ੍ਹਾਂ ਨਿਸ਼ਕਰਸ਼ਾਂ ਨੂੰ ਸ੍ਵੀਕਾਰਦੇ ਹੋਏ ਮਿਰਾਸ਼ੀ ਨੇ ਨਾਗਪੁਰ-ਵਿਦਰਭ ਖੇਤਰ ਦੇ ਭੰਡਾਰਾ ਜ਼ਿਲੇ ਦੇ ਪਦਮਪੁਰ ਨੂੰ ਕਵੀ ਦਾ ਮੂਲ ਸਥਾਨ ਦਸਿਆ ਹੈ। ਉਹ ਆਪਣੀ ਗੱਲ ਨੂੰ ਵਾਕਾਟਕ ਰਾਜਿਆਂ ਦੇ ਇਕ ਤਾਮਰ-ਪੱਤਰ ਦੇ ਆਧਾਰ ਉੱਤੇ ਸਿੱਧ ਕਰਦੇ ਹਨ, ਜਿਨ੍ਹਾਂ ਦੀ ਇਕ ਰਾਜਧਾਨੀ ਪਦਮਪੁਰ ਸੀ। ਉਨ੍ਹਾਂ ਅਨੁਸਾਰ ਰਾਜਨੀਤਿਕ ਪਰਿਵਰਤਨ, ਭਵਭੂਤੀ ਦੇ ਪਰਿਵਾਰ ਦਾ ਗੌਰਵ, ਦੋ ਮੰਦਿਰਾਂ ਤੇ ਇਕ ਸ਼ਿਵ ਮੂਰਤੀ ਦੀ ਪੁਰਾਤੱਤਵੀ ਖੋਜ, ਆਧੁਨਿਕ ਪਦਮਪੁਰ ਦੇ ਨੇੜੇ ਤੈਤਿਰੀਯ ਸ਼ਾਖਾ ਦੇ ਬ੍ਰਾਹਮਣ ਪਰਿਵਾਰਾਂ ਦਾ ਹੋਣਾ—ਇਹ ਸਭ ਪਦਮਪੁਰ ਨੂੰ ਹੀ ਕਵੀ ਦਾ ਮੂਲ-ਸਥਾਨ ਸਿੱਧ ਕਰਦੇ ਹਨ।[7] ਫਿਰ ਵੀ ਵਿਦਵਾਨਾਂ ਵਿਚ ਮਤਭੇਦ ਹੈ। ਇਸ ਲਈ ਸਾਨੂੰ ਹੋਰ ਖੋਜ ਦੀ ਪ੍ਰਤੀਖਿਆ ਕਰਨੀ ਚਾਹੀਦੀ ਹੈ।

## ਕਾਲਪ੍ਰਿਆਨਾਥ

ਏਕਤਾ ਸੰਬੰਧੀ ਇਕ ਦੂਜੀ ਸਮਸਿਆ ਦੇਵਤਾ ਕਾਲਪ੍ਰਿਆਨਾਥ ਨਾਲ ਸੰਬੰਧਿਤ ਹੈ, ਜਿਨ੍ਹਾਂ ਦਾ ਨਾਟਕੀ ਭੂਮਿਕਾਵਾਂ ਵਿਚ ਉਲੇਖ ਹੈ ਤੇ ਜਿਨ੍ਹਾਂ ਦੇ ਮੇਲਿਆਂ ਉੱਤੇ ਭਵਭੂਤੀ ਦੇ ਨਾਟਕ ਖੇਡੇ ਗਏ ਸਨ। ਸੰਸਕ੍ਰਿਤ ਟੀਕਾਕਾਰ ਕਾਲਪ੍ਰਿਆ ਦਾ ਅਰਥ ਅੰਬਿਕਾ ਜਾਂ ਪਾਰਵਤੀ ਲੈਂਦੇ ਹਨ ਤੇ ਕਾਲਪ੍ਰਿਆਨਾਥ ਸ਼ਿਵ ਜੀ ਨੂੰ ਕਹਿੰਦੇ ਹਨ। ਆਧੁਨਿਕ ਆਲੋਚਕ ਉਨ੍ਹਾਂ ਨੂੰ ਉਜੈਨੀ ਦੇ ਪ੍ਰਸਿੱਧ ਮਹਾਕਾਲ ਮੰਨਦੇ ਹਨ। ਪਰ ਇਹ ਠੀਕ ਨਹੀਂ ਹੈ ਕਿਉਂਕਿ ਮਹਾਕਾਲ ਕਦੇ ਵੀ ਇਸ ਨਾਂ ਨਾਲ ਪ੍ਰਸਿੱਧ ਨਹੀਂ ਸਨ। ਸ੍ਰੀ ਲੇਲੇ ਨੇ ਸਰਵਪ੍ਰਥਮ ਕਾਲਪ੍ਰਿਆਨਾਥ ਦਾ (ਯਮੁਨਾ ਦੇ ਦੱਖਣ ਵਿਚ ਸਥਿਤ) ਕਾਲਪੀ ਨਾਲ ਸੰਬੰਧ[8] ਦਸਿਆ। ਇਸ ਨੂੰ ਸਿੱਧ ਕਰਨ ਲਈ ਮਿਰਾਸ਼ੀ ਨੇ ਜ਼ੋਰਦਾਰ ਦਲੀਲਾਂ ਦਿਤੀਆਂ ਹਨ। ਸਰਾਪਿਆ ਹੋਇਆ, ਕੋੜ੍ਹੀ, ਕ੍ਰਿਸ਼ਨ ਦਾ ਪੁੱਤਰ ਸਾਂਬ ਸੂਰਜ ਦੇਵਤਾ ਦੇ ਵਰਦਾਨ ਸਦਕਾ ਰੋਗ-ਮੁਕਤ ਹੋ ਗਿਆ ਸੀ। ਪੁਰਾਣਕ ਕਥਾ ਅਨੁਸਾਰ ਸੂਰਜ ਦੇਵਤਾ ਨੇ ਤਿੰਨ ਥਾਵਾਂ ਉੱਤੇ ਰਹਿਣ ਦਾ ਵਚਨ

7. ਮਿਰਾਸ਼ੀ : 'ਸੰਸ਼ੋਧਨ ਮੁਕਤਾਵਲੀ', ਪ੍ਰਥਮ ਆਵਲੀ (ਪੰ. ੭੬-੯੪) ਦੂਸਰੀ ਆਵਲੀ (ਪੰ. ੬੭-੭੬); ਤੇ 'ਭਵਭੂਤੀ'।
8. 'ਮਾਲਤੀਮਾਧਵ, ਸਾਰ ਵ ਵਿਚਾਰ' (ਮਰਾਠੀ) ਪੰ. ੫।



ਦਿਤਾ ਸੀ, ਪੂਰਵ ਵਿਚ ਕੋਣਾਰਕ, ਪੱਛਮ ਵਿਚ ਮੂਲਸਥਾਨ (ਮੁਲਤਾਨ) ਤੇ ਯਮੁਨਾ ਦੇ ਦੱਖਣ ਵਿਚ ਕਾਲਪੀ। ਕਾਲਪ੍ਰਿਆ ਦਾ ਨਾਂ ਲੈ ਕੇ ਉਲੇਖ ਕਰਨ ਵਾਲੇ ਰਾਜਸ਼ੇਖਰ ਦਾ ਕਥਨ ਹੈ ਕਿ ਇਹ ਥਾਂ ਗਾਧਿਪੁਰ (ਕੱਨੌਜ) ਦੇ ਦੱਖਣ ਵਿਚ ਹੈ, ਤੇ ਇਸ ਦੀ ਏਕਤਾ ਯਮੁਨਾ ਕਿਨਾਰੇ ਸਥਿਤ ਕਾਲਪੀ ਨਾਲ ਮੰਨੀ ਜਾ ਸਕਦੀ ਹੈ। ਇਸ ਤਰ੍ਹਾਂ ਕਾਲਪ੍ਰਿਆਨਾਥ ਦਾ ਅਰਥ ਹੋਇਆ ਕਾਲਪ੍ਰਿਆ ਜਾਂ ਕਾਲਪੀ ਦੇ ਦੇਵਤਾ ਅਰਥਾਤ ਸੂਰਜ। ਰਾਸ਼ਟ੍ਰਕੂਟ ਰਾਜਾ ਇੰਦਰ ਤੀਸਰੇ ਦੇ ਪੁੱਤਰ ਗੋਬਿੰਦ ਚੌਥੇ ਦੇ (ਖੰਭਾਤ ਤੇ ਸਾਂਗਲੀ ਵਿਚ ਪ੍ਰਾਪਤ) ਤਾਮਰ-ਪੱਤਰਾਂ ਵਿਚ ਇਹ ਉਲੇਖ ਮਿਲਦਾ ਹੈ ਕਿ ਸੰਨ 915 ਈ: ਵਿਚ ਕੱਨੌਜ ਉੱਤੇ ਆਕ੍ਰਮਣ ਹੋਇਆ ਤੇ ਕਾਲਪ੍ਰਿਆ ਦੇ ਚੌਰਸ ਮੈਦਾਨ ਵਿਚ ਵਿਸ਼ਾਲ ਸੈਨਾ ਨੇ ਪੜਾਉ ਕੀਤਾ। ਇਸ ਤਰ੍ਹਾਂ ਦੇ ਖੁਲ੍ਹੇ ਮੈਦਾਨ ਦੀ ਹੋਂਦ ਭਵਭੂਤੀ ਦੇ ਨਾਟਕਾਂ ਦੇ ਦਰਸ਼ਕਾਂ ਦੇ ਇਕੱਠਾਂ ਲਈ ਢੁੱਕਦੀ ਹੈ। 'ਮਾਲਤੀਮਾਧਵ' ਵਿਚ ਸੂਰਜ ਦੀ ਉਸਤਤ ਲਈ ਇਕ ਪਦ ਹੈ (੧-੩)। ਰਾਜ ਸ਼ੇਖਰ ਰਾਹੀਂ ਕੀਤਾ ਗਿਆ ਉਲੇਖ ਦਸਦਾ ਹੈ ਕਿ ਨਾਟਕਕਾਰ ਦੇ ਰੂਪ ਵਿਚ ਭਵਭੂਤੀ ਦੀ ਕੀਰਤੀ ਕਾਲਪ੍ਰਿਆ (ਕਾਲਪੀ) ਤੋਂ ਕੱਨੌਜ ਪਹੁੰਚੀ, ਜਿਸ ਕਾਰਣ ਉਨ੍ਹਾਂ ਨੂੰ ਕੱਨੌਜ ਦੇ ਰਾਜਾ ਯਸ਼ੋਵਰਮਾ ਦੀ ਪ੍ਰਤਿਪਾਲਨਾ ਪ੍ਰਾਪਤ ਹੋਈ। ਉਜੈਨੀ ਦੇ ਮਹਾਕਾਲ ਦੇ ਰੂਪ ਵਿਚ ਜਾਂ ਭਵਭੂਤੀ ਦੇ ਇਕ ਨਾਟਕ ਵਿਚ ਆਏ ਮਧੁਮਤੀ ਤੇ ਪਾਰਾ ਨਦੀਆਂ ਦੇ ਸੰਗਮ ਉੱਤੇ ਸਥਿਤ ਸੁਵਰਣਬਿੰਦੂ ਸ਼ਿਵਲਿੰਗ ਦੇ ਰੂਪ ਵਿਚ ਸ਼ਿਵ ਜੀ ਨੂੰ ਹੀ ਕਾਲਪ੍ਰਿਆਨਾਥ ਮੰਨਣ ਦੀ ਥਾਂ ਸੂਰਜ ਨੂੰ ਕਾਲਪ੍ਰਿਆਨਾਥ ਮੰਨਣ ਦਾ ਕਾਰਣ ਬਹੁਤ ਪ੍ਰਬਲ ਹੈ।[9]

9. ਦੇਖੋ : ਮਿਰਾਸ਼ੀ : 'ਸੰਸ਼ੋਧਨ ਮੁਕਤਾਵਲੀ', ਪ੍ਰਥਮ ਆਵਲੀ (ਪੰ. ੯੫-੧੦੩)—ਤੀਸਰੀ ਆਵਲੀ (ਪੰ. ੩੫-੪੦);
ਕਰਮਰਕਰ : 'ਭਵਭੂਤੀ' (ਪੰ. ੬-੭)
ਭਟ : 'ਉੱਤਰਰਾਮਚਰਿਤ' ਪ੍ਰਸਤਾਵਨਾ, ਪੰ. ੧੩-੧੭।

ਦੂਜਾ ਅਧਿਆਇ

# ਭਵਭੂਤੀ ਦੇ ਗ੍ਰੰਥ ਤੇ ਸਾਹਿਤਕ ਸੰਪਰਕ

ਹੋ ਸਕਦਾ ਹੈ ਭਵਭੂਤੀ ਨੇ ਕਈ ਗ੍ਰੰਥਾਂ ਦੀ ਰਚਨਾ ਕੀਤੀ ਹੋਵੇ, ਜਿਹੜੇ ਅੱਜ ਉਪਲਬਧ ਨਹੀਂ ਹਨ। ਸੰਸਕ੍ਰਿਤ ਦੇ ਸੰਕਲਨਾਂ ਵਿਚ ਭਵਭੂਤੀ ਦੇ ਨਾਂ ਨਾਲ ਕਈ ਅਜਿਹੇ ਪਦ ਉਧ੍ਰਿਤ ਹਨ, ਜਿਹੜੇ ਉਨ੍ਹਾਂ ਦੇ ਤਿੰਨਾਂ ਨਾਟਕਾਂ ਵਿਚ ਨਹੀਂ ਮਿਲਦੇ। ਵਾਕਪਤਿਰਾਜ ਆਪਣੇ 'ਗੌਡਵਹੋ' (ਪਦ ੭੯੯) ਵਿਚ ਭਵਭੂਤੀ ਦੀਆਂ ਕਥਾ ਪ੍ਰੇਰਕ ਸਮੁੰਦਰ ਦੀ ਉਪਮਾ ਵਾਲੀਆਂ ਰਚਨਾਵਾਂ ਦਾ ਉਲੇਖ ਕਰਦੇ ਹਨ। ਚਿਤਮੁਖੀ ਵਿਚ, ਜਿਸ ਦਾ ਉਲੇਖ ਪਹਿਲੇ ਅਧਿਆਇ ਵਿਚ ਆਇਆ ਹੈ, ਕਿਹਾ ਗਿਆ ਹੈ ਕਿ ਪਹਿਲਾਂ ਤੋਂ ਹੀ ਮੰਨੇ-ਪ੍ਰਮੰਨੇ ਲੇਖਕ ਭਵਭੂਤੀ ਕੇਵਲ ਨਾਟਕ, ਨਾਟਿਕਾ ਆਦਿ ਲਿਖਣ ਕਾਰਣ ਹੀ ਆਦਰਹੀਣ ਨਹੀਂ ਹੋ ਜਾਂਦੇ।[1] ਇਹ ਗੱਲ ਉਦੋਂ ਤਕ ਢੁੱਕਵੀਂ ਨਹੀਂ ਲਗਦੀ, ਜਦੋਂ ਤਕ ਅਸੀਂ ਇਹ ਕਲਪਨਾ ਨਾ ਕਰ ਲਈਏ ਕਿ ਭਵਭੂਤੀ ਨੇ ਪ੍ਰਮਾਣਿਕ ਸ਼ਾਸਤ੍ਰਾਰਥ ਤੋਂ ਅਤਿਰਿਕਤ ਨਾਟਿਕਾ ਆਦਿ ਹੋਰ ਸਾਹਿਤਕ-ਗ੍ਰੰਥ ਵੀ ਲਿਖੇ ਸਨ।[2] 'ਮਾਲਤੀਮਾਧਵ' ਵਿਚ ਭਵਭੂਤੀ ਵੇਦ, ਉਪਨਿਸ਼ਦ ਤੇ ਸਾਂਖਯ ਦਰਸ਼ਨ ਦੇ ਅਧਿਐਨ ਦਾ ਉਲੇਖ ਕਰਦੇ ਹਨ। 'ਮਹਾਵੀਰਚਰਿਤ' ਵਿਚ ਉਹ ਆਪਣੇ ਗੁਰੂ ਦਾ ਨਾਂ ਗਿਆਨਨਿਧੀ ਦਸਦੇ ਹਨ ਤੇ ਉਨ੍ਹਾਂ ਨੂੰ 'ਸ੍ਰੇਸ਼ਠ ਪਰਮਹੰਸ' ਕਹਿੰਦੇ ਹਨ। ਭਵਭੂਤੀ ਦਾ ਡੂੰਘਾ ਦਾਰਸ਼ਨਿਕ ਅਧਿਐਨ ਸਪਸ਼ਟ ਹੈ। ਇਸ ਲਈ ਇਹ ਅਸ਼ਚਰਜ ਦੀ ਗੱਲ ਨਹੀਂ ਕਿ ਉਨ੍ਹਾਂ ਨੇ ਸ਼ਾਸਤ੍ਰੀਯ-ਗ੍ਰੰਥ ਵੀ ਲਿਖੇ ਹੋਣ। ਦੁਰਭਾਗ ਇਹ ਹੈ ਕਿ ਭਵਭੂਤੀ ਰਚਿਤ ਤਿੰਨ ਨਾਟਕ ਹੀ ਅੱਜ ਉਪਲਬਧ ਹਨ—'ਮਹਾਵੀਰਚਰਿਤ', 'ਮਾਲਤੀਮਾਧਵ' ਤੇ 'ਉਤਰਰਾਮਚਰਿਤ'।

---

1. 'न हि पुरा आप्त एव सन् नाटकनाटिकादिप्रबन्धविरचनमात्रेण अनाप्तो भवति भवभूतिः।'

   'ਤੱਤ੍ਵਪ੍ਰਦੀਪਿਕਾ' (ਨਿਰਣਯਸਾਗਰ ਸੰਸਕਰਣ, ਪੰ. ੨੬੫)।

2. ਦੇਖੋ 'ਕੁਨਹਨ ਰਾਜਾ' : 'ਸ਼ਲੋਕਵਾਰਤਿਕਵਿਆਖਿਆ' ਦੀ ਪ੍ਰਸਤਾਵਨਾ, ਪੰ. ੨੩-੨੪; ਤੇ 'ਸਰਵੇ ਆਫ਼ ਸੰਸਕ੍ਰਿਤ ਲਿਟ੍ਰੇਚਰ'।





ਤਿੰਨਾਂ ਨਾਟਕਾਂ ਦੀ ਰਚਨਾਂ ਦੇ ਕਾਲਕ੍ਰਮ ਦੇ ਵਿਸ਼ੇ ਵਿਚ ਸਾਰੇ ਵਿਦਵਾਨ ਇਕਮਤ ਨਹੀਂ ਹਨ। ਐਮ. ਆਰ. ਕਾਲੇ 'ਮਾਲਤੀਮਾਧਵ' ਨੂੰ ਕਵੀ ਦੀ ਪਹਿਲੀ ਤੇ ਯੁਵਾਵਸਥਾ ਦੀ ਰਚਨਾ ਮੰਨਦੇ ਹਨ। ਇਹ ਪ੍ਰੇਮ-ਕਥਾ ਉਤੇ ਆਧਾਰਿਤ ਨਾਟਕਾਂ ਦੀ ਸਥਾਪਿਤ ਪਰੰਪਰਾ ਦੇ ਅਨੁਰੂਪ ਹੈ। ਭਾਵੇਂ ਇਸ ਵਿਚ ਕੁਝ ਗੁਣ ਵੀ ਹਨ, ਪਰ ਇਸ ਦੇ ਦੋਸ਼ ਉਜਾਗਰ ਹਨ। ਇਸ ਦੇ ਵਿਪਰੀਤ ਰਾਮ-ਕਥਾ ਸਬੰਧੀ ਨਾਟਕਾਂ ਵਿਚ ਨਿਕਟਤਾ ਪ੍ਰਤੀਤ ਹੁੰਦੀ ਹੈ।[3] ਆਨੰਦਰਾਮ ਬਰੂਆ ਦਾ ਸਮਰਥਨ ਕਰਦੇ ਹੋਏ ਸ਼ਾਰਦਾਰੰਜਨ ਰਾਯ ਬਿਲਕੁਲ ਵਿਪਰੀਤ ਮਤ ਵਿਅਕਤ ਕਰਦੇ ਹਨ ਕਿ 'ਮਾਲਤੀ-ਮਾਧਵ' ਸ਼ੈਲੀ ਦੀ ਦ੍ਰਿਸ਼ਟੀ ਤੋਂ ਬਹੁਤ ਸ਼ੁੱਧ ਤੇ ਆਕਰਸ਼ਕ ਹੈ, ਇਸ ਲਈ ਇਹ ਭਵਭੂਤੀ ਦੀ ਅੰਤਿਮ ਰਚਨਾ ਹੈ। ਭਾਵੇਂ 'ਮਹਾਵੀਰਚਰਿਤ' ਖੋਿਆ ਪਿਛੋਂ ਗਿਆ, ਪਰ ਇਸ ਦੀ ਰਚਨਾ 'ਉੱਤਰਰਾਮਚਰਿਤ' ਤੋਂ ਪਹਿਲਾਂ ਹੋਈ। ਰਾਯ ਦਾ ਵਿਚਾਰ ਹੈ ਕਿ ਰਾਮ-ਕਥਾ ਸਬੰਧੀ ਨਾਟਕਾਂ ਵਿਚ ਕਵੀ ਦੀ ਕਲਾ ਦੀ ਪਰਿਪੱਕਤਾ ਤੇ ਭਾਸ਼ਾ ਉਤੇ ਉਸ ਦੇ ਅਧਿਕਾਰ ਸਬੰਧੀ ਜੋ ਸੰਕੇਤ ਹਨ, ਉਹ ਇਸ ਨੂੰ ਵਾਲਮੀਕਿ ਦੀ ਕਲਾ ਨਾਲ ਜੋੜਦੇ ਹਨ।[4]

ਸਾਹਿਤਕ ਸਮੀਖਿਆ ਅਕਸਰ ਮਨੋਪਰਕ ਹੋ ਜਾਂਦੀ ਹੈ। ਤਰਕਾਂ ਦਾ ਪ੍ਰਯੋਗ ਪਰਸਪਰ ਵਿਰੋਧੀ ਸਿੱਟਿਆਂ ਲਈ ਵੀ ਕੀਤਾ ਜਾ ਸਕਦਾ ਹੈ। ਮੂਲ ਰਚਨਾ ਵਿਚ ਆਏ ਸੰਦਰਭਾਂ ਦੀ ਵਿਆਖਿਆ ਵੱਖ-ਵੱਖ ਢੰਗਾਂ ਨਾਲ ਹੋ ਸਕਦੀ ਹੈ। ਇਸ ਤਰ੍ਹਾਂ 'ਉੱਤਰਰਾਮਚਰਿਤ' ਦੇ ਪਹਿਲੇ ਦ੍ਰਿਸ਼ ਵਿਚ ਆਉਣ ਵਾਲੀ ਪ੍ਰਸਤਾਵਨਾ, ਜਿਸ ਨੂੰ ਰਾਯ ਮੁਢਲੇ ਲੇਖਨ ਦਾ ਚਿੰਨ੍ਹ ਮੰਨਦੇ ਹਨ, ਕਵੀ ਦੀ ਕੇਵਲ ਵਿਸ਼ੇਸ਼ਤਾ ਹੀ ਹੋ ਸਕਦੀ ਹੈ। ਕੁਝ ਇਸੇ ਪ੍ਰਕਾਰ ਦੀ ਪ੍ਰਸਤਾਵਨਾ 'ਮਾਲਤੀਮਾਧਵ' ਵਿਚ ਵੀ ਹੈ। ਇਹ ਆਵਸ਼ਕ ਨਹੀਂ ਕਿ ਰਾਮ-ਕਥਾ ਸਬੰਧੀ ਨਾਟਕ ਲੜੀਵਾਰ ਹੀ ਲਿਖੇ ਗਏ ਹੋਣ, ਭਾਵੇਂ ਉਨ੍ਹਾਂ ਵਿਚ ਉਸੇ ਨਾਇਕ ਦੇ ਮੁਢਲੇ ਤੇ ਪਿਛਲੇ ਜੀਵਨ ਦਾ ਵਰਣਨ ਹੈ। ਤਿੰਨਾਂ ਨਾਟਕਾਂ ਦੀ ਪ੍ਰਸਤਾਵਨਾਂ ਵਿਚ ਕਵੀ ਦੀ ਮਨੋਦਸ਼ਾ ਇਹ ਦਰਸਾਉਂਦੀ ਹੈ ਕਿ 'ਮਹਾਵੀਰਚਰਿਤ' ਦੀ ਆਲੋਚਨਾ ਨੇ ਕਵੀ ਦਾ ਮਨ ਖੱਟਾ ਕਰ ਦਿੱਤਾ ਸੀ ਤੇ ਉਨ੍ਹਾਂ ਨੇ 'ਮਾਲਤੀਮਾਧਵ' ਵਿਚ ਆਲੋਚਕਾਂ ਨੂੰ ਮਿਹਣੇ ਦਿਤੇ ਹਨ। 'ਉੱਤਰ-ਰਾਮਚਰਿਤ' ਵਿਚ ਕਵੀ ਦੇ ਸ਼ਬਦਾਂ ਵਿਚ ਭਾਵੇਂ ਕੁੜੱਤਣ ਨਾ ਪ੍ਰਤੀਤ ਹੁੰਦੀ ਹੋਵੇ, ਪਰ ਲੋਕ ਪ੍ਰਸ਼ੰਸਾ ਦੇ ਚੰਚਲ ਸੁਭਾਵ ਦਾ ਪ੍ਰੌਢ ਗਿਆਨ ਜ਼ਰੂਰ ਝਲਕਦਾ ਹੈ।[5]

ਸਾਹਿਤਕ ਦ੍ਰਿਸ਼ਟੀ ਤੋਂ ਹੋਰ ਹੀ ਸਿੱਟੇ ਨਿਕਲਦੇ ਹਨ—

1. 'ਮਹਾਵੀਰਚਰਿਤ' ਤੇ 'ਮਾਲਤੀਮਾਧਵ' ਵਿਚ ਕਵੀ ਆਪਣੀ ਜੀਵਨੀ ਵਿਸਤਾਰਪੂਰਵਕ ਲਿਖਦਾ ਹੈ; 'ਉਤਰਰਾਮਚਰਿਤ' ਵਿਚ ਸੰਖਿਪਤ।
2. ਮਹਾਵੀਰਚਰਿਤ' ਤੇ 'ਮਾਲਤੀਮਾਧਵ' ਵਿਚ ਕਥਾ ਵਸਤੂ ਜਟਿਲ ਤੇ ਪ੍ਰਧਾਨ ਪਾਤਰਾਂ ਦੀ ਸੰਖਿਆ ਵਧੇਰੇ ਹੈ; 'ਉਤਰਰਾਮਚਰਿਤ' ਕੇਵਲ ਨਾਇਕ

---

3. ਦੇਖੋ ਕਾਲੇ : 'ਉਤਰਰਾਮਚਰਿਤ', (ਸੰ.) ਪ੍ਰਸਤਾਵਨਾ।
4. ਦੇਖੋ : ਰਾਯ : 'ਉਤਰਰਾਮਚਰਿਤ', (ਸੰ.) ਪ੍ਰਸਤਾਵਨਾ, ਪੰ. ੧੧-੧੮।
5. ਵਿਵਾਦ ਦੇ ਵਿਸਤਾਰ ਲਈ ਦੇਖੋ : ਭਟ : 'ਉਤਰਰਾਮਚਰਿਤ', ਪ੍ਰਸਤਾਵਨਾ, ਪੰ. ੧੭-੨੪

ਤੇ ਨਾਇਕਾ ਉਤੇ ਕੇਂਦ੍ਰਿਤ ਹੈ, ਜਿਸ ਕਾਰਣ ਪਾਤਰ-ਚਿਤ੍ਰਣ ਨਿਸਚੇ ਹੀ ਪਰਿਪੱਕ ਹੈ।

3. ਜਿਥੇ ਕਿ 'ਉੱਤਰਰਾਮਚਰਿਤ' ਵਿਚ ਪ੍ਰੌਢ ਦੰਪਤੀ ਦੇ ਪਰਿਪੱਕ ਪ੍ਰੇਮ ਦਾ ਸਰਵੋਤਮ ਚਿਤ੍ਰਣ ਹੈ, ਉਥੇ 'ਮਾਲਤੀਮਾਧਵ' ਵਿਚ ਯੁਵਾ ਅਵਸਥਾ ਦਾ ਪ੍ਰੇਮ ਚਿਤ੍ਰਿਤ ਹੈ।
4. ਜਿਵੇਂ-ਜਿਵੇਂ ਅਸੀਂ 'ਮਹਾਵੀਰਚਰਿਤ' ਤੋਂ 'ਮਾਲਤੀਮਾਧਵ' ਤੇ, ਫਿਰ 'ਉੱਤਰਰਾਮਚਰਿਤ' ਤਕ ਪਹੁੰਚਦੇ ਹਾਂ, ਤਿਵੇਂ-ਤਿਵੇਂ ਨਾ ਕੇਵਲ ਪ੍ਰੇਮ ਦਾ ਵੇਗ ਸਗੋਂ ਭਾਵਨਾਤਮਕ ਡੂੰਘਾਈ ਤੇ ਕਥਾ-ਵਸਤੂ ਯੋਜਨਾ ਦੀ ਚੰਗੇਰੀ ਜਾਚ ਵਧੇਰੇ ਦਿੱਸਦੀ ਹੈ ਤੇ ਇਹੀ ਨਾਟਕਾਂ ਦਾ ਤਰਕਪੂਰਣ ਕਾਲਕ੍ਰਮ ਪ੍ਰਤੀਤ ਹੁੰਦਾ ਹੈ।[6]

'ਭੋਜਪ੍ਰਬੰਧ' ਵਿਚ ਲਿਖੀਆਂ ਸਾਹਿਤਕ ਕਥਾਵਾਂ ਭਵਭੂਤੀ ਨੂੰ ਕਾਲੀਦਾਸ, ਦੰਡੀ, ਵਰਰੁਚੀ ਤੇ ਰਾਜਾ ਭੋਜ ਦੀ ਰਾਜ ਸਭਾ ਨਾਲ ਜੋੜਦੀਆਂ ਹਨ। ਇਨ੍ਹਾਂ ਕਥਾਵਾਂ ਦਾ ਕੋਈ ਇਤਿਹਾਸਕ ਮੱਹਤਵ ਨਹੀਂ ਹੈ। ਉਹ ਇਨ੍ਹਾਂ ਕਵੀਆਂ ਦੀ ਪਰੰਪਰਾਗਤ ਪ੍ਰਸ਼ੰਸਾ ਨੂੰ ਹੀ ਪ੍ਰਤਿਬਿੰਬਿਤ ਕਰਦੀਆਂ ਹਨ ਤੇ ਕਦੀ-ਕਦੀ ਕਵੀ ਦੀ ਕਿਸੇ ਵਿਸ਼ੇਸ਼ ਯੋਗਤਾ ਦਾ ਉਲੇਖ ਕਰਦੀਆਂ ਹਨ। ਕੇਵਲ ਇਕ ਹੀ ਸਾਹਿਤਕ ਸੰਪਰਕ ਪੱਕਾ ਜਾਪਦਾ ਹੈ ਉਹ ਹੈ ਭਵਭੂਤੀ ਤੇ ਪ੍ਰਾਕ੍ਰਿਤ ਕਵੀ ਵਾਕਪਤਿਰਾਜ ਵਿਚਕਾਰ; ਅਰਥਾਤ ਦੋਹਾਂ ਨੂੰ ਹੀ ਕੱਨੌਜ ਦੇ ਰਾਜਾ ਯਸ਼ੋਵਰਮਾ ਦੀ ਪ੍ਰਤਿਪਾਲਨਾ ਪ੍ਰਾਪਤ ਸੀ।[7]

---

6. ਦੇਖੋ : ਭਟ 'ਉਤਰਰਾਮਚਰਿਤ', ਪ੍ਰਸਤਾਵਨਾ, ਪੰ. ੨੪-੨੫ : ਤੇ ਕਰਮਰਕਰ, 'ਭਵਭੂਤੀ' ਪੰ. ੯੧-੯੫;
   ਟੋਡਰਮੱਲ : 'ਮਹਾਵੀਰਚਰਿਤ', ਪ੍ਰਸਤਾਵਨਾ ਪੰ. ੩੧ ਬੇਲਵਲਕਰ : 'ਦਿ ਲੇਟਰ ਹਿਸਟ੍ਰੀ ਆਫ ਰਾਮ' ਹਾਰਵਰਡ ਓਰਿਏਂਟਲ ਸੀਰੀਜ਼, ਜੰਦੀ 21, ਪ੍ਰਸਤਾਵਨਾ।
7. ਵਿਸਤਾਰ ਲਈ ਦੇਖੋ : ਭਟ : 'ਉੱਤਰਰਾਮਚਰਿਤ', ਪ੍ਰਸਤਾਵਨਾ, ਪੰ. ੨੬-੨੭।

ਤੀਜਾ ਅਧਿਆਇ

# ਭਵਭੂਤੀ ਦਾ ਜੀਵਨਕਾਲ ਤੇ ਯੁਗ

## (1)

ਭਵਭੂਤੀ ਦੇ ਸਾਹਿਤਕ ਜੀਵਨ ਦਾ ਸਮਾਂ ਰਾਜਾ ਯਸ਼ੋਵਰਮਾ ਤੇ ਪ੍ਰਾਕ੍ਰਿਤ ਕਵੀ ਵਾਕਪਤਿਰਾਜ ਨਾਲ ਉਨ੍ਹਾਂ ਦੇ ਸੰਪਰਕ ਕਾਰਣ ਯਥਾਸੰਭਵ ਨਿਸ਼ਚਿਤ ਕੀਤਾ ਜਾ ਸਕਦਾ ਹੈ।

1. (ਕ) ਕਲਹਣ ਨੇ ਆਪਣੀ 'ਰਾਜਤਰੰਗਿਣੀ' ਵਿਚ ਉਲੇਖ ਕੀਤਾ ਹੈ ਕਿ ਵਾਕਪਤਿਰਾਜ, ਭਵਭੂਤੀ ਤੇ ਹੋਰਨਾਂ ਕਵੀਆਂ ਨੂੰ ਯਸ਼ੋਵਰਮਾ ਦੀ ਪ੍ਰਤਿਪਾਲਨਾ ਪ੍ਰਾਪਤ ਸੀ; ਤੇ ਇਹ ਵੀ ਦਸਿਆ ਹੈ ਕਿ ਯਸ਼ੋਵਰਮਾ ਨੂੰ ਰਾਜਾ ਮੁਕਤਾਪੀੜ ਲਲਿਤਾਦਿਤਯ ਨੇ ਹਰਾਇਆ ਸੀ। ਕਲਹਣ ਲਲਿਤਾਦਿਤਯ ਦਾ ਸਮਾਂ ਸੰਨ ੬੯੩ ਤੇ ੭੩੦ ਈਸਵੀ ਦੇ ਵਿਚਕਾਰ ਦਸਦਾ ਹੈ, ਪਰ ਚੀਨ ਦੀ ਕਾਲਗਣਨਾ ਤੋਂ ਪਤਾ ਲਗਦਾ ਹੈ ਕਿ ਲਲਿਤਾਦਿਤਯ ਦੇ ਇਕ ਪੂਰਵ-ਗਾਮੀ ਚੰਦਰਾਪੀੜ ਨੇ ਚੀਨ ਦੇ ਰਾਜਾ ਕੋਲ ਇਕ ਰਾਜਦੂਤ ਭੇਜਿਆ ਸੀ ਤੇ ਸੰਨ ੭੩੬ ਈਸਵੀ ਵਿਚ ਉਸ ਤੋਂ ਇਕ ਮਾਨਪਦ ਪ੍ਰਾਪਤ ਕੀਤਾ ਸੀ। ਲਲਿਤਾਦਿਤਯ ਨੇ ਆਪ ਸੰਨ ੭੩੬ ਈਸਵੀ ਤੋਂ ਪਿਛੋਂ ਇਕ ਰਾਜਦੂਤ ਚੀਨ ਭੇਜਿਆ ਸੀ। ਇਸ ਅਭਿਲੇਖ ਅਨੁਸਾਰ ਕਲਹਣ ਦੀ ਕਾਲਗਣਨਾ ਵਿਚ ਲਗਭਗ ੩੧ ਸਾਲਾਂ ਦਾ ਸੁਧਾਰ ਕਰਨਾ ਜ਼ਰੂਰੀ ਹੋ ਜਾਂਦਾ ਹੈ। ਤਦਨੁਸਾਰ ਲਲਿਤਾਦਿਤਯ ਦਾ ਸਮਾਂ ਸੰਨ ੭੨੪ ਤੇ ੭੬੧ (ਜਾਂ ੭੩੧-੭੬੭) ਦੇ ਵਿਚਕਾਰ ਆ ਜਾਂਦਾ ਹੈ; ਇਸ ਤਰ੍ਹਾਂ ਲਲਿਤਾਦਿਤਯ ਨੇ ਯਸ਼ੋਵਰਮਾ ਨੂੰ ਲਗਭਗ ਸੰਨ ੭੩੩ ਈਸਵੀ ਵਿਚ ਹਰਾਇਆ ਹੋਵੇਗਾ।
   (ਖ) ਚੀਨ ਦੀ ਕਾਲਗਣਨਾ ਤੋਂ ਇਹ ਵੀ ਪਤਾ ਲਗਦਾ ਹੈ ਕਿ ਮੱਧ ਭਾਰਤ ਦੇ ਇਕ ਰਾਜਾ ਈ-ਚਾ-ਫੇਨ-ਮੋ ਨੇ ਸੰਨ ੭੩੧ ਈਸਵੀ ਵਿਚ ਇਕ ਰਾਜਦੂਤ ਨੂੰ ਚੀਨ ਭੇਜਿਆ ਸੀ। ਮਿਰਾਸ਼ੀ ਅਨੁਸਾਰ ਇਹ ਰਾਜਾ ਯਸ਼ੋਵਰਮਾ ਹੀ ਹੈ। ਤਦਨੁਸਾਰ ਯਸ਼ੋਵਰਮਾ, ਜਿਵੇਂ ਕਿ ਅਸੀਂ ਉਪਰ ਵੇਖ ਚੁਕੇ ਹਾਂ,

ਲਲਿਤਾਦਿਤਯ ਦਾ ਸਮਕਾਲੀ ਹੈ ਤੇ ਇਹ ਲਗਭਗ ਸੰਨ ੭੨੫ ਈਸਵੀ ਵਿਚ ਰਾਜਗੱਦੀ ਉਤੇ ਬੈਠਿਆ ਹੋਵੇਗਾ।

(ਗ) ਇਕ ਜੈਨ ਲੇਖਕ, ਰਾਜਸ਼ੇਖਰ ਸੂਰੀ (ਲਗਭਗ ਸੰਨ ੧੩੪੮ ਈਸਵੀ), ਦਾ ਕਥਨ ਹੈ ਕਿ ਯਸ਼ੋਵਰਮਾ ਦੇ ਪੁੱਤਰ ਅਮਰਜ ਨੇ ਸੰਨ ੭੫੦ ਈਸਵੀ ਵਿਚ ਜੈਨ ਮਤ ਧਾਰਣ ਕਰ ਲਿਆ ਸੀ। ਅਮਰਜ ਨੂੰ ਸੰਨ ੭੫੪ ਈਸਵੀ ਵਿਚ ਰਾਜਗੱਦੀ ਮਿਲੀ ਸੀ। ਇਸ ਲਈ ੭੫੦ ਈਸਵੀ ਤੇ ੭੫੪ ਈਸਵੀ ਦੇ ਵਿਚਕਾਰ ਯਸ਼ੋਵਰਮਾ ਦਾ ਸਵਰਗਵਾਸ ਹੋਇਆ ਹੋਵੇਗਾ, ਇਸ ਤਰ੍ਹਾਂ ਉਸ ਦਾ ਰਾਜਕਾਲ ੭੨੫ ਤੋਂ ੭੫੨ ਈਸਵੀ ਦੇ ਵਿਚਕਾਰ ਸਿੱਧ ਹੁੰਦਾ ਹੈ।

(ਘ) ਆਪਣੇ ਪ੍ਰਤਿਪਾਲਕ ਯਸ਼ੋਵਰਮਾ ਪ੍ਰਤੀ ਆਦਰ ਦਰਸਾਉਣ ਲਈ ਵਾਕਪਤਿਰਾਜ ਨੇ 'ਗੌਡਵਹੋ' ਦੀ ਰਚਨਾ ਕੀਤੀ ਸੀ। ਇਸ ਪ੍ਰਾਕ੍ਰਿਤ ਮਹਾਕਾਵਿ ਵਿਚ ਗੌਡਰਾਜਾ ਉਤੇ ਯਸ਼ੋਵਰਮਾ ਦੀ ਜਿੱਤ ਦਾ ਵਰਣਨ ਹੈ। ਇਸ ਵਿਚ ਇਕ ਸੂਰਜ ਗ੍ਰਹਿਣ ਦਾ ਉਲੇਖ ਕੀਤਾ ਗਿਆ ਹੈ, ('ਗੌਡਵਹੋ' ਪਦ ੭੨੯) ਜੈਕੋਬੀ ਦੀ ਜੋਤਸ਼ ਗਣਨਾ ਅਨੁਸਾਰ ਇਹ ਗ੍ਰਹਿਣ ੧੪ ਅਗਸਤ, ੭੩੩ ਈਸਵੀ ਵਿਚ ਲੱਗਿਆ। ਇਸ ਲਈ ਇਹ ਅਨੁਮਾਨ ਕਰਨਾ ਤਰਕਸੰਗਤ ਹੈ ਕਿ ਇਹ ਕਾਵਿ ਸੰਨ ੭੩੫ ਈਸਵੀ ਵਿਚ ਪੂਰਾ ਹੋ ਗਿਆ ਹੋਵੇਗਾ।
ਇਸ ਪ੍ਰਮਾਣ ਤੋਂ ਭਵਭੂਤੀ ਦੇ ਸਾਹਿਤਕ ਜੀਵਨ ਦਾ ਸਮਾਂ ਸੱਤਵੀਂ ਸਦੀ ਦੇ ਉਤਰਾਰਧ ਤੇ ਅੱਠਵੀਂ ਸਦੀ ਦੇ ਪੂਰਵਾਰਧ ਵਿਚ ਨਿਸ਼ਚਿਤ ਹੁੰਦਾ ਹੈ। ਇਸ ਸੀਮਾ ਨੂੰ ੭੦੦-੭੩੦ ਈਸਵੀ ਦੇ ਵਿਚ ਵੀ ਸਕੋੜਿਆ ਜਾ ਸਕਦਾ ਹੈ ਕਿਉਂਕਿ ਵਾਕਪਤਿਰਾਜ ਭਵਭੂਤੀ ਦੀ ਕੇਵਲ ਪ੍ਰਸ਼ੰਸਾ ਹੀ ਨਹੀਂ ਕਰਦਾ ਸਗੋਂ ਆਪਣੀ ਕਾਵਿ-ਰਚਨਾ ਉਤੇ ਭਵਭੂਤੀ ਦੇ ਪ੍ਰਭਾਵ ਨੂੰ ਬੜੇ ਮਾਣ ਨਾਲ ਸਵੀਕਾਰ ਕਰਦਾ ਹੈ।

2. ਇਤਿਹਾਸਕ ਪ੍ਰਮਾਣਾਂ ਦੇ ਆਧਾਰ ਉਤੇ ਕੀਤੀ ਗਈ ਕਾਲਗਣਨਾ ਦਾ ਸਾਹਿਤਕ ਪ੍ਰਮਾਣ ਨਾਲ ਵੀ ਸਮਰਥਨ ਹੁੰਦਾ ਹੈ :—

(ਕ) ਭਵਭੂਤੀ ਦੀ ਰਚਨਾ ਉਤੇ ਕਾਲੀਦਾਸ ਦਾ ਪ੍ਰਭਾਵ ਸਪਸ਼ਟ ਹੈ। ਦੁਸ਼ਯੰਤ-ਸ਼ਕੁੰਤਲਾ ਤੇ ਪੁਰੂਰਵਾ-ਉਰਵਸ਼ੀ ਦੇ ਪ੍ਰੇਮ-ਵਿਆਹ ਦੇ ਸੰਕੇਤ; ਕੌਸ਼ਿਕੀ ਤੇ ਕਾਮੰਦਕੀ ਦੀ ਇਕੋ ਜਿਹੀ ਭੂਮਿਕਾ; ਮਾਧਵ ਦੇ ਕਥਨਾਂ ਵਿਚ 'ਮੇਘਦੂਤ' ਦਾ ਅਭਿਵਿਅੰਜਨਾਤਮਕ ਸੰਕੇਤ ਤੇ ਉਨ੍ਹਾਂ ਦੋ ਦ੍ਰਿਸ਼ਾਂ ਦੀ ਸਮਾਨਤਾ ਜਿਥੇ ਦੁਸ਼ਯੰਤ ਤੇ ਰਾਮ ਵਿਸ਼ੇਸ਼ ਪਛਾਣ ਚਿੰਨ੍ਹਾਂ ਰਾਹੀਂ ਆਪਣੇ ਪੁੱਤਰਾਂ ਨੂੰ ਪਛਾਣ ਲੈਂਦੇ ਹਨ—ਇਹ ਤੱਥ ਸਪਸ਼ਟ ਰੂਪ ਨਾਲ ਦਸਦੇ ਹਨ ਕਿ ਕਿਵੇਂ ਭਵਭੂਤੀ ਉਤੇ ਕਾਲੀਦਾਸ ਦੇ ਨਾਟਕਾਂ ਤੇ ਕਵਿਤਾਵਾਂ ਦਾ ਪ੍ਰਭਾਵ ਪਿਆ ਸੀ। ਸੁਭਾਵਕ ਹੀ ਹੈ ਕਿ ਉਹ ਕਾਲੀਦਾਸ ਤੋਂ ਪਿਛੋਂ ਹੋਏ ਹਨ।

(ਖ) ਬਾਣ (ਸੰਨ ੬੦੬-੬੪੭ ਈਸਵੀ) ਜਾਂ ਦੰਡੀ (ਅਵੰਤਿਸੁੰਦਰੀ-ਕਥਾ ਸੰਨ ੬੭੫-੭੦੦ ਈਸਵੀ) ਭਵਭੂਤੀ ਦਾ ਉਲੇਖ ਨਹੀਂ ਕਰਦੇ। ਤਦ ਵੀ ਇਹ ਤੱਥ ਮਹੱਤਵਪੂਰਣ ਹੈ, ਇਹ ਸਪਸ਼ਟ ਹੈ ਕਿ ਭਵਭੂਤੀ ਦੇ ਸਾਹਿਤਕ ਕਾਲ ਦੀ ਮੁਢਲੀ ਸੀਮਾ ਸੰਨ ੭੦੦ ਈਸਵੀ ਹੈ।



(ਗ) ਅਨੇਕ ਸਾਹਿਤਕ ਲੇਖਕ ਤੇ ਅਲੰਕਾਰ-ਸ਼ਾਸਤ੍ਰੀ ਭਵਭੂਤੀ ਦਾ ਉਲੇਖ ਕਰਦੇ ਹਨ ਤੇ ਉਦਾਹਰਣ ਦਿੰਦੇ ਹਨ—ਕਸ਼ੇਮੇਂਦ੍ਰ (ਗਿਆਰਵੀਂ ਸਦੀ ਈਸਵੀ) ਮੰਮਟ (ਗਿਆਰਵੀਂ ਸਦੀ ਈਸਵੀ), ਮਹਿਮਭੱਟ (ਗਿਆਰਵੀਂ ਸਦੀ ਦਾ ਮੁਢਲਾ ਭਾਗ), ਸੋਮਦੇਵ (ਦਸਵੀਂ ਸਦੀ ਈਸਵੀ), ਧਨੰਜਯ (ਗਿਆਰਵੀਂ ਸਦੀ ਈਸਵੀ), ਸੋੱਢਲ, 'ਉਦਯਨਸੁੰਦਰੀ-ਕਥਾ' ਲੇਖਕ (੧੦੫੦ ਈਸਵੀ ਤੋਂ ਪਹਿਲਾਂ), ਕੁੰਤਕ (ਲਗਭਗ ੧੦੦੦ ਈਸਵੀ), ਅਭਿਨਵ ਗੁਪਤ (੯੮੦-੧੦੨੦ ਈਸਵੀ) ਤੇ ਨਾਟਕਕਾਰ ਰਾਜਸ਼ੇਖਰ ਜੋ ਆਪਣੇ ਆਪ ਨੂੰ ਭਵਭੂਤੀ ਦਾ ਅਵਤਾਰ ਮੰਨਦਾ ਹੈ (ਦਸਵੀਂ ਸਦੀ ਈਸਵੀ ਦਾ ਮੁਢਲਾ ਭਾਗ)। ਗਿਆਰਵੀਂ ਸਦੀ ਈਸਵੀ ਤੋਂ ਬਾਦ ਦੇ ਸੰਕਲਨਾਂ ਵਿਚ ਭਵਭੂਤੀ ਦੇ ਉਦਾਹਰਣ ਮਿਲਦੇ ਹਨ। ਵਾਕਪਤਿਰਾਜ ਤੋਂ ਛੁੱਟ, ਵਾਮਨ (ਅੱਠਵੀਂ ਸਦੀ ਈਸਵੀ) ਹੀ ਉਹ ਸਭ ਤੋਂ ਪਹਿਲਾ ਅਲੰਕਾਰ-ਸ਼ਾਸਤ੍ਰੀ ਹੈ, ਜਿਸ ਨੇ ਭਵਭੂਤੀ ਦੇ ਦੋ ਪਦ ਉਦਾਹਰਣ ਵਜੋਂ ਦਿੱਤੇ ਹਨ।
ਇਸ ਲਈ ਭਵਭੂਤੀ ਦੀ ਸਾਹਿਤਕ ਗਤਿਵਿਧੀ ਨੂੰ ਸੰਨ ੭੦੦ ਤੇ ੭੩੦ ਈਸਵੀ ਦੇ ਵਿਚਕਾਰ ਸਹਿਜੇ ਹੀ ਰਖਿਆ ਜਾ ਸਕਦਾ ਹੈ।

## (2)

ਕਵੀ ਦੀ ਵਿਅਕਤਿਗਤ ਸੂਚਨਾ ਤੋਂ ਪਤਾ ਲਗਦਾ ਹੈ ਕਿ ਉਹ ਵਿਦਰਭ ਵਿਚ ਪਦਮਪੁਰ ਦਾ ਵਾਸੀ ਸੀ, ਆਪਣੇ ਸਾਹਿਤਕ ਜੀਵਨ ਲਈ ਪਦਮਾਵਤੀ ਪਹੁੰਚਿਆ ਤੇ ਅੰਤ ਵਿਚ ਕੱਨੌਜ ਦੇ ਰਾਜਾ ਯਸ਼ੋਵਰਮਾ ਦੀ ਛਤਰ-ਛਾਇਆ ਹੇਠ ਰਹਿਣ ਲਗਿਆ। ਇਉਂ ਜਾਪਦਾ ਹੈ ਕਿ ਭਵਭੂਤੀ ਦਾ ਆਪਣੇ ਜੀਵਨ ਵਿਚ ਵਿਦਰਭ ਤੇ ਉੱਤਰੀ ਭਾਰਤ ਨਾਲ ਸੰਬੰਧ ਰਿਹਾ।

ਇਸ ਸਮੇਂ (੭ਵੀਂ ਤੇ ੮ਵੀਂ ਸਦੀ ਈਸਵੀ), ਕਸ਼ਮੀਰ ਉਤੇ ਲਲਿਤਾਦਿਤਯ ਦਾ ਰਾਜ ਸੀ ਤੇ ਕੱਨੌਜ ਉਸ ਜਿਹੇ ਹੀ ਬਲਵਾਨ ਰਾਜਾ ਯਸ਼ੋਵਰਮਾ ਦੀ ਰਾਜਧਾਨੀ ਸੀ, ਜਿਸ ਨੇ ਲਗਭਗ ਸੰਨ ੭੨੫ ਈ: ਵਿਚ ਰਾਜਗੱਦੀ ਸੰਭਾਲੀ। ਕਸ਼ਮੀਰ ਦੇ ਪ੍ਰਾਚੀਨ ਇਤਿਹਾਸ ਲੇਖਕ ਕਲਹਣ ਆਪਣੀ 'ਰਾਜਤਰੰਗਿਣੀ' ਵਿਚ ਦਸਦੇ ਹਨ ਕਿ ਲਲਿਤਾਦਿਤਯ ਨੇ ਯਸ਼ੋਵਰਮਾ ਨੂੰ ਹਰਾਇਆ ਸੀ, (ਲਗਭਗ ੭੪੦ ਈ.) ਪਰ ਇਨ੍ਹਾਂ ਦੋਹਾਂ ਰਾਜਿਆਂ ਦੀ ਜੇਤੂਆਂ ਦੇ ਰੂਪ ਵਿਚ ਪ੍ਰਸ਼ੰਸਾ ਕੀਤੀ ਗਈ ਹੈ ਤੇ ਦੋਹਾਂ ਨੂੰ ਹੀ ਧਰਮ, ਸਾਹਿਤ ਤੇ ਕਲਾ ਦਾ ਸੰਰਖਿਅਕ ਕਿਹਾ ਗਿਆ ਹੈ। ਇਸ ਸਮੇਂ ਵਿਦਰਭ ਦੀ ਰਾਜਨੀਤਿਕ ਦਸ਼ਾ ਕੁਝ ਹੋਰ ਤਰ੍ਹਾਂ ਦੀ ਸੀ। ਵਿਦਰਭ ਰਾਸ਼ਟ੍ਰਕੂਟ ਵੰਸ਼ ਦੇ ਨੰਨਰਾਜ ਦੇ ਅਧੀਨ ਸੀ। ਇਸ ਵੰਸ਼ ਦੇ ਰਾਜਾ ਮਾਹਿਸ਼ਮਤੀ ਦੇ ਕਲਚੁਰੀ ਰਾਜਿਆਂ ਦੇ ਸਾਮੰਤ (ਕਰਦਾਤਾ ਰਾਜਾ) ਸਨ ਤੇ ਬਾਦ ਵਿਚ ਬਾਦਾਮੀ ਦੇ ਚਾਲੁਕਯਵੰਸ਼ੀ

ਪੁਲਕੇਸ਼ੀ ਦੂਸਰੇ ਦੇ ਸਾਮੰਤ ਬਣੇ, ਜਦੋਂ ਪੁਲਕੇਸ਼ੀ ਨੇ ਕਲਚੁਰੀਆਂ ਨੂੰ ਹਰਾਇਆ ਤੇ ਤਿੰਨੇ ਮਹਾਰਾਸ਼ਟ੍ਰ ਆਪਣੇ ਅਧੀਨ ਕਰ ਲਏ, ਅਰਥਾਤ, ਵਿਦਰਭ, ਉੱਤਰ ਮਹਾਰਾਸ਼ਟ੍ਰ ਤੇ ਕੁੰਤਲ ਭਾਵ ਦੱਖਣ ਮਹਾਰਾਸ਼ਟ੍ਰ। ਇਸ ਤਰ੍ਹਾਂ ਵਾਕਾਟਕਾਂ ਤੋਂ ਪਿਛੋਂ ਵਿਦਰਭ ਉਤੇ ਰਾਜ ਕਰਨ ਵਾਲੇ ਰਾਸ਼ਟ੍ਰਕੂਟ ਕੇਵਲ ਸਾਮੰਤ ਸਨ। ਪਦਮਾਵਤੀ (ਗਵਾਲਿਅਰ ਦੇ ਉੱਤਰ-ਪੱਛਮ ਵਿਚ ਸਥਿਤ ਪਦਮਪਵਾਯਾ) ਤੀਸਰੀ ਜਾਂ ਚੌਥੀ ਸਦੀ ਤੋਂ ਬਾਦ ਭਾਰਸ਼ਿਵ ਵੰਸ਼ ਦੇ ਨਾਗ ਰਾਜਾਵਾਂ ਦੇ ਅਧੀਨ ਸੀ। ਪਦਮਾਵਤੀ ਦਾ ਉੱਤਰਕਾਲੀ ਇਤਿਹਾਸ ਗਿਆਤ ਨਹੀਂ ਹੈ। ਪਰ 'ਮਾਲਤੀਮਾਧਵ' ਵਿਚਲਾ ਭਵਭੂਤੀ ਦਾ ਵਰਣਨ ਇਹ ਸੰਕੇਤ ਕਰਦਾ ਹੈ ਕਿ ਅੱਠਵੀਂ ਸਦੀ ਤਕ ਇਹ ਨਗਰੀ ਚੜ੍ਹਦੀਆਂ ਕਲਾਂ ਵਿਚ ਰਹੀ ਹੋਵੇਗੀ। ਇਸ ਸਮੇਂ ਵਿਦਰਭ ਵਿਚ ਕਿਸੇ ਸੁਤੰਤਰ ਰਾਜ ਪ੍ਰਭੁਤਾ ਦੀ ਅਣਹੋਂਦ ਦੱਸਦੀ ਹੈ ਕਿ ਕਿਉਂ ਭਵਭੂਤੀ ਨੂੰ ਆਪਣੀ ਜਨਮ ਭੂਮੀ ਛੱਡ ਕੇ ਪਦਮਾਵਤੀ ਵਿਚ ਕਿਸਮਤ ਅਜ਼ਮਾਉਣੀ ਪਈ ਤੇ ਹਾਰ ਕੇ ਕੰਨੌਜ ਵਿਚ ਰਾਜਕੀ ਪ੍ਰਤਿਪਾਲਨਾ ਪ੍ਰਾਪਤ ਕਰਨ ਲਈ ਉੱਤਰ ਵੱਲ ਮੂੰਹ ਕਰਨਾ ਪਿਆ।

ਵਿਦਰਭ ਵਿਚ ਮਿਲੇ ਤਾਮਰ-ਪੱਤਰਾਂ ਉਤੇ ਉੱਕਰੇ ਅਨੁਦਾਨ ਇਹ ਸੰਕੇਤ ਕਰਦੇ ਹਨ ਕਿ ਸੱਤਵੀਂ ਸਦੀ ਈ. ਵਿਚ ਵਿਦਰਭ ਉਤੇ ਰਾਜ ਕਰਨ ਵਾਲੇ ਨੰਨਰਾਜ ਦਾ ਝੁਕਾਉ ਬ੍ਰਾਹਮਣ ਧਰਮ ਵਲ ਸੀ। ਪਰ ਯਸ਼ੋਵਰਮਾ ਦੇ ਰਾਜ ਸਮੇਂ ਉੱਤਰ ਭਾਰਤ ਵਿਚ ਬੋਧ ਤੇ ਜੈਨ ਧਰਮਾਂ ਦੇ ਨਾਲ-ਨਾਲ ਕਈ ਹੋਰ ਧਾਰਮਿਕ ਪੰਥਾਂ ਦਾ ਪ੍ਰਚਾਰ-ਪ੍ਰਸਾਰ ਹੋਇਆ। ਵਾਕਪਤਿਰਾਜ ਆਪਣੇ 'ਗੌੜਵਹੋ' ਵਿਚ ਹਿੰਦੂ ਦੇਵਤਿਆਂ ਦਾ ਵਰਣਨ ਕਰਦੇ ਹਨ। ਸੈਨਿਕ ਅਭਿਆਨ ਸਮੇਂ ਯਸ਼ੋਵਰਮਾ ਦਾ ਦੇਵੀ ਦੇ ਦਰਸ਼ਨ ਕਰਨ ਦਾ ਵਿਸਤਾਰਪੂਰਵਕ ਵਰਣਨ ਕੀਤਾ ਗਿਆ ਹੈ। ਉਥੇ ਮਨੁੱਖੀ ਖੋਪੜੀਆਂ ਚੜ੍ਹਾ ਕੇ ਦੇਵੀ ਦੀ ਪੂਜਾ ਕਰਨ ਦਾ, ਪਿਸ਼ਾਚਾਂ ਰਾਹੀਂ ਲਹੂ ਪੀਤੇ ਜਾਣ ਦਾ ਤੇ ਇੱਥ ਪੂਜਾ ਲਈ ਚੜ੍ਹਾਵੇ ਵਜੋਂ ਨਰਮਾਸ ਵੇਚੇ ਜਾਣ ਦਾ ਵੀ ਉਲੇਖ ਹੈ। ਇਹ ਸਾਰੇ ਵਿਵਰਣ ਕਾਪਾਲਿਕ ਸੰਪ੍ਰਦਾਇ ਨਾਲ ਸੰਬੰਧ ਰਖਦੇ ਹਨ। 'ਮਾਲਤੀ ਮਾਧਵ' ਵਿਚਲਾ ਕਾਪਾਲਿਕ ਪੂਜਾ ਦਾ ਦ੍ਰਿਸ਼ ਵੀ ਇਸ ਸਮੇਂ ਵਿਚ ਇਸ ਸੰਪ੍ਰਦਾਇ ਦੀ ਹੋਂਦ ਨੂੰ ਦਰਸਾਉਂਦਾ ਹੈ। ਉਸ ਸਮੇਂ ਬੋਧ ਤੇ ਜੈਨ ਧਰਮਾਂ ਦੇ ਵੀ ਅਨੇਕ ਪ੍ਰਤਿਪਾਲਕ ਤੇ ਅਨੁਯਾਈ ਸਨ। ਇਹ ਵਿਦਿਤ ਹੈ ਕਿ ਯਸ਼ੋਵਰਮਾ ਦੇ ਇਕ ਮੰਤ੍ਰੀ ਦੇ ਪੁੱਤਰ ਨੇ ਨਾਲੰਦਾ ਵਿਦਿਆਪੀਠ ਦੇ ਮੰਦਰਾਂ ਤੇ ਭਿਕਸ਼ੂਆਂ ਨੂੰ ਅਨੁਦਾਨ ਦਿਤਾ ਸੀ; ਯਸ਼ੋਵਰਮਾ ਦੇ ਪੁੱਤਰ ਤੇ ਉੱਤਰਾਧਿਕਾਰੀ ਅਮਰਜ ਨੇ ਜੈਨ ਧਰਮ ਧਾਰਣ ਕਰ ਲਿਆ ਸੀ; ਤੇ ਪਦਮਾਵਤੀ ਵਿਚ ਬੋਧ ਸਤੂਪਾਂ ਦੇ ਅਵਸ਼ੇਸ਼ ਵੀ ਮਿਲੇ ਹਨ। ਕਸ਼ਮੀਰ ਵਿਚ ਵੀ ਹਿੰਦੂ ਤੇ ਬੋਧ ਧਰਮ ਨਾਲ-ਨਾਲ ਵਧ-ਫੁਲ ਰਹੇ ਸਨ। ਕਸ਼ਮੀਰ ਦੇ ਰਾਜੇ ਹਿੰਦੂ ਸਨ ਤੇ ਇਹ ਵਿਦਿਤ ਹੈ ਕਿ ਲਲਿਤਾਦਿਤਯ ਨੇ ਕਈ ਹਿੰਦੂ ਮੰਦਰਾਂ ਦੀ ਉਸਾਰੀ ਲਈ ਸਹਾਇਤਾ ਦਿਤੀ ਸੀ, ਇਨ੍ਹਾਂ ਵਿਚੋਂ ਇਕ, ਸ੍ਰੀਨਗਰ ਦੇ ਨੇੜੇ ਪਹਾੜੀ ਉਤੇ ਸਥਿਤ ਸੂਰਜ ਦਾ ਮਾਰਤੰਡ-ਮੰਦਰ ਸੀ; ਜਿਸ ਦੇ ਅਵਸ਼ੇਸ਼ ਅੱਜ ਵੀ ਦਿੱਸਦੇ ਹਨ। ਲਲਿਤਾਦਿਤਯ ਇਕ ਉਦਾਰ ਰਾਜਾ ਸੀ ਤੇ ਉਸ ਨੇ ਦਾਨ, ਧਰਮ ਤੇ ਲੋਕਹਿਤ ਦੇ ਅਨੇਕ ਕੰਮ ਕੀਤੇ। ਭਵਭੂਤੀ ਦੇ ਨਾਟਕਾਂ ਵਿਚ ਦਿਸਦੇ ਵੱਖ-ਵੱਖ



ਧਰਮਾਂ ਵਿਚਕਾਰ ਸਹਿਨਸ਼ੀਲਤਾ ਤੇ ਉਦਾਰਤਾ ਦੇ ਵਾਤਾਵਰਣ ਦੁਆਰਾ ਤੇ ਬ੍ਰਾਹਮਣ ਧਰਮ ਦੀ ਸਮ੍ਰਿਧੀ ਰਾਹੀਂ, ਉਸ ਯੁਗ ਵਿਸ਼ੇਸ਼ ਵਿਚ ਉਥੋਂ ਦੀ ਵਾਸਤਵਿਕ ਸਥਿਤੀ ਪ੍ਰਤਿਬਿੰਬਿਤ ਹੁੰਦੀ ਹੈ।[1]

ਇਉਂ ਵੀ ਜਾਪਦਾ ਹੈ ਕਿ ਸਾਹਿਤ ਦੇ ਵਿਕਾਸ ਤੇ ਪ੍ਰਸਾਰ ਲਈ ਪਰਿਸਥਿਤਿਆਂ ਸਾਮਾਨ ਰੂਪ ਵਿਚ ਅਨੁਕੂਲ ਤੇ ਉਤਸਾਹਵਰਧਕ ਸਨ। ਯਸ਼ੋਵਰਮਾ ਆਪ ਕਾਵਿ ਤੇ ਨਾਟਕ-ਲੇਖਨ ਦਾ ਪ੍ਰਤਿਪਾਲਕ ਸੀ। ਉਸ ਦੇ ਕੁਝ ਲਘੂ ਪਦ ਸੰਸਕ੍ਰਿਤ ਸੰਕਲਨਾਂ ਵਿਚ ਮਿਲਦੇ ਹਨ। ਇਉਂ ਕਿਹਾ ਜਾਂਦਾ ਹੈ ਕਿ ਉਸ ਨੇ 'ਰਾਮਾਭਯੁਦਯ' ਨਾਂ ਦਾ ਇਕ ਨਾਟਕ ਵੀ ਲਿਖਿਆ ਸੀ, ਜੋ ਹੁਣ ਮਿਲਦਾ ਨਹੀਂ ਹੈ। ਉਸ ਦੇ ਰਾਜਕਵੀ ਵਾਕਪਤਿਰਾਜ ਨੇ ਆਪਣੇ ਪ੍ਰਤਿਪਾਲਕ ਦਾ ਜਸ ਗਾਉਣ ਲਈ ਇਕ ਉਸਤਤੀ-ਕਾਵਿ ਲਿਖਿਆ ਸੀ, ਜਿਸ ਕਾਰਣ ਉਸ ਨੂੰ ਰਾਜਕੀ ਆਦਰ ਤੇ ਕਵਿਰਾਜ ਦੀ ਪਦਵੀ ਮਿਲੀ। ਇਹ ਕਾਵਿ 'ਗੌੜਵਹੋ' ਦੋ ਗੱਲਾਂ ਕਾਰਣ ਉਲੇਖਨੀ ਹੈ...ਇਹ ਪ੍ਰਾਕ੍ਰਿਤ ਵਿਚ ਲਿਖਿਆ ਗਿਆ ਹੈ, ਅਲੰਕਾਰਾਂ ਦੀ ਸਜਾਵਟ ਤੇ ਭਾਸ਼ਾ ਦੇ ਸਹਿਜ ਪ੍ਰਵਾਹ ਤੋਂ ਛੁੱਟ ਇਹ ਪੇਂਡੂ-ਜੀਵਨ ਦੇ ਆਕਰਸ਼ਕ ਚਿਤਰ ਪੇਸ਼ ਕਰਦਾ ਹੈ। ਅਨੁਮਾਨ ਹੈ ਕਿ ਵਾਕਪਤਿਰਾਜ ਨੇ ਇਕ ਹੋਰ ਪ੍ਰਾਕ੍ਰਿਤ ਕਾਵਿ 'ਮਧੁਮਥਨਵਿਜੇ' ਲਿਖਿਆ ਸੀ ਤੇ ਕੁਝ ਫੁਟਕਲ ਸ਼ਲੋਕ ਵੀ, ਜੋ ਬਾਦ ਵਿਚ ਕਦਾਚਿਤ ਪ੍ਰਸਿੱਧ ਪ੍ਰਾਕ੍ਰਿਤ ਸੰਕਲਨ 'ਗਾਥਾ-ਸਪਤਸ਼ਤੀ' ਵਿਚ ਇਕੱਠੇ ਕਰ ਲੀਤੇ ਗਏ। ਇਸ ਕਾਲ ਵਿਚ ਹੋਰ ਸਾਹਿਤਕ ਰਚਨਾਵਾਂ ਵੀ ਹੋਈਆਂ ਹੋਣਗੀਆਂ ਭਾਵੇਂ ਉਹ ਹੁਣ ਉਪਲਬਧ ਨਹੀਂ ਹਨ।

ਇਹ ਠੀਕ ਹੈ ਕਿ ਕਨੌਜ ਦੇ ਰਾਜਾ ਯਸ਼ੋਵਰਮਾ ਦੀ ਪ੍ਰਤਿਪਾਲਨਾ ਭਵਭੂਤੀ ਨੇ ਆਪਣੀ ਪਿਛਲੀ ਉਮਰ ਵਿਚ ਪ੍ਰਾਪਤ ਕੀਤੀ ਸੀ; ਪਰ ਕਲਹਣ ਦਸਦਾ ਹੈ ਕਿ ਭਵਭੂਤੀ ਯਸ਼ੋਵਰਮਾ ਦੀ ਰਾਜ ਸਭਾ ਦਾ ਇਕ ਮੰਨਿਆ-ਪ੍ਰਮੰਨਿਆ ਕਵੀ ਸੀ ਤੇ ਵਾਕਪਤਿਰਾਜ ਨੇ ਆਪਣੇ ਇਸ ਪੂਜ ਸਹਿਯੋਗੀ ਦੀ ਜੋ ਪ੍ਰਸ਼ੰਸਾ ਕੀਤੀ ਹੈ ਉਹ ਭਵਭੂਤੀ ਦੇ ਕਾਵਿ-ਕੌਸ਼ਲ ਤੇ ਜਸ ਨੂੰ ਸਿੱਧ ਕਰਦੀ ਹੈ। ਪਰ ਰਾਜਕੀ ਆਦਰ ਪ੍ਰਾਪਤ ਕਰਨ ਤੋਂ ਪਹਿਲਾਂ ਵੀ ਭਵਭੂਤੀ ਦੇ ਨਾਟਕ ਕਾਲਪ੍ਰਿਆਨਾਥ ਦੇ ਮੇਲੇ ਵਿਚ ਕਲਾਕਾਰਾਂ ਦੁਆਰਾ ਖੇਡੇ ਜਾਂਦੇ ਸਨ, ਜਿਨ੍ਹਾਂ ਨਾਲ ਭਵਭੂਤੀ ਦੀ ਨਿਜੀ ਜਾਣ-ਪਛਾਣ ਹੁੰਦੀ ਸੀ। ਭਵਭੂਤੀ ਦੇ ਨਾਟਕਾਂ ਦੀਆਂ ਪ੍ਰਸਤਾਵਨਾਵਾਂ ਵਿਚ ਲਿਖਿਆ ਇਹ ਤੱਥ ਇਸ ਗੱਲ ਦਾ ਪ੍ਰਮਾਣ ਹੈ ਕਿ ਭਵਭੂਤੀ ਘੱਟੋ-ਘੱਟ ਦਰਸ਼ਕਾਂ ਵਿਚ ਲੋਕਪ੍ਰਿਅ ਸਨ।

ਤਾਂ ਫਿਰ ਕਿਸ ਕਾਰਣ 'ਮਾਲਤੀਮਾਧਵ' ਦੀ ਪ੍ਰਸਤਾਵਨਾ ਵਿਚ ਭਵਭੂਤੀ ਆਪਣੇ ਆਲੋਚਕਾਂ ਉਤੇ ਕਟਾਖ ਕਰਨ ਲਈ ਮਜਬੂਰ ਹੋਏ ਤੇ ਭਵਭੂਤੀ ਦੇ ਇਹ

---

1. ਰਾਜਨੀਤਿਕ ਇਤਿਹਾਸ ਦੇ ਵਿਸਤ੍ਰਿਤ ਵਿਵਰਣ ਲਈ ਦੇਖੋ :
ਡਾ. ਮਿਰਾਸ਼ੀ : 'ਵਾਕਾਟਕ ਰਾਜੇ ਤੇ ਉਨ੍ਹਾਂ ਦਾ ਸਮਾਂ' (ਮਰਾਠੀ ਵਿਚ);
'ਕਲਚੁਰੀ ਰਾਜੇ ਤੇ ਉਨ੍ਹਾਂ ਦਾ ਸਮਾਂ' (ਮਰਾਠੀ ਵਿਚ);
ਤੇ 'ਭਵਭੂਤੀ'।

ਨਿੰਦਕ ਕੌਣ ਸਨ ?[2] ਉਨ੍ਹਾਂ ਦੇ ਕਥਨ ਵਿਚ ਦਬੀ ਕੁੜੱਤਣ ਤੇ 'ਉੱਤਰਰਾਮਚਰਿਤ' ਦੀ ਪ੍ਰਸਤਾਵਨਾ ਵਿਚ ਲੋਕ ਨਿੰਦਾ ਦੇ ਸੰਬੰਧ ਵਿਚ ਕਹੇ ਗਏ ਸੂਤਰਧਾਰ ਦੇ ਸ਼ਬਦਾਂ ਵਿਚ ਸਿਆਣਪ ਭਰੇ ਸੰਕੋਚ ਦੀ ਭਾਵਨਾ ਛਿਪੀ ਹੋਈ ਹੈ।[3] ਕਿਉਂਕਿ ਇਸ ਸਮੇਂ ਦੀਆਂ ਸਾਧਾਰਣ ਪਰਿਸਥਿਤੀਆਂ ਸਾਹਿਤਕ ਸਿਰਜਨਾ ਦੇ ਵਿਪਰੀਤ ਨਹੀਂ ਜਾਪ-ਦੀਆਂ, ਇਸ ਲਈ ਭਵਭੂਤੀ ਦੇ ਉਦਗਾਰ ਕਿਸੇ ਵਿਅਕਤਿਗਤ ਅਨੁਭਵ ਤੋਂ ਨਿਕਲੇ ਹੋਣਗੇ, ਜਿਹੜਾ ਹੁਣ ਸਾਡੇ ਲਈ ਅਗਿਆਤ ਹੈ।

ਸਾਹਿਤਕ ਆਲੋਚਕ ਬਹੁਤ ਕਰਕੇ ਇਹ ਸਪਸ਼ਟੀਕਰਣ ਦਿੰਦੇ ਹਨ ਕਿ ਭਵਭੂਤੀ ਦਾ ਪਹਿਲਾ ਨਾਟਕ 'ਮਹਾਵੀਰਚਰਿਤ' ਰੰਗਮੰਚ ਉਤੇ ਅਸਫਲ ਰਿਹਾ। ਭਾਵੁਕ ਕਵੀ ਨੂੰ ਇਹ ਅਸਫਲਤਾ ਬਹੁਤ ਚੁਭੀ। ਪਰ ਉਸ ਨੂੰ ਆਪਣੇ ਗਿਆਨ ਤੇ ਕਾਵਿ-ਕੌਸ਼ਲ ਉਤੇ ਅਨੰਤ ਵਿਸ਼ਵਾਸ ਸੀ। ਸੋ ਉਸ ਨੇ ਆਪਣੇ ਦੂਸਰੇ ਰੂਪਕ ਦੀ ਪ੍ਰਸਤਾਵਨਾ ਵਿਚ ਪੂਰੀ ਤਿਆਰੀ ਨਾਲ ਆਪਣੇ ਆਲੋਚਕਾਂ ਨੂੰ ਉੱਤਰ ਦਿਤਾ। ਇਹ ਬਿਲਕੁਲ ਅਸੰਭਵ ਤਾਂ ਨਹੀਂ ਹੈ; ਫਿਰ ਵੀ; ਅਕਸਰ ਨਾਟਕ ਦੀ ਪ੍ਰਸਤਾਵਨਾ ਉਸੇ ਨਾਟਕ ਦੀ ਕਥਾ-ਵਸਤੂ ਨਾਲ ਸਬੰਧਿਤ ਹੁੰਦੀ ਹੈ ਤੇ 'ਮਾਲਤੀਮਾਧਵ' ਤੁਲਨਾਮਤਕ ਰੂਪ ਵਿਚ ਇਕ ਵਧੀਆ ਨਾਟਕ ਹੈ ਤੇ ਨਾਟਕਕਾਰ ਨੇ ਇਕ ਆਨੰਦ-ਦਾਇਕ ਨਾਟਕ ਦੀਆਂ ਸਾਹਿਤਕ ਆਵਸ਼ਕਤਾਵਾਂ ਨੂੰ ਧਿਆਨ ਵਿਚ ਰਖਕੇ ਹੀ ਕਲਮ ਚਲਾਈ ਹੈ। ਇਸ ਲਈ ਆਲੋਚਕਾਂ ਉਤੇ ਵਾਰ ਕਰਨ ਦਾ ਕੋਈ ਕਾਰਣ ਨਜ਼ਰ ਨਹੀਂ ਆਉਂਦਾ।

ਕੁਝ ਚਿਰ ਹੋਇਆ ਇਕ ਹੋਰ ਆਲੋਚਕ ਨੇ ਇਹ ਸੰਕੇਤ ਕੀਤਾ ਹੈ ਕਿ ਭਵਭੂਤੀ ਨੇ ਬਾਣਭੱਟ ਦੇ ਪੁੱਤਰ ਤੇ ਉਸ ਸਾਹਿਤਕ-ਮੰਡਲੀ ਨੂੰ ਉਪਰੋਕਤ ਤਾਨ੍ਹਾ ਮਾਰਿਆ ਹੈ, ਜਿਹੜੀ ਬਾਣਭੱਟ ਦੇ ਗਦ-ਕਾਵਿ ਤੇ ਉਨ੍ਹਾਂ ਦੀ ਅਲੰਕ੍ਰਿਤ ਸ਼ੈਲੀ ਦੀ ਪ੍ਰਸ਼ੰਸਕ ਸੀ ਤੇ ਕਿਸੇ ਵੀ ਨਕਲ ਨੂੰ ਬੁਰਾ ਸਮਝਦੀ ਸੀ। ਪ੍ਰੇਮ-ਕਥਾ ਦੇ ਨਿਭਾਉ ਤੇ ਰਚਨਾ-ਸ਼ੈਲੀ ਵਿਚ 'ਮਾਲਤੀਮਾਧਵ' ਬਾਣ ਦੀ 'ਕਾਦੰਬਰੀ' ਨਾਲ ਬਹੁਤ ਮਿਲਦਾ-ਜੁਲਦਾ ਹੈ। ਬਾਣਭੱਟ ਭਵਭੂਤੀ ਤੋਂ ਇਕ ਸਦੀ ਪਹਿਲਾਂ ਇਕ ਮਹਾਨ ਸਾਹਿਤਕਾਰ ਪ੍ਰਸਿੱਧ ਸਨ। ਰਾਜਾ ਹਰਸ਼ ਦੀ ਪ੍ਰਤਿਪਾਲਨਾ ਨੇ ਬਾਣ ਦੇ ਜਸ ਨੂੰ ਚਾਰ-ਚੰਨ ਲਾ ਦਿਤੇ ਸਨ। ਇਸ ਲਈ ਕੁਝ ਸਾਹਿਤਕਾਰਾਂ ਨੇ ਬਾਣ ਦੀ ਰੀਸ ਕੀਤੇ

2. 'ਮਾਲਤੀਮਾਧਵ' (੧.੬) ਪੂਰਾ ਪਦ ਇਸ ਤਰ੍ਹਾਂ ਹੈ...

ये नाम केचिदिह नः प्रथयन्त्यवज्ञां जानन्ति ते किमपि तान् प्रति नैष यत्नः ।
उत्पत्स्यतेऽस्ति मम कोऽपि समानधर्मा कालो ह्ययं निरवधिर्विपुला च पृथ्वी ॥

3. ਦੇਖੋ 'ਉਤਰਰਾਮਚਰਿਤ' (੧.੫) :

सर्वथा व्यवहर्तव्यं कुतो ह्यवचनीयता । यथा स्त्रीणां तथा वाचां साधुत्वे दुर्जनो जनः ॥



ਜਾਣ ਦਾ ਵਿਰੋਧ ਕੀਤਾ ਤੇ ਭਵਭੂਤੀ ਉਨ੍ਹਾਂ ਨੂੰ ਉੱਤਰ ਦੇ ਰਹੇ ਹਨ।[4]

ਬਾਣ ਤੇ ਭਵਭੂਤੀ ਦਾ ਸੰਬੰਧ ਦੂਰ ਦਾ ਹੈ ਕਿਉਂਕਿ ਦੋਹਾਂ ਵਿਚਕਾਰ ਇਕ ਸਦੀ ਦਾ ਅੰਤਰ ਹੈ। ਇਹ ਮੰਨ ਲੈਣਾ ਵਧੀਕੀ ਹੋਵੇਗੀ ਕਿ ਭਵਭੂਤੀ ਦੇ ਨਾਟਕ ਤੁਰੰਤ ਉਸ ਸਾਹਿਤਕ-ਮੰਡਲੀ ਤਕ ਪਹੁੰਚ ਗਏ ਹੋਣਗੇ ਜਿਹੜੀ ਬਾਣ ਦੇ ਗੁਣ ਗਾਉਂਦੀ ਥੱਕਦੀ ਨਹੀਂ ਸੀ। ਇਸ ਦੇ ਵਿਪਰੀਤ ਇਉਂ ਪ੍ਰਤੀਤ ਹੁੰਦਾ ਹੈ ਕਿ ਭਵਭੂਤੀ ਦੇ ਮੁਢਲੇ ਦਰਸ਼ਕ ਮੇਲਿਆਂ ਉਤੇ ਇਕੱਠੇ ਹੋਣ ਵਾਲੇ ਲੋਕ ਸਨ। ਜਦੋਂ ਉਨ੍ਹਾਂ ਨੂੰ ਰਸਿਕ ਤੇ ਪਾਰਖੂ ਦਰਸ਼ਕ ਤੇ ਸਮਾਨ-ਧਰਮੀ ਵਾਕਪਤਿਰਾਜ ਮਿਲਿਆ, ਤਾਂ ਉਨ੍ਹਾਂ ਦੇ ਕਾਵਿ-ਕੌਸ਼ਲ ਨੂੰ ਉਚਿਤ ਮਾਨਤਾ ਪ੍ਰਾਪਤ ਹੋਈ। ਭਵਭੂਤੀ ਦੇ ਲੇਖਨ ਦੀ ਪਰੰਪਰਾਵਾਦੀ ਆਲੋਚਨਾ ਬਹੁਤ ਢੁੱਕਵੀਂ ਹੈ। ਪਰੰਪਰਾ ਦੇ ਅਨੁਸਾਰ ਭਵਭੂਤੀ ਦੀ ਥਾਂ ਕਾਲੀਦਾਸ ਤੋਂ ਦੂਜੀ ਮੰਨੀ ਜਾਂਦੀ ਹੈ। ਇਸ ਲਈ ਭਵਭੂਤੀ ਦੇ ਭਾਵੁਕ ਵਿਸਫੋਟ ਦਾ ਕਾਰਣ ਉਨ੍ਹਾਂ ਦੇ ਨਿਜੀ ਜੀਵਨ ਵਿਚ ਲੱਭਣਾ ਹੀ ਅਧਿਕ ਤਰਕ-ਸੰਗਤ ਹੋਵੇਗਾ।

ਮੇਰੇ ਵਿਚਾਰ ਅਨੁਸਾਰ ਇਹ ਪ੍ਰਸ਼ਨ ਭਵਭੂਤੀ ਦੇ ਪਹਿਲੇ ਨਾਟਕ ਦਾ ਨਹੀਂ, ਸਗੋਂ ਉਨ੍ਹਾਂ ਦੇ ਸੰਪੂਰਣ ਨਾਟਕੀ-ਲੇਖਨ ਦੀ ਵਿਸ਼ੇਸ਼ਤਾ ਦਾ ਹੈ। ਭਵਭੂਤੀ ਤੋਂ ਪਹਿਲਾਂ ਦੇ ਨਾਟਕਕਾਰਾਂ, ਭਾਸ, ਕਾਲੀਦਾਸ, ਸ਼ੂਦ੍ਰਕ ਤੇ ਹਰਸ਼ ਨੇ ਕੁਝ ਸਾਹਿਤਕ ਪ੍ਰਵ੍ਰਿਤੀਆਂ ਸਥਾਪਿਤ ਕੀਤੀਆਂ ਸਨ। ਉਨ੍ਹਾਂ ਨੇ ਆਪਣੇ ਨਾਟਕਾਂ ਦੇ ਸੰਵਾਦਾਂ ਵਿਚ, ਯਥਾਸੰਭਵ, ਬੋਲੀ ਜਾਣ ਵਾਲੀ ਸੰਸਕ੍ਰਿਤ ਭਾਸ਼ਾ ਵਾਕੁਰ ਹੀ ਸਰਲ ਵਾਕ-ਰਚਨਾ ਦਾ ਪ੍ਰਯੋਗ ਕੀਤਾ ਸੀ। ਉਨ੍ਹਾਂ ਨੇ ਭਿੰਨ-ਭਿੰਨ ਕਥਾਨਕ ਚੁਣੇ ਤੇ ਵਿਵਿਧ ਭਾਵਾਂ ਦਾ ਚਿਤ੍ਰਣ ਕੀਤਾ; ਪਰ ਸ਼੍ਰਿੰਗਾਰ ਰਸ ਨੂੰ ਵਿਸ਼ੇਸ਼ ਥਾਂ ਦਿਤੀ ਤੇ ਭਾਵੇਂ ਉਨ੍ਹਾਂ ਨੇ ਗੰਭੀਰ ਘਟਨਾਵਾਂ ਦਾ ਵੀ ਵਰਣਨ ਕੀਤਾ, ਫਿਰ ਵੀ ਨਾਟਕ ਜਨਸਾਧਾਰਣ ਦੀ ਬਹੁਵਿਧ ਰੁਚੀ ਨੂੰ ਸੰਤੁਸ਼ਟ ਕਰਨ ਵਾਲਾ ਇਕ ਆਨੰਦਦਾਇਕ ਮਨੋਰੰਜਨ ਹੀ ਬਣਿਆ ਰਿਹਾ। ਇਉਂ ਜਾਪਦਾ ਹੈ ਕਿ ਸੁਭਾਉ ਤੇ ਪ੍ਰਸਿਖਿਆ ਤੋਂ ਭਵਭੂਤੀ ਇਕ ਗੰਭੀਰ ਵਿਦਵਾਨ ਸਨ। ਸੁਬੰਧੁ, ਬਾਣ ਤੇ ਦੰਡੀ ਦੁਆਰਾ ਪ੍ਰੇਮ ਤੇ ਸਾਹਸ ਦੀਆਂ ਕਥਾਵਾਂ ਵਿਚ ਵਰਤੇ ਗਏ ਅਲੰਕ੍ਰਿਤ ਗੱਦ ਪ੍ਰਤੀ ਭਵਭੂਤੀ ਨੇ ਇਕ ਬੌਧਿਕ ਆਕਰਸ਼ਣ ਅਨੁਭਵ ਕੀਤਾ ਹੋਵੇਗਾ, ਇਸ ਲਈ ਉਨ੍ਹਾਂ ਨੇ ਨਾਟਕੀ-ਸੰਵਾਦਾਂ ਵਿਚ ਉਸ ਦਾ ਪ੍ਰਯੋਗ ਕੀਤਾ। ਉਨ੍ਹਾਂ ਨੇ ਸ਼੍ਰਿੰਗਾਰਕ ਕਥਾਨਕ ਵੀ ਚੁਣੇ, ਪਰ ਉਹ ਆਪਣੇ ਦਾਰਸ਼ਨਿਕ, ਗੰਭੀਰ ਸੁਰ ਨੂੰ ਦਬਾ ਨਹੀਂ ਸਕੇ, ਸਿੱਟੇ ਵਜੋਂ ਹਾਸੇ-ਮਖੌਲ ਦਾ ਹੌਲਾ-ਫੁੱਲ ਵਾਤਾਵਰਣ ਭਵਭੂਤੀ ਦੇ ਨਾਟਕਾਂ ਵਿਚੋਂ ਉੱਡ ਗਿਆ। ਭਵਭੂਤੀ ਨੇ ਨਾਟਯ-ਲੇਖਨ ਵਿਚ ਜਿਹੜੇ ਬੌਧਿਕ ਵਾਤਾਵਰਣ ਤੇ ਅਲੰਕ੍ਰਿਤ ਗੰਭੀਰ ਸ਼ੈਲੀ ਨੂੰ ਥਾਂ ਦਿਤੀ ਉਹ ਇਕ ਨਵੀਨ ਪ੍ਰਵ੍ਰਿਤੀ ਸੀ ਤੇ ਉਸ ਨੂੰ ਸ਼ਲਾਘਾ, ਸਮਾਂ ਪਾ ਕੇ ਹੀ ਮਿਲ ਸਕਦੀ ਸੀ।

4. ਜੀ. ਸੀ. ਝਾਲਾ : 'ਭਵਭੂਤੀ ਐਂਡ ਹਿਜ਼ ਕਾਨਟੈਂਪਰੇਰੀ ਡਿਟ੍ਰੈਕਟਰਸ', 'ਜਰਨਲ ਆਫ ਦਿ ਓਰਿਏਂਟਲ ਇੰਸਟੀਟਯੂਟ', ਬੜੋਦਾ, ਸੰਚੀ ੧੪, ਕ੍ਰਮਾਂਕ ੩-੪; ਮਾਰਚ-ਜੂਨ ੧੯੬੫; ਪੰ. ੪੪੯-੪੬੩।

ਇਸ ਗੱਲ ਉਤੇ ਵਿਸ਼ਵਾਸ ਕਰਨ ਨੂੰ ਜੀਅ ਕਰਦਾ ਹੈ ਕਿ ਭਾਵੁਕ ਕਵੀ ਨੇ ਸ਼ਲਾਘਾ ਦੇ ਇਸ ਅਭਾਵ ਨੂੰ ਬੜੀ ਗੰਭੀਰਤਾ ਨਾਲ ਲਿਆ ਤੇ ਆਪਣੇ ਨਾਟਯ-ਲੇਖਨ ਦੇ ਮੁਢਲੇ ਪੜਾਉ ਵਿਚ ਉਹ ਰਤਾ ਕੁ ਕਠੋਰ ਭਾਸ਼ਾ ਵਰਤ ਗਏ। ਫਿਰ ਵੀ ਇਉਂ ਜਾਪਦਾ ਹੈ ਕਿ ਭਵਭੂਤੀ ਜਿਸ ਲਾਪਰਵਾਹੀ ਬਾਰੇ ਸ਼ਿਕਾਇਤ ਕਰਦੇ ਹਨ, ਉਸ ਦੀ ਦਿਸ਼ਾ ਕੋਈ ਦੂਜੀ ਹੀ ਹੈ।

ਭਵਭੂਤੀ ਦਾ ਨਿਜੀ ਤੇ ਪਾਰਿਵਾਰਿਕ ਇਤਿਹਾਸ ਇਹ ਦੱਸਦਾ ਹੈ ਕਿ ਉਹ ਵਿਦਵਾਨ ਪੁਰੋਹਿਤ ਕੁਲ ਵਿਚ ਜਨਮੇ ਸਨ ਤੇ ਸ਼ਾਸਤ੍ਰੀ ਗਿਆਨ ਵਿਚ ਪਰਿਪੂਰਣ ਸਨ। ਸੰਭਵ ਹੈ ਕਿ ਉਨ੍ਹਾਂ ਦਾ ਕੁਟੰਬ, ਸਾਕ-ਸੈਣ ਤੇ ਜਨਮ-ਭੂਮੀ ਦੇ ਮਿੱਤਰ ਇਹ ਆਸ ਕਰਦੇ ਹੋਣ ਕਿ ਭਵਭੂਤੀ ਸ਼ਾਸਤ੍ਰੀ ਪੁਰੋਹਿਤ ਦਾ ਜੀਵਨ ਜਿਉਣਾ ਅੰਗੀਕਾਰ ਕਰਨਗੇ। ਪਰ ਦੂਜੇ ਪਾਸੇ, ਭਵਭੂਤੀ ਨੇ ਇਨ੍ਹਾਂ ਵੈਦਿਕ, ਸੰਸਕਾਰ-ਪੂਰਣ, ਸ਼ਾਸਤ੍ਰੀ ਕਰਮਕਾਂਡਾਂ ਨੂੰ ਤਿਲਾਂਜਲੀ ਦੇ ਦਿੱਤੀ; ਇਹ ਜਾਣ ਕੇ ਕਿ ਸਾਹਿਤਕ ਜੀਵਨ ਲਈ ਉਨ੍ਹਾਂ ਦਾ ਕੋਈ ਮੁੱਲ ਨਹੀਂ ਹੈ।[5] ਉਨ੍ਹਾਂ ਨੇ ਨਟਾਂ ਨਾਲ ਮਿੱਤਰਤਾ ਗੰਢੀ ਤੇ ਮੰਚ ਉਤੇ ਖੇਡੇ ਜਾਣ ਲਈ ਨਾਟਕ ਲਿਖੇ। ਪਰਿਵਾਰ ਦੀ ਬੱਝੀ ਲੀਕ ਤੋਂ ਹਟਣਾ ਰੂੜ੍ਹੀ-ਵਾਦੀ ਸਮਾਜ ਤੋਂ ਜਰਿਆ ਨਹੀਂ ਗਿਆ ਹੋਣਾ। ਭਵਭੂਤੀ ਦੇ ਨਿਜੀ ਸੰਬੰਧੀਆਂ ਤੇ ਪਾਰਿਵਾਰਿਕ ਮਿੱਤਰਾਂ ਨੇ ਕਠੋਰ ਸ਼ਬਦਾਂ ਵਿਚ ਉਨ੍ਹਾਂ ਦੇ ਸਾਹਿਤਕ-ਕਰਮ ਦੀ ਆਲੋਚਨਾ ਕੀਤੀ ਹੋਵੇਗੀ, ਵਿਸ਼ੇਸ਼ ਕਰਕੇ ਉਨ੍ਹਾਂ ਨਟਾਂ ਦੇ ਨਾਲ ਰਹਿਣ ਦੀ ਜਿਹੜੇ ਉਸ ਸਮੇਂ ਸਮਾਜ ਵਿਚ ਨੀਚ-ਜਾਤ ਦੇ ਮੰਨੇ ਜਾਂਦੇ ਸਨ। ਇਹ ਸੰਭਵ ਹੈ ਕਿ ਭਵਭੂਤੀ ਆਪਣੇ ਨੇੜ-ਸਕਿਆਂ ਦੀ ਇਸ ਵਧੀਕੀ ਨੂੰ ਕਦੇ ਨਹੀਂ ਭੁੱਲ ਸਕੇ; ਉਸ ਸਮੇਂ ਵੀ, ਜਦੋਂ ਕਿ ਉਹ ਆਪਣਾ ਮਹਾਨਤਮ ਗ੍ਰੰਥ 'ਉੱਤਰਰਾਮਚਰਿਤ' ਲਿਖ ਰਹੇ ਸਨ। ਭਵਭੂਤੀ ਦੀ ਭਾਵੁਕਤਾਭਰੀ ਪ੍ਰਤਿਕ੍ਰਿਆ ਦਾ ਇਹ ਇਕ ਸੰਭਾਵਤ ਜਿਹਾ ਸਪਸ਼ਟੀਕਰਣ ਮੈਂ ਪ੍ਰਸਤੁਤ ਕਰ ਰਿਹਾ ਹਾਂ। ਇਸ ਤੋਂ ਅਸੀਂ ਇਹ ਸਮਝ ਸਕਦੇ ਹਾਂ ਕਿ ਭਵਭੂਤੀ ਨੂੰ ਕਿਉਂ ਆਪਣਾ ਮੂਲ-ਸਥਾਨ ਛੱਡਣਾ ਪਿਆ; ਭਟਕ-ਦਿਆਂ ਪਦਮਾਵਤੀ, ਕਾਲਪੀ ਤੇ ਫਿਰ ਕੰਨੌਜ ਜਾਣਾ ਪਿਆ, ਜਿਥੇ ਉਨ੍ਹਾਂ ਨੂੰ, ਅਨੁਮਾਨ ਹੈ, ਰਾਜਾ ਯਸ਼ੋਵਰਮਾ ਦੀ ਛਤਰ-ਛਾਇਆ ਹੇਠ ਸਥਾਈ ਨਿਵਾਸ ਮਿਲਿਆ।

5. ਦੇਖੋ : 'ਮਾਲਤੀਮਾਧਵ' (੧.੮) :

यद्वेदाध्ययनं तथोपनिषदां सांख्यस्य योगस्य च
ज्ञानं तत्कथनेन किं, न हि ततः कश्चिद्गुणो नाटके ।

ਚੌਥਾ ਅਧਿਆਇ

# ਭਵਭੂਤੀ ਦੇ ਨਾਟਕ

## 1. ਮਹਾਵੀਰਚਰਿਤ (ਕ)

ਮਹਾਵੀਰ ਅਰਥਾਤ ਮਹਾਨ ਵੀਰ ਰਾਮ। ਇਹ ਨਾਟਕ ਵਾਲਮੀਕਿ ਰਚਿਤ ਰਾਮਾਇਣ ਉਤੇ ਆਧਾਰਿਤ ਹੈ ਤੇ ਰਾਮ ਦੇ ਬਚਪਨ ਤੋਂ ਲੈ ਕੇ ਰਾਜਤਿਲਕ ਤਕ ਦੇ ਮੁਢਲੇ ਜੀਵਨ ਦਾ ਵਰਣਨ ਕਰਦਾ ਹੈ। ਵਾਲਮੀਕਿ ਦੀ ਪ੍ਰੇਰਣਾਮਈ ਕਵਿਤਾ ਤੇ ਰਾਮ ਦੇ ਪ੍ਰਤੀ ਭਗਤੀ ਕਾਰਣ ਕਵੀ ਨੇ ਇਹ ਪਹਿਲਾਂ ਨਾਟਕ[1] ਲਿਖਣ ਦੀ ਚੇਸ਼ਟਾ ਕੀਤੀ। ਸੰਸਕ੍ਰਿਤ ਭਾਸ਼ਕਾਰਾਂ ਤੇ ਪਾਂਡੂਲਿਪੀਆਂ ਤੋਂ ਪ੍ਰਤੀਤ ਹੁੰਦਾ ਹੈ ਕਿ ਭਵਭੂਤੀ ਨੇ ਇਸ ਨਾਟਕ ਨੂੰ ਪੰਜਵੇਂ ਅੰਕ ਦੇ ਛਿਆਲੀਵੇਂ ਪਦ ਤਕ ਲਿਖਿਆ ਸੀ, ਪਰ ਉਪਲਬਧ ਨਾਟਕ ਵਿਚ ਸੱਤ ਅੰਕ ਹਨ। ਬਾਕੀ ਦਾ ਹਿੱਸਾ ਹੋਰਨਾਂ ਨੇ ਲਿਖਿਆ; ਉੱਤਰੀ ਸੰਸਕਰਣ ਕਵੀ ਵਿਨਾਯਕ ਭੱਟ ਨੇ ਤੇ ਦੱਖਣੀ ਸੰਸਕਰਣ ਸੁਬ੍ਰਹਮਣਯ ਨੇ। ਇਕ ਕਿਸੇ ਅਗਿਆਤ ਲੇਖਕ ਦਾ ਤੀਸਰਾ ਸੰਸਕਰਣ ਵੀ ਹੈ। ਟੋਡਰਮਲ ਤੇ ਰਤਨਮ ਅੱਯਰ (ਨਿਰਣੇਯਸਾਗਰ ਸੰਸਕਰਣ) ਦਾ ਵਿਸ਼ਵਾਸ ਹੈ ਕਿ ਭਿੰਨ-ਭਿੰਨ ਸੰਸਕਰਣਾਂ ਵਿਚੋਂ ਉਤਰੀ ਸੰਸਕਰਣ ਦਾ ਪਾਠ ਆਮ ਕਰਕੇ ਬਹੁਤਾ ਦਿਲ ਲਗਦਾ ਹੈ ਤੇ ਟੋਡਰਮਲ[2] ਤਾਂ ਉਸਨੂੰ ਭਵਭੂਤੀ ਦਾ ਲਿਖਿਆ ਹੀ ਮੰਨਣ ਨੂੰ ਤਿਆਰ ਹਨ। ਜੇਕਰ ਮੂਲ ਪਾਠ ਵਾਸਤਵ ਵਿਚ ਅਧੂਰਾ ਹੈ ਤਾਂ ਇਹ ਇਕ ਸਾਹਿਤਕ ਸਮਸਿਆ ਹੈ ਜਿਸਨੂੰ ਸੁਲਝਾਇਆ ਨਹੀਂ ਜਾ ਸਕਿਆ।

ਭਵਭੂਤੀ ਨੇ ਇਸ ਨਾਟਕ ਵਿਚ ਮਹਾਕਾਵਿ ਦੇ ਕਥਾਨਕ ਨੂੰ ਇਸ ਤਰ੍ਹਾਂ ਪ੍ਰਸਤੁਤ ਕੀਤਾ ਹੈ ਕਿ ਲੋੜੀਂਦੀ ਰੂਪਰੇਖਾ ਉਹੀ ਹੈ ਪਰ ਨਾਟਕੀ ਮੰਤਵ ਦੇ ਅਨੁਕੂਲ ਸਾਰਥਕ ਰੂਪਾਂਤਰਾਂ ਦਾ ਸਮਾਵੇਸ਼ ਕੀਤਾ ਗਿਆ ਹੈ। ਨਾਟਕ ਦਾ ਆਰੰਭ ਵਿਸ਼ਵਾਮਿੱਤਰ ਦੇ ਆਸ਼ਰਮ ਵਿਚ ਹੁੰਦਾ ਹੈ। ਰਾਮ ਤੇ ਲਛਮਨ ਰਾਕਸ਼ਾਂ ਤੋਂ ਯੱਗ ਦੀ ਰਖਿਆ ਕਰਨ ਲਈ ਇਥੇ ਉਪਸਥਿਤ ਹਨ। ਜਨਕ ਦੇ ਆਦੇਸ਼ ਅਨੁਸਾਰ ਜਨਕ ਦਾ ਭਾਈ

1. ਤੁਲਨਾ : 'ਮਹਾਵੀਰਚਰਿਤ', ਪ੍ਰਸਤਾਵਨਾ ੧.੭।
2. ਤੁਲਨਾ : 'ਮਹਾਵੀਰਚਰਿਤ', (ਸੰ.) ਭੂਮਿਕਾ।

ਕੁਸ਼ਧ੍ਵਜ ਸੀਤਾ ਤੇ ਉਰਮਿਲਾ ਨੂੰ ਲੈ ਕੇ ਆਉਂਦਾ ਹੈ। ਸ਼ਿਵਧਨੁਸ਼ ਲਿਆਂਦਾ ਜਾਂਦਾ ਹੈ। ਰਾਮ ਉਸ ਉਤੇ ਡੋਰੀ ਚੜ੍ਹਾਉਂਦੇ ਹਨ ਤੇ ਧਨੁਸ਼ ਤੋੜਦੇ ਹਨ। ਫੇਰ ਵਿਆਹ ਪੱਕਾ ਕਰਕੇ ਜਨਕ ਤੇ ਦਸਰਥ ਨੂੰ ਨਿਮੰਤ੍ਰਿਤ ਕੀਤਾ ਜਾਂਦਾ ਹੈ। ਇਹ ਸਭ ਕੁਝ ਰਾਵਣ ਦੇ ਪ੍ਰੋਹਿਤ ਸਰਵਮਾਯ ਦੇ ਸਾਹਮਣੇ ਵਾਪਰਦਾ ਹੈ, ਜਿਹੜਾ ਆਪਣੇ ਸੁਆਮੀ ਲਈ ਸੀਤਾ ਦਾ ਸਾਕ ਮੰਗਣ ਆਇਆ ਸੀ। ਸਰਵਮਾਯ ਇਨ੍ਹਾਂ ਸਾਰੀਆਂ ਗਲਾਂ ਨੂੰ ਰਾਵਣ ਦਾ ਘੋਰ ਅਪਮਾਨ ਸਮਝਦਾ ਹੈ।

ਬਦਲਾ ਲੈਣ ਲਈ ਰਾਵਣ ਦਾ ਮੰਤ੍ਰੀ ਮਾਲਯਵਤ ਪਰਸ਼ੁਰਾਮ ਨੂੰ ਰਾਮ ਦੇ ਵਿਰੁਧ ਭੜਕਾਉਂਦਾ ਹੈ। ਅਗਲੇ ਦੋਹਾਂ ਅੰਕਾਂ ਵਿਚ ਇਹ ਵਿਵਾਦ ਚਲਦਾ ਹੈ ਤੇ ਸਾਰੇ ਇਸ ਦੀ ਲਪੇਟ ਵਿਚ ਆ ਜਾਂਦੇ ਹਨ। ਰਿਸ਼ੀ ਸ਼ਾਂਤ ਰਹਿਣ ਦਾ ਯਤਨ ਕਰਦੇ ਹਨ; ਪਰ ਪਰਸ਼ੁਰਾਮ ਤੋਂ ਅਪਮਾਨਿਤ ਹੋ ਕੇ ਜਨਕ ਦੇ ਪ੍ਰੋਹਿਤ ਸ਼ਤਾਨੰਦ ਨੂੰ ਕ੍ਰੋਧ ਆ ਜਾਂਦਾ ਹੈ; ਪਰਸ਼ੁਰਾਮ ਦੀ ਲਲਕਾਰ ਉਤੇ ਰਾਮ ਨੂੰ ਇਕ ਪਾਸੇ ਕਰਕੇ ਜਨਕ ਆਪ ਅਗ੍ਹਾਂ ਵਧਣਾ ਚਾਹੁੰਦੇ ਹਨ; ਅੰਤ ਵਿਚ ਰਾਮ ਪਰਸ਼ੁਰਾਮ ਨਾਲ ਲੜਨ ਦੇ ਆਪਣੇ ਨਿਰਣੇ ਦੀ ਘੋਸ਼ਣਾ ਕਰਦੇ ਹਨ।

ਪਰਸ਼ੁਰਾਮ ਦੇ ਘਮੰਡ ਨੂੰ ਰਾਮ ਚੂਰ-ਚੂਰ ਕਰ ਦਿੰਦੇ ਹਨ। ਇਸ ਲਈ ਮਾਲਯਵਤ ਇਕ ਹੋਰ ਕਪਟ-ਚਾਲ ਚਲਦਾ ਹੈ। ਸ਼ੂਰਪਣਖਾ ਨੂੰ ਮੰਥਰਾ ਦੇ ਸਰੀਰ ਵਿਚ ਪ੍ਰਵੇਸ਼ ਕਰਨ ਦਾ ਆਦੇਸ਼ ਦਿੱਤਾ ਜਾਂਦਾ ਹੈ ਤੇ ਉਸ ਦੀਆਂ ਗੱਲਾਂ ਵਿਚ ਆ ਕੇ ਕੈਕੇਈ ਦਸ਼ਰਥ ਦੁਆਰਾ ਦਿੱਤੇ ਗਏ ਦੋ ਵਰਦਾਨਾਂ ਦੀ ਪੂਰਤੀ ਦੀ ਮੰਗ ਕਰਦੀ ਹੋਈ ਇਕ ਪੱਤਰ ਭੇਜਦੀ ਹੈ। ਮਿਥਿਲਾ ਵਿਚ ਹੋ ਰਹੀਆਂ ਰਾਜਤਿਲਕ ਦੀਆਂ ਤਿਆਰੀਆਂ ਅੱਗੇ ਪਾ ਦਿਤੀਆਂ ਜਾਂਦੀਆਂ ਹਨ। ਰਾਮ ਦੰਡਕ ਵਣ ਜਾਣ ਲਈ ਤਿਆਰ ਹੋ ਜਾਂਦੇ ਹਨ ਤੇ ਬੜੇ ਚਾਉ ਨਾਲ ਆਪਣੀ ਯਾਤਰਾ ਦੀ ਯੋਜਨਾ ਬਣਾਉਂਦੇ ਹਨ।

ਪੰਜਵੇ ਅੰਕ ਤੋਂ ਲੈ ਕੇ ਸੱਤਵੇਂ ਅੰਕ ਤਕ ਦੀ ਕਹਾਣੀ ਵਿਚ ਵਰਣਨ ਕੀਤੇ ਗਏ ਹਨ—ਰਾਮ ਦਾ ਦੇਸ਼ ਨਿਕਾਲਾ, ਸੀਤਾ ਹਰਣ; ਅਨੇਕ ਰਾਕਸ਼ਾਂ ਤੇ ਬਾਲੀ ਦਾ ਵਧ (ਇਹ ਸਭ ਮਾਲਯਵਤ ਦੇ ਭੜਕਾਉਣ ਕਾਰਣ); ਰਾਵਣ ਨਾਲ ਅੰਤਮ ਯੁਧ ਤੇ ਅਲਕਾ ਦੇ ਪ੍ਰਮੁਖ ਦੇਵਤਾ ਕੁਬੇਰ ਤੋਂ ਮਿਲੇ ਪੁਸ਼ਪਕ ਵਿਮਾਨ ਵਿਚ ਜੇਤੂ ਰਾਮ ਦਾ ਅਯੋਧਿਆ ਨੂੰ ਮੁੜਨਾ।

## (ਖ)

ਭਵਭੂਤੀ ਨੇ ਯਤਨ ਕੀਤਾ ਹੈ ਕਿ ਰਾਮ ਦੇ ਵਿਆਹ ਤੋਂ ਲੈ ਕੇ ਰਾਵਣ ਉਤੇ ਜਿੱਤ ਪ੍ਰਾਪਤ ਕਰਨ ਤੇ ਅਯੋਧਿਆ ਦੀ ਰਾਜਗੱਦੀ ਸੰਭਾਲਣ ਤਕ ਦੇ ਸੰਪੂਰਣ ਜੀਵਨ ਚਰਿਤ ਨੂੰ ਇਸ ਨਾਟਕ ਵਿੱਚ ਪੇਸ਼ ਕਰ ਦਿੱਤਾ ਜਾਵੇ। ਇਹ ਇਕ ਅਜਿਹਾ ਕਥਾਨਕ ਨਹੀਂ ਹੈ ਜਿਸ ਨੂੰ ਨਾਟਕ ਦੀ ਰੂਪਰੇਖਾ ਤੇ ਰੰਗਮੰਚ ਦੀਆਂ ਸੁਭਾਵਕ ਸੀਮਾਵਾਂ ਅੰਦਰ ਸਮੇਟਿਆ ਜਾ ਸਕੇ। ਸਾਧਾਰਣ ਵਿਧੀ ਤਾਂ ਇਹ ਹੋਣੀ ਸੀ ਕਿ ਮਹਾਵੀਰ ਦੇ ਜੀਵਨ ਦੀਆਂ ਕੁਝ ਮਹੱਤਵਪੂਰਣ ਘਟਨਾਵਾਂ ਨੂੰ ਚੁਣ ਕੇ ਉਨ੍ਹਾਂ ਨੂੰ



ਨਾਟਕ ਦੇ ਅੰਕਾਂ ਵਿਚ ਬੀੜਿਆ ਜਾਂਦਾ ਤੇ ਬਾਕੀ ਦਾ ਹਿੱਸਾ ਦਰਸ਼ਕਾਂ ਦੀ ਕਲਪਨਾ ਲਈ ਰਹਿਣ ਦਿੱਤਾ ਜਾਂਦਾ (ਕੇਵਲ ਘਟਨਾਵਾਂ ਵਿਚਕਾਰਲੀਆਂ ਆਵਸ਼ਕ ਕੜੀਆਂ ਬਾਰੇ ਦਸਦੇ ਹੋਏ)। ਨਾਇਕ ਦੇ ਸੰਪੂਰਣ ਚਰਿਤ੍ਰਚਿਤ੍ਰਣ ਦਾ ਉਪਰਾਲਾ ਇਕ ਸਾਹਸ ਹੈ। ਪ੍ਰਬੰਧਗਤ ਵ੍ਰਿਤਾਂਤ ਤੇ ਨਾਟਕੀ-ਸੰਵਾਦ ਦੋਹਾਂ ਦੇ ਗੁਣ ਸੁਭਾਵਾਂ ਵਾਲੀ ਇਹ ਰਚਨਾ ਕਿਸੇ ਇਕ ਵਿਧਾ ਨਾਲ ਵੀ ਨਿਆਇ ਨਹੀਂ ਕਰ ਸਕਦੀ ਤੇ ਦੋਹਾਂ ਪਖਾਂ ਵਿਚ ਸੰਤੋਖ ਦੇਣੋਂ ਅਸਮਰਥ ਰਹਿ ਜਾਂਦੀ ਹੈ।

ਨਾਟਕਕਾਰ ਨੂੰ ਨਾਟਕ ਦੇ ਇਕ ਅਕ ਦੀ ਸੀਮਾ ਵਿਚ ਅਨੇਕ ਘਟਨਾਵਾਂ ਨੂੰ ਬੁਨਣਾ ਪਿਆ ਹੈ, ਜਿਵੇ :—ਪਹਿਲੇ ਅੰਕ ਵਿਚ ਅਹਿਲਿਆ ਦੀ ਮੁਕਤੀ, ਤਾੜਕਾਵਧ, ਜ਼ਿੰਭਕਸ਼ਸਤਰਾਂ ਦਾ ਦਾਨ, ਸ਼ਿਵ ਧਨੁਸ਼ ਤੋੜਨਾ, ਚੌਹਾਂ ਭਰਾਵਾਂ ਦੇ ਵਿਆਹ ਪੱਕੇ ਹੋਣਾ; ਚੌਥੇ ਅੰਕ ਵਿਚ ਰਾਮ ਦੇ ਰਾਜਤਿਲਕ ਦੀਆਂ ਤਿਆਰੀਆਂ, ਕੈਕੇਈ ਦੀ ਮੰਗ, ਰਾਮ ਦਾ ਦੇਸ਼ ਨਿਕਾਲਾ, ਦੰਡਕ ਪ੍ਰਵਾਸ ਦੀ ਯੋਜਨਾ ਬਨਾਉਣਾ ਤੇ ਅਗਲੇ ਅੰਕਾਂ ਵਿਚ ਸੀਤਾਹਰਣ ਤੋਂ ਲੈ ਕੇ ਰਾਮ ਦੇ ਵਿਜਈ ਹੋ ਕੇ ਅਯੋਧਿਆਂ ਮੁੜ ਆਉਣ ਤਕ ਦੀਆਂ ਸਾਰੀਆਂ ਘਟਨਾਵਾਂ। ਇਨ੍ਹਾਂ ਵਿਚੋਂ ਬਹੁਤੀਆਂ ਘਟਨਾਵਾਂ ਦਾ ਤਾਂ ਸੰਕੇਤ ਜਾਂ ਵਿਵਰਣ ਹੀ ਦਿੱਤਾ ਗਿਆ ਹੈ। ਇਨ੍ਹਾਂ ਵਿਚੋਂ ਕੁਝ, ਜਿਵੇਂ ਕਿ ਅਹਿਲਿਆ ਦਾ ਪ੍ਰਸੰਗ, ਪਰਸ਼ੁਰਾਮ ਤੇ ਰਾਮ ਦੇ ਝਗੜੇ ਵਿਚ ਦਸ਼ਰਥ ਦਾ ਹਸਤਾਖੇਪ, ਕੈਕੇਈ ਦੀਆਂ ਮੰਗਾਂ, ਸੀਤਾਹਰਣ, ਰਾਵਣ ਅੱਗੇ ਮੰਦੋਦਰੀ ਦੀ ਅਰਜੋਈ ਆਦਿ, ਅਸਚਰਜ ਹੈ, ਨੇਪਥ ਤੋਂ ਹੀ ਸੂਚਿਤ ਕੀਤੇ ਗਏ ਹਨ। ਨਾਟਕ ਦਾ ਮੁਖ ਮੰਤਵ ਵੀਰ-ਰਸ ਦਾ ਚਿਤ੍ਰਣ ਕਰਨਾ ਹੈ। ਪਰ ਰਾਮ ਦੁਆਰਾ ਅਨੇਕ ਰਾਕਸ਼ਾਂ ਦਾ ਨਾਸ਼, ਉਨ੍ਹਾਂ ਦਾ ਬਾਲੀ ਨਾਲ ਯੁਧ ਤੇ ਰਾਵਣ ਨਾਲ ਵਿਜੇਕਾਰੀ ਸੰਘਰਸ਼—ਇਹ ਸਭ ਉਹ ਘਟਨਾਵਾਂ ਹਨ ਜਿਨ੍ਹਾਂ ਦੀ ਕੇਵਲ ਸੂਚਨਾ ਦਿੱਤੀ ਗਈ ਹੈ। ਮੰਚ ਦੀਆਂ ਅਟੁੱਟ ਸੀਮਾਵਾਂ ਤੇ ਪਰੰਪਰਾਵਾਂ ਵਾਸਤਵਿਕ ਯੁਧ ਦਿਖਾਉਣ ਦੀ ਖੁਲ੍ਹ ਨਹੀਂ ਦਿੰਦੀਆਂ। ਇਕ ਲੇਖੇ, ਅਸੰਭਵ ਕਾਰਜ ਕਰਨ ਦੇ ਯਤਨ ਸਦਕਾ ਭਵਭੂਤੀ ਪਾਠਕ ਦੀ ਸਹਾਨੁਭੂਤੀ ਦੇ ਪਾਤਰ ਹਨ; (ਜੇਕਰ ਅਸੀਂ ਦਿਸ਼ਾ ਭ੍ਰਸ਼ਟ ਸਾਹਿਤਕ ਯਤਨ ਕਾਰਣ ਉਨ੍ਹਾਂ ਦੀ ਆਲੋਚਨਾ ਨਾ ਕਰੀਏ।) ਪਰ ਇਸ ਗੱਲ ਲਈ ਤਾਂ ਉਨ੍ਹਾਂ ਦੀ ਪ੍ਰਸ਼ੰਸਾ ਕਰਨੀ ਹੀ ਪਵੇਗੀ ਕਿ ਉਨ੍ਹਾਂ ਨੇ ਆਪਣੀ ਰਚਨਾ ਦੀਆਂ ਕਠਿਨਾਈਆਂ ਨੂੰ ਘੋਖਿਆ-ਪਰਖਿਆ ਤੇ ਕਥਾਨਕ ਦੀਆਂ ਅਨੇਕ ਖਿੰਡੀਆਂ-ਪੁੰਡੀਆਂ ਘਟਨਾਵਾਂ ਨੂੰ ਏਕਤਾ ਦੀ ਡੋਰੀ ਵਿਚ ਪਰੋਣ ਦਾ ਇਕ ਵਿਉਂਤਬੱਧ ਯਤਨ ਕੀਤਾ। ਇਸ ਯਤਨ ਦੀਆਂ ਤਿੰਨ ਪੱਧਰਾਂ ਹਨ।

1. ਆਪਣੇ ਕਥਾਨਕ ਦੇ ਪ੍ਰਾਮਾਣਿਕ ਸ੍ਰੋਤ, ਰਾਮਾਇਣ ਦੀ ਉਪੇਖਿਆ ਕਰਕੇ, ਇਕ ਅੰਕ ਦੇ ਨਾਟਕੀ ਕਾਰਜ ਦੇ ਸਥਾਨ ਦੀ ਏਕਤਾ ਲਈ ਭਵਭੂਤੀ ਅਨੇਕ ਘਟਨਾਵਾਂ ਨੂੰ ਇਕੋ ਕੇਂਦਰੀ ਸਥਾਨ ਉਤੇ ਵਾਪਰਦੀਆਂ ਦਿਖਾਉਂਦੇ ਹਨ। ਉਦਾਹਰਣ ਵਜੋਂ ਅਹਿਲਿਆ, ਤਾੜਕਾ, ਜ਼ਿੰਭਕਸ਼ਸਤਰ ਸ਼ਿਵਧਨੁਸ਼, ਵਿਆਹ ਦਾ ਪ੍ਰਸਤਾਵ ਆਦਿ, ਨਾਲ ਸੰਬੰਧਿਤ ਸਾਰੀਆਂ ਘਟਨਾਵਾਂ ਵਿਸ਼ਵਾਮਿੱਤਰ ਦੇ ਆਸ਼ਰਮ ਵਿਚ ਹੀ ਹੁੰਦੀਆਂ ਹਨ। ਦੂਜੇ, ਤੀਜੇ ਤੇ ਚੌਥੇ ਅੰਕ ਦਾ ਦ੍ਰਿਸ਼ ਸਥਾਨ ਹੈ ਮਿਥਿਲਾ, ਰਾਜਮਹਲ ਤੇ ਅੰਤਹਪੁਰ। ਇਥੇ ਪਰਸ਼ੁਰਾਮ, ਰਾਮ ਤੇ ਹੋਰਨਾਂ ਵਿਚਕਾਰ ਝਗੜਾ ਹੁੰਦਾ ਹੈ। ਭਾਵੇਂ

ਇਹ ਗੱਲਾਂ ਰਾਮਾਇਣ ਅਨੁਸਾਰ ਨਹੀਂ ਹਨ, ਪਰ ਭਵਭੂਤੀ ਹੇਠ ਲਿਖੀਆਂ ਘਟਨਾਵਾਂ ਨੂੰ ਮਿਥਿਲਾ ਵਿਚ ਹੀ ਵਾਪਰਦੀਆਂ ਦਿਖਾਉਂਦੇ ਹਨ—ਰਾਮ ਦੇ ਰਾਜਤਿਲਕ ਦੀਆਂ ਤਿਆਰੀਆਂ,ਕੈਕੇਈ ਦੀਆਂ ਮੰਗਾਂ,ਭਰਤ ਦੁਆਰਾ ਰਾਮ ਦੀਆਂ ਖੜਾਵਾਂ ਲੈਣੀਆਂ ਤੇ ਰਾਮ ਦਾ ਦੰਡਕ ਵਣ ਨੂੰ ਜਾਣਾ। ਇਸ ਮੰਤਵ ਦੀ ਪੂਰਤੀ ਲਈ ਭਵਭੂਤੀ ਸਾਰੇ ਆਵਸ਼ਕ ਪਾਤਰਾਂ ਨੂੰ ਕਿਸੇ ਨਾ ਕਿਸੇ ਤਰ੍ਹਾਂ ਕਾਰਜ-ਸਥਾਨ ਉੱਤੇ ਲੈ ਆਉਂਦੇ ਹਨ। ਉਦਾਹਰਣ ਵਜੋਂ ਦਸ਼ਰਥ ਬਾਰੇ ਪੁਛ-ਗਿੱਛ ਕਰਦੀ ਮੰਥਰਾ ਨੂੰ ਕੈਕੇਈ ਦੀਆਂ ਮੰਗਾਂ ਵਾਲੇ ਪੱਤਰ ਸਹਿਤ ਮਿਥਿਲਾ ਵਿਚ ਲਿਆਂਦਾ ਜਾਂਦਾ ਹੈ। ਇਸੇ ਤਰ੍ਹਾਂ ਪੰਜਵੇਂ ਅੰਕ ਦੀਆਂ ਘਟਨਾਵਾਂ ਲਈ ਸ਼ਬਰੀ ਇਕ ਕੇਂਦ੍ਰੀ ਕੜੀ ਦਾ ਕੰਮ ਕਰਦੀ ਹੈ। ਉਹ ਰਾਮ ਨੂੰ ਵਿਭੀਸ਼ਣ ਦਾ ਪੱਤਰ ਦਿੰਦੀ ਹੈ ਤੇ ਦੋਹਾਂ ਭਰਾਵਾਂ ਨੂੰ ਬਾਲੀ ਦਾ ਟਿਕਾਣਾ ਦੱਸਦੀ ਹੈ। ਇਸ ਸਭ ਕੁਝ ਤੋਂ ਤਾਂ ਇਉਂ ਜਾਪਦਾ ਹੈ ਕਿ ਕਵੀ 'ਰਾਮਾਇਣ' ਤੋਂ ਹਟ ਕੇ ਲਿਖ ਰਿਹਾ ਹੈ। ਇਕ ਨਾਟਕਕਾਰ ਨੂੰ ਆਪਣੇ ਸੀਮਿਆਂ ਤੋਂ ਹਟ ਕੇ ਜਿੰਨੀ ਕੁ ਸੁਤੰਤਰਤਾ ਲੈਣ ਦੀ ਖੁਲ੍ਹ ਦਿੱਤੀ ਜਾਂਦੀ ਹੈ ਉਹ ਉਸ ਦੀ ਉਲੰਘਣਾ ਕਰਦਾ ਪ੍ਰਤੀਤ ਹੁੰਦਾ ਹੈ। ਫਿਰ ਵੀ, ਆਪਣੇ ਕਥਾਨਕ ਦੇ ਵਿਕਾਸ ਲਈ ਇਕੋ ਸਥਾਨ ਨਿਸ਼ਚਿਤ ਕਰਨ ਦੇ ਨਾਟਕਕਾਰ ਦੇ ਉਦੇਸ਼ ਨੂੰ ਗ਼ਲਤ ਨਹੀਂ ਸਮਝਣਾ ਚਾਹੀਦਾ।

2. ਕਾਰਜ ਦੀ ਏਕਤਾ ਲਈ ਕੀਤਾ ਗਿਆ ਭਵਭੂਤੀ ਦਾ ਯਤਨ ਅਧਿਕ ਉਚਿਤ ਤੇ ਸੰਭਵਤਾ ਅਧਿਕ ਸਫਲ ਹੈ। ਵਿਵਿਧ ਘਟਨਾਵਾਂ ਦਾ ਮੂਲ ਮਹਾਕਾਵਿ ਵਿਚ, ਕੇਵਲ ਇਸ ਗੱਲ ਨੂੰ ਛੱਡ ਕੇ ਕਿ ਉਹ ਨਾਇਕ ਰਾਮ ਦੇ ਜੀਵਨ ਵਿਚ ਵਾਪਰਦੀਆਂ ਹਨ, ਕੋਈ ਪਰਸਪਰ ਸੰਬੰਧ ਨਹੀਂ ਹੈ। ਭਵਭੂਤੀ ਆਪਣੇ ਨਾਟਕ ਵਿਚ ਇਹ ਦੱਸਦੇ ਹਨ ਕਿ ਰਾਵਣ ਨੇ ਸੀਤਾ ਨਾਲ ਵਿਆਹ ਕਰਨ ਦਾ ਪ੍ਰਸਤਾਵ ਆਪਣੇ ਪੁਰੋਹਿਤ ਸਰਵਮਾਯ ਦੇ ਹੱਥੀਂ ਭੇਜਿਆ ਸੀ। ਕੁਸ਼ਧ੍ਵਜ ਨੇ ਇਸ ਨੂੰ ਰੱਦ ਕਰ ਦਿੱਤਾ। ਇਸੇ ਸਮੇਂ ਨੇਪਥ ਤੋਂ ਸ਼ਿਵਧਨੁਸ਼ ਤੋੜੇ ਜਾਣ ਦੀ ਸੂਚਨਾ ਦਿਤੀ ਜਾਂਦੀ ਹੈ। ਇਸ ਪ੍ਰਕਾਰ ਜਨਕ ਦੀ ਸ਼ਰਤ ਪੂਰੀ ਹੁੰਦੀ ਹੈ, ਇਹ ਸਭ ਸਰਵਮਾਯ ਦੀ ਉਪਸਥਿਤੀ ਵਿਚ ਹੁੰਦਾ ਹੈ। ਭਵਭੂਤੀ ਦਾ ਸੰਕੇਤ ਇਹ ਹੈ ਕਿ ਇਨ੍ਹਾਂ ਘਟਨਾਵਾਂ ਤੋਂ ਹੀ ਉਨ੍ਹਾਂ ਸਾਰੇ ਕਾਰਜਾਂ ਦਾ ਬੀਜ ਪਇਆ ਜਿਹੜੇ ਰਾਵਣ ਨੇ ਇਸ ਅਪਮਾਨ ਦਾ ਬਦਲਾ ਲੈਣ ਲਈ ਕੀਤੇ। ਨਾਟਕੀ-ਕਾਰਜ ਦੀ ਏਕਤਾ ਲਈ ਭਵਭੂਤੀ ਇਕ ਹੋਰ ਪ੍ਰਬਲ ਨਿਮਿੱਤ ਵੀ ਪ੍ਰਸਤੁਤ ਕਰਦੇ ਹਨ। ਦੂਜੇ ਅੰਕ ਤੋਂ ਰਾਵਣ ਦਾ ਮੰਤ੍ਰੀ ਮਾਲਯਵਤ ਵੀ ਸਾਹਮਣੇ ਆ ਜਾਂਦਾ ਹੈ। ਮਾਲਯਵਤ ਦੀ ਭੂਮਿਕਾ ਸਰਵਮਾਯ ਵਲੋਂ ਰਾਵਣ ਨੂੰ ਦਿੱਤੀ ਗਈ ਸੂਚਨਾ ਦਾ ਇਕ ਸੁਭਾਵਕ ਪਰਿਣਾਮ ਹੈ। ਰਾਮ ਦੇ ਵਿਨਾਸ਼ ਤੇ ਰਾਵਣ ਲਈ ਸੀਤਾ ਦੀ ਪ੍ਰਾਪਤੀ ਹਿਤ ਉਹ ਭਿੰਨ-ਭਿੰਨ ਯੋਜਨਾਵਾਂ ਬਣਾਉਂਦਾ ਹੈ। ਭਵਭੂਤੀ ਅਨੁਸਾਰ ਰਾਮ-ਪਰਸੁਰਾਮ-ਯੁੱਧ ਮਾਲਯਵਤ ਦੇ ਭੜਕਾਉਣ ਦੇ ਸਿੱਟੇ ਵਜੋਂ ਹੁੰਦਾ ਹੈ। ਰਾਮ ਤੇ ਲਛਮਣ ਦੇ ਰਾਹ ਵਿਚ ਆਉਣ ਵਾਲੀ ਤਾੜਕਾ ਸੂਰਪਣਖਾ ਤੇ ਰਾਕਸ਼ਸਮੂਹ ਮਾਲਯਵਤ ਰਾਹੀਂ ਉਕਸਾਏ ਗਏ ਹਨ। ਸੂਰਪਣਖਾ ਨੂੰ ਮੰਥਰਾ ਕੇ ਸ਼ਰੀਰ ਵਿਚ ਪ੍ਰਵੇਸ਼ ਕਰਵਾ ਕੇ ਉਸ ਦੇ ਰਾਹੀਂ ਕੈਕੇਈ ਨੂੰ ਗਲਤ ਰਾਹ ਉਤੇ ਪਾਇਆ ਜਾਂਦਾ ਹੈ। ਇਸ ਤਰ੍ਹਾਂ ਰਾਮ ਨੂੰ ਦੰਡਕ ਵਣ ਭੇਜਣ ਦੀਆਂ ਕੈਕੇਈ ਦੀਆਂ



ਮੰਗਾਂ ਮਾਲਯਵਤ ਦੇ ਦਿਮਾਗ਼ ਦੀ ਕਾਢ ਹਨ। ਇਸੇ ਤਰ੍ਹਾਂ ਸੀਤਾਹਰਣ, ਦਨੁਕਬੰਧ ਦੇ ਸ਼ਬਰੀ ਨੂੰ ਸਤਾਉਣ, ਬਾਲੀ ਵਲੋਂ ਰਾਮ ਦਾ ਵਿਰੋਧ ਕੀਤੇ ਜਾਣ ਵਿਚ ਵੀ ਮਾਲਯਵਤ ਦਾ ਹੱਥ ਹੈ। ਅਸਲ ਵਿਚ ਨਾਟਕਕਾਰ ਸਰਵੱਤਰ ਇਹ ਦੱਸਣਾ ਚਾਹੁੰਦਾ ਹੈ ਕਿ 'ਰਾਮਾਇਣ' ਦੀ ਸਾਰੀ ਘਟਨਾ ਰਾਵਣ ਦੀ ਨਿਰਾਸ਼ਾ ਤੇ ਉਸਦੇ ਮੰਤ੍ਰੀ ਮਾਲਯਵਤ ਦੀ ਕੂਟਨੀਤੀ ਦਾ ਸਿੱਟਾ ਸੀ।

3. ਤੀਜੀ ਪੱਧਰ, ਜਿਸ ਉੱਤੇ ਭਵਭੂਤੀ ਆਪਣੇ ਕਥਾਨਕ ਵਿਚ ਏਕਤਾ ਦਾ ਪ੍ਰਭਾਵ ਪੈਦਾ ਕਰਨ ਦਾ ਯਤਨ ਕਰਦੇ ਹਨ ਸਮੂਚੇ ਨਾਟਕੀ-ਕਾਰਜ ਵਿਚ ਵਿਆਪਕ ਵੀਰ-ਰਸ ਦੀ ਨਿਸ਼ਪੱਤੀ ਦੀ ਹੈ। ਭਵਭੂਤੀ ਆਪ ਮੰਨਦੇ ਹਨ ਕਿ ਜਦੋਂ ਉਨ੍ਹਾਂ ਨੇ ਮੂਲ ਮਹਾਕਾਵਿ[3] ਪੜ੍ਹਿਆ ਸੀ ਤਾਂ ਵੀਰ-ਰਸ ਤੇ ਉਸ ਨਾਲ ਸੰਬੰਧਿਤ ਵਿਭਾਵ, ਅਨੁਭਾਵਾਂ ਨੇ ਉਨ੍ਹਾਂ ਦਾ ਮਨ ਮੋਹ ਲਿਆ ਸੀ। ਰਾਮ-ਕਥਾ ਨੂੰ ਨਾਟਕੀ ਰੂਪ ਦੇਣ ਵਿਚ ਉਨ੍ਹਾਂ ਦਾ ਮੰਤਵ ਇਨ੍ਹਾਂ ਭਾਵਾਂ ਨੂੰ ਸ਼ਬਦਾਂ ਵਿਚ ਬੰਨ੍ਹਣਾ ਸੀ। ਰਾਮ ਦੇ ਪ੍ਰਸਤੁਤ ਜਾਂ ਵਰਣਿਤ ਕਾਰਜਾਂ ਵਿਚ ਵੀਰ-ਰਸ ਸਪਸ਼ਟ ਹੈ। ਰਾਮ ਤੇ ਬਾਲੀ ਦੇ ਸੰਘਰਸ਼ ਵਿਚ ਵੀ ਉਹ ਦ੍ਰਿਸ਼ਟਿਗੋਚਰ ਹੁੰਦਾ ਹੈ। ਵਸਿਸ਼ਠ, ਵਿਸ਼ਵਾ-ਮਿੱਤਰ, ਜਨਕ ਤੇ ਦਸ਼ਰਥ ਦੀ ਗੱਲਬਾਤ ਵਿਚ ਉਹ ਸੂਖਮ ਰੂਪ ਵਿਚ ਹੈ। ਅਦਭੁਤ-ਰਸ, ਵੀਰ-ਰਸ ਦਾ ਸਹਿਚਾਰੀ ਹੈ ਤੇ ਉਸਦੀ ਵਿਅੰਜਨਾ ਰਾਮ-ਰਾਵਣ-ਯੁਧ ਤੇ ਜ੍ਰਿੰਭਕ-ਸ਼ਸਤਰਾਂ ਦੇ ਵਰਣਨ ਵਿਚ ਹੁੰਦੀ ਹੈ, ਅਨੇਕ ਕਾਰਜਾਂ ਵਿਚ ਵੀਰ-ਰਸ ਤੇ ਅਦਭੁਤ-ਰਸ ਦਾ ਮਿਸ਼ਰਣ ਹੈ; ਉਦਾਹਰਣ ਵਜੋਂ...ਰਾਮ ਦਾ ਸ਼ਿਵ ਧਨੁਸ਼ ਨੂੰ ਤੋੜਨਾ, ਅਹਲਿਆ ਦੀ ਮੁਕਤੀ, ਅਨੇਕ ਰਾਕਸ਼ਾਂ ਦਾ ਨਾਸ਼, ਰਾਮ ਦਾ ਬਾਣ ਨਾਲ ਸੱਤ ਤਾਲਬਿਰਛਾਂ ਨੂੰ ਵਿੰਨ੍ਹਣਾ, ਪੰਪਾਂ[4] ਸਰੋਵਰ ਦੇ ਨੇੜੇ ਰਾਮ ਦਾ ਆਪਣੇ ਪੈਰ ਨਾਲ ਹੱਡੀਆਂ ਦੇ ਵੱਡੇ ਸਾਰੇ ਢੇਰ ਨੂੰ ਉਛਾਲਣਾ। ਰੌਦਰ-ਰਸ, ਵੀਰ-ਰਸ, ਦਾ ਪੂਰਕ ਹੈ; ਪਰਸ਼ੁਰਾਮ ਤੇ ਖ਼ਾਸ ਕਰਕੇ ਸ਼ਤਾਨੰਦ ਦੇ ਉਦਗਾਰਾਂ ਵਿਚ ਇਸ ਦੀ ਵਿਅੰਜਨਾ ਹੈ। ਕਿਸੇ ਵੀ ਮਿਥਿਆਸਕ ਆਖਿਆਨ ਵਿਚ ਰਾਕਸ਼ਾਂ ਦੀ ਹੋਂਦ ਵੀਭਤਸ-ਰਸ ਨੂੰ ਉਤਪੰਨ ਕਰਦੀ ਹੈ; ਤਾੜਕਾ ਤੇ ਦਨੁਕਬੰਧ ਦੇ ਵਰਣਨ ਇਸ ਭਾਵ ਵਿਚ ਬੱਝੇ ਹੋਏ ਹਨ। ਸ਼੍ਰਿੰਗਾਰ- ਰਸ ਤੇ ਵਿਯੋਗ ਸ਼੍ਰਿੰਗਾਰ ਦੇ ਸਹਿਚਾਰੀ ਕਰੁਣ-ਰਸ ਦਾ ਵੀ ਥਾਈਂ ਥਾਈਂ ਸਪਰਸ਼ ਹੈ। ਪਰ ਭਵਭੂਤੀ ਇਨ੍ਹਾਂ ਭਾਵਾਂ ਨੂੰ ਉਚਿਤ ਥਾਂ ਉਤੇ ਹੀ ਰਖਦੇ ਹਨ। ਵਿਭਾਵ, ਅਨੁਭਾਵ ਤੇ ਸੰਚਾਰੀ ਭਾਵਾਂ ਨਾਲ ਵੀਰ-ਰਸ ਦੀ ਨਿਸ਼ਪੱਤੀ ਹੁੰਦੀ ਹੈ ਤੇ ਭਾਵਾਂ ਤੋਂ ਉਤਪੰਨ ਪ੍ਰਭਾਵ ਦਾ ਸੁਮੇਲ ਭਲੀ-ਭਾਂਤ ਨਿਸ਼ਚਿਤ ਹੋ ਜਾਂਦਾ ਹੈ।

---

3. ਦੇਖੋ : 'ਮਹਾਵੀਰਚਰਿਤ', ਪ੍ਰਸਤਾਵਨਾ, ੧. ੨,੩,੬।

4. 'ਮਹਾਵੀਰਚਰਿਤ' ੫. ੩੮,੩੯। ਇਹ 'ਰਾਮਾਇਣ' ਦੇ ਪਾਠ ਦੇ ਅਨੁਸਾਰ ਹੈ, ੪ ੧੧ ੫੦। ਪਰ 'ਮਹਾਵੀਰਚਰਿਤ' ੭.੧੬ਗ ਨਾਲ ਇਸ ਦਾ ਵਿਰੋਧਾਭਾਸ' ਹੈ ਜਿਥੇ ਵਿਭੀਸ਼ਣ ਇਸ ਨੂੰ ਲਛਮਣ ਦਾ ਕੰਮ ਦੱਸਦਾ ਹੈ। 'ਅਨਰਘਰਾਘਵ' ੫.੨੫ ਤੇ 'ਕੰਬ-ਰਾਮਾਇਣ' ੪ ੫ ਵਿਚ ਵੀ ਅਜਿਹਾ ਹੀ ਹੈ।
ਦੇਖੋ : ਬੁਲਕੇ : 'ਰਾਮਕਥਾ : ਉਤਪਤੀ ਔਰ ਵਿਕਾਸ', (ਪ੍ਰਯਾਗ-ਵਿਸ਼ਵਵਿਦਿਆਲਯ, ੧੯੬੨), ਪੰ. ੪੭੭।

ਨਾਟਕਕਾਰ ਦੀਆਂ ਮੌਲਿਕ ਉਦਭਾਵਨਾਵਾਂ ਅਤਿਅੰਤ ਰੌਚਕ ਹਨ । ਉਦਾਹਰਣ ਵਜੋਂ; ਭਵਭੂਤੀ ਰਾਮ ਤੇ ਸੀਤਾ ਨੂੰ ਇਕੱਠੇ ਵਿਸ਼ਵਾਮਿੱਤਰ ਦੇ ਆਸ਼ਰਮ ਵਿਚ ਲਿਆਉਂਦੇ ਹਨ । ਇਸ ਤੋਂ ਪਰਸਪਰ ਆਕਰਸ਼ਣ ਤੇ ਪ੍ਰਸ਼ੰਸਾ ਦੀ ਭਾਵਨਾ ਉਪਜਦੀ ਹੈ । ਸੀਤਾ, ਰਾਮ ਦੀ ਵੀਰਤਾ ਨੂੰ ਅੱਖੀਂ ਦੇਖਦੀ ਹੈ ਤੇ ਪਰਸ਼ੂਰਾਮ ਨਾਲ ਹੋਈ ਝਪਟ ਸਮੇਂ ਰਾਮ ਦੇ ਕੋਲ ਹੀ ਖੜੀ ਰਹਿੰਦੀ ਹੈ । ਕਵੀ ਇਹ ਦੱਸਣਾ ਚਾਹੁੰਦਾ ਹੈ ਕਿ ਉਨ੍ਹਾਂ ਦੋਹਾਂ ਦੇ ਵਿਆਹ ਦੀ ਗੱਠ-ਤੁਪ ਕੇਵਲ ਵਡੇਰਿਆ ਨੇ ਹੀ ਨਹੀਂ ਕਰ ਦਿੱਤੀ ਸੀ ਸਗੋਂ ਆਪਸੀ ਆਕਰਸ਼ਣ ਤੇ ਪਿਆਰ ਵੀ ਇਸ ਦਾ ਆਧਾਰ ਸਨ । ਕਵੀ ਨੇ ਇਹ ਦਿਖਾਇਆ ਹੈ ਕਿ ਅਪ੍ਰਤੱਖ ਰੂਪ ਵਿਚ ਕੈਕੇਈ ਮਾਲਯਵਤ ਦੇ ਸ਼ੜਯੰਤਰ ਦਾ ਸ਼ਿਕਾਰ ਸੀ । ਰਾਮ ਦੇ ਰਾਜਤਿਲਕ ਦਾ ਸੁਝਾਉ ਭਰਤ ਤੇ ਉਸ ਦੇ ਮਾਮਾ ਯੁਧਾਜਿਤ ਨੇ ਪੇਸ਼ ਕੀਤਾ ਸੀ; ਤੇ ਇਸ ਤਰ੍ਹਾਂ ਭਵਭੂਤੀ ਉਸ ਦੋਸ਼ ਨੂੰ ਘਟਾਉਣ ਦਾ ਯਤਨ ਕਰਦੇ ਹਨ ਜਿਹੜਾ ਅਕਸਰ ਕੈਕੇਈ ਦੇ ਮੱਥੇ ਮੜ੍ਹ ਦਿੱਤਾ ਜਾਂਦਾ ਰਿਹਾ ਹੈ ।

ਫਿਰ ਵੀ, ਕੁਝ ਹੋਰ ਮੌਲਿਕ ਉਦਭਾਵਨਾਵਾਂ ਪ੍ਰਸ਼ਨਗ੍ਰਸਿਤ ਤੇ ਕਲਾਹੀਣ ਹਨ । ਭਵਭੂਤੀ ਨਵੀ ਪਾਤਰਾਂ ਨੂੰ ਮਿਥਿਲਾ ਵਿਚ ਲੈ ਆਉਂਦੇ ਹਨ ਤੇ ਕਈਆਂ ਨੂੰ ਬਾਹਰ ਭੇਜ ਦਿੰਦੇ ਹਨ । ਇਹ ਕੇਵਲ ਇਸ ਲਈ ਕਿ ਉਨ੍ਹਾਂ ਨੇ ਮਿਥਿਲਾ ਨੂੰ ਕਾਰਜ-ਸਥਾਨ ਬਣਾਇਆ ਹੋਇਆ ਹੈ । ਪਰ ਇਹ ਕਿਵੇਂ ਹੋ ਸਕਦਾ ਸੀ ਕਿ ਰਾਮ ਨੂੰ ਰਾਜਤਿਲਕ ਦੇਣ ਦੀ ਸੋਚ-ਵਿਚਾਰ ਮਿਥਿਲਾ ਵਿਚ ਹੋਵੇ, ਤੇ ਉਹ ਵੀ ਦਸ਼ਰਥ ਦੇ ਕੁਲ ਪੁਰੋਹਿਤ ਵਸਿਸ਼ਠ ਦੀ ਪਿੱਠ ਪਿਛੇ ? ਜਨਕ ਦਸ਼ਰਥ ਨੂੰ ਸਮਝਾਉਂਦੇ ਹੋਏ ਕਹਿੰਦਾ ਹੈ ਕਿ ਵਾਮਦੇਵ ਰਿਸ਼ੀ ਤਾਂ ਉਪਸਥਿਤ ਹਨ ਤੇ ਭਾਵੇਂ ਵਸਿਸ਼ਠ ਤੇ ਵਿਸ਼ਵਾਮਿੱਤਰ ਇਥੇ ਨਹੀਂ ਹਨ ਪਰ ਉਹ ਇਸ ਸ਼ੁਭ ਕਾਰਜ ਦਾ ਸਮਰਥਨ ਕਰਨਗੇ । ਇਹ ਗੱਲ ਨਾ ਤਾਂ ਸੰਤੁਸ਼ਟ ਕਰਦੀ ਹੈ ਨਾ ਦਿਲ ਲਗਦੀ ਹੈ । ਇਉਂ ਜਾਪਦਾ ਹੈ ਕਿ ਨਾਟਕਕਾਰ ਕੇਵਲ ਆਪਣੀ ਸੌਖ ਲਈ ਕੈਕੇਈ ਦੇ ਪੱਤਰ ਸਹਿਤ ਮੰਥਰਾਂ ਨੂੰ ਮਿਥਿਲਾ ਵਿਚ ਲਿਆਉਂਦਾ ਹੈ । ਭਵਭੂਤੀ, ਅੱਗੇ ਚਲਕੇ ਇਹ ਦਿਖਾਉਂਦੇ ਹਨ ਕਿ ਰਾਮ ਮਿਥਿਲਾ ਤੋਂ ਹੀ ਦੰਡਕ ਵਣ ਨੂੰ ਗਏ ਤੇ ਉਨ੍ਹਾਂ ਨੂੰ ਵਿਦਾ ਕਰਨ ਲਈ ਅਯੋਧਿਆ ਦੇ ਬ੍ਰਾਹਮਣ ਅਗਨਿਹੋਤ੍ਰ ਦੀ ਅਗਨੀ ਸਹਿਤ ਉਪਸਥਿਤ ਸਨ । ਇਸ ਨੂੰ ਭੁਲ ਕਿਹਾ ਜਾ ਸਕਦਾ ਹੈ । ਮੰਨਿਆ ਕਿ ਨਾਟਕੀ-ਕਾਰਜ ਦੀ ਤੋਰ ਤਿੱਖੀ ਹੁੰਦੀ ਹੈ ਪਰ ਰਾਮ ਦੇ ਦੇਸ਼ ਨਿਕਾਲੇ ਦਾ ਸਮਾਚਾਰ ਉਡ ਕੇ ਅਯੋਧਿਆ ਕਿਵੇਂ ਪਹੁੰਚ ਗਿਆ ? ਤੇ ਬ੍ਰਾਹਮਣ ਪੂਰੀ ਤਿਆਰੀ ਨਾਲ ਠੀਕ ਉਨ੍ਹਾਂ ਦੀ ਵਿਦਾਇਗੀ ਦੇ ਮੌਕੇ ਉਤੇ ਕਿਵੇਂ ਪਹੁੰਚ ਗਏ ?

ਨਾਟਕੀ-ਕਾਰਜਾਂ ਦੀ ਪ੍ਰਮੁਖ ਡੋਰ ਮਾਲਯਵਤ ਦੇ ਹੱਥ ਫੜਾ ਕੇ ਭਵਭੂਤੀ ਨੇ ਆਪਣੀ ਨਾਟਯ ਵਸਤੂ ਵਿਚ ਏਕਤਾ ਤਾਂ ਅਵੱਸ਼ ਪੈਦਾ ਕਰ ਦਿੱਤੀ; ਪਰ ਮਾਲਯਵਤ ਨੂੰ ਰਾਜਨੀਤੀ ਤੇ ਕੂਟਨੀਤੀ ਦੇ ਸੱਚੇ ਜਾਣਕਾਰ ਦੇ ਰੂਪ ਵਿਚ ਚਿਤ੍ਰਿਤ ਕਰਨ ਵਿਚ ਉਹ ਅਸਫਲ ਹੋ ਗਏ । ਮਾਲਯਵਤ ਦਾ ਸੁਭਾਉ ਹੈ ਕਿ ਉਹ ਪ੍ਰਗਟ ਰੂਪ ਨਾਲ ਆਪਣੀਆਂ ਯੋਜਨਾਵਾਂ ਦੀ ਚਰਚਾ ਕਰਦਾ ਹੈ ਤੇ ਉਨ੍ਹਾਂ ਦੀ ਰੂਪਰੇਖਾ ਬਣਾਉਂਦਾ ਹੈ । ਇਸ ਨਾਲ ਲਟਕਾਉ ਤੇ ਅਸਚਰਜ ਦਾ ਤੱਤ ਸਮਾਪਤ



ਹੋ ਜਾਂਦਾ ਹੈ ਜਿਹੜਾ ਸਾਹਿਤਕ ਤੇ ਨਾਟਕੀ-ਨਿਭਾਉ ਦੀ ਜਾਨ ਹੈ । ਪਰਸ਼ੁਰਾਮ ਦੀ ਪਾਤਰ ਉਸਾਰੀ ਚੰਗੇਰੀ ਹੈ । ਉਨ੍ਹਾਂ ਦਾ ਆਪਣੀਆਂ ਸ਼ਕਤੀਆਂ ਵਿਚ ਆਤਮਵਿਸ਼ਵਾਸ, ਸ਼ਿਵਭਗਤੀ, ਆਤਮਸ਼ਲਾਘਾ, ਅੱਖੜਸੁਭਾਉ ਤੇ ਅਹੰਕਾਰ ਪੂਰੀ ਤਰ੍ਹਾਂ ਅਭਿਵਿਅਕਤ ਹੋਏ ਹਨ । ਰਾਮ ਦੁਆਰਾ ਪਰਸ਼ੁਰਾਮ ਦੇ ਅਹੰਕਾਰ ਦਾ ਦਮਨ ਕੀਤੇ ਜਾਣ ਤੋਂ ਬਾਦ ਉਨ੍ਹਾਂ ਵਿਚ ਜੋ ਪਰਿਵਰਤਨ ਆਇਆ ਉਹ ਦਿਲ ਲਗਦਾ ਹੈ । ਪਰ ਉਨ੍ਹਾਂ ਤੋਂ ਜਿਹੜੀ ਅਨੁਚਿਤ ਤੇ ਅਸੱਭਯ ਭਾਸ਼ਾ ਬੁਲਵਾਈ ਗਈ ਹੈ ਉਸ ਨਾਲ ਉਨ੍ਹਾਂ ਦਾ ਰੂਪ ਵਿਗੜ ਜਾਂਦਾ ਹੈ ।

ਇਸ ਤਰ੍ਹਾਂ ਇਹ ਨਾਟਕ ਆਪਣੀ ਵਿਖਮ ਉਸਾਰੀ ਕਾਰਣ ਦੋਸ਼ਗ੍ਰਸਿਤ ਹੋ ਜਾਂਦਾ ਹੈ । ਵਰਣਨਾਂ ਦੀ ਬਹੁਲਤਾ, ਨੇਪਥ ਜਾਂ ਪ੍ਰਵੇਸ਼ਕ ਰਾਹੀਂ ਦਿੱਤੀਆਂ ਗਈਆਂ ਸੂਚਨਾਵਾਂ ਇਸ ਦੇ ਨਾਟਕੀ-ਗੁਣਾਂ ਨੂੰ ਘਟਾਉਂਦੀਆਂ ਹਨ । ਫਿਰ ਵੀ ਪਹਿਲੇ ਨਾਟਕ ਵਿਚ ਹੀ ਭਵਭੂਤੀ ਦਾ ਭਾਸ਼ਾ ਉਤੇ ਅਧਿਕਾਰ, ਵਿਲੱਖਣ ਤੇ ਕਲਪਨਾਮਈ ਵਰਣਨ ਕਰਨ ਦੀ ਸਮਰਥਾ ਤੇ ਸੂਖਮਤਰ ਭਾਵਨਾਵਾਂ ਨੂੰ ਵੀ ਸ਼ਬਦਾਂ ਵਿਚ ਬੰਨ੍ਹ ਦੇਣ ਦੀ ਕੁਸ਼ਲਤਾ ਪ੍ਰਤੱਖ ਦਿੱਸਦੀ ਹੈ ।

## 2. ਮਾਲਤੀਮਾਧਵ (ਕ)

ਵਿਦਰਭ ਦੇ ਰਾਜਾ ਦਾ ਮੰਤਰੀ ਦੇਵਰਾਤ ਤੇ ਪਦਮਾਵਤੀ ਦੇ ਰਾਜਾ ਦਾ ਮੰਤਰੀ ਭੂਰਿਵਸੁ ਸਹਿਪਾਠੀ ਤੇ ਜਿਗਰੀ ਦੋਸਤ ਸਨ । ਆਪਣੀ ਜਵਾਨੀ ਵਿਚ ਉਨ੍ਹਾਂ ਨੇ ਪ੍ਰਣ ਕੀਤਾ ਸੀ ਕਿ ਉਨ੍ਹਾਂ ਵਿਚੋਂ ਜੇ ਇਕ ਦੇ ਘਰ ਪੁੱਤਰੀ ਤੇ ਦੂਜੇ ਦੇ ਘਰ ਪੁੱਤਰ ਪੈਦਾ ਹੋਇਆ ਤਾਂ ਉਹ ਦੋਹਾਂ ਦਾ ਵਿਆਹ ਕਰ ਦੇਣਗੇ । ਸਮਾਂ ਪਾ ਕੇ ਦੇਵਰਾਤ ਦਾ ਪੁੱਤਰ ਮਾਧਵ ਆਪਣੇ ਮਿੱਤਰ ਮਕਰੰਦ ਨਾਲ ਦਰਸ਼ਨ-ਸ਼ਾਸਤਰ ਦਾ ਅਧਿਐਨ ਕਰਨ ਲਈ ਪਦਮਾਵਤੀ ਆਇਆ । ਨਗਰ ਵਿਚ ਸ਼ਾਮ ਨੂੰ ਸੈਰ-ਸਪਾਟਾ ਕਰਦੇ ਹੋਏ ਮਾਧਵ ਨੂੰ ਦੇਖ ਕੇ ਭੂਰਿਵਸੂ ਦੀ ਪੁੱਤਰੀ ਮਾਲਤੀ ਉਸ ਉਤੇ ਮੋਹਿਤ ਹੋ ਗਈ । ਜਵਾਨੀ ਤੇ ਸੁੰਦਰਤਾ ਨੇ ਆਪਸੀ ਆਕਰਸ਼ਣ ਨੂੰ ਦੂਣ-ਸਵਾਇਆ ਕਰ ਦਿੱਤਾ । ਨਗਰ ਦੇ ਬਾਗ਼ ਵਿਚ ਕਾਮਦੇਵ ਦੇ ਉਤਸਵ ਉਤੇ ਦੋਹਾਂ ਦਾ ਪਹਿਲਾ ਮਿਲਾਪ ਹੁੰਦਾ ਹੈ । ਮਾਧਵ, ਮਾਲਤੀ ਨੂੰ ਬਕੁਲ-ਮਾਲਾ ਦਿੰਦਾ ਹੈ ਤੇ ਮਾਲਤੀ, ਮਾਧਵ ਨੂੰ ਉਸੇ ਦਾ ਚਿੱਤਰ ਭੇਂਟ ਕਰਦੀ ਹੈ । ਇਸ ਭੇਂਟ ਵਟਾਂਦਰੇ ਨਾਲ ਇਹ ਗੱਲ ਪੱਕੀ ਹੋ ਜਾਂਦੀ ਹੈ ਕਿ ਦੋਵੇਂ ਪ੍ਰੇਮਗ੍ਰਸਿਤ ਹੋ ਗਏ ਹਨ ।

ਪਦਮਾਵਤੀ ਵਿਚ ਬੋਧ ਭਿਕਸ਼ੁਣੀ ਬਣ ਕੇ ਰਹਿਣ ਵਾਲੀ ਕਾਮੰਦਕੀ ਦੇਵਰਾਤ ਤੇ ਭੂਰਿਵਸੂ ਦੇ ਨਾਲ ਪੜ੍ਹੀ ਸੀ ਤੇ ਉਨ੍ਹਾਂ ਦੇ ਪ੍ਰਣ ਤੋਂ ਪੂਰੀ ਤਰ੍ਹਾਂ ਜਾਣੂ ਸੀ । ਸਹਾਇਤਾ ਕਰਨ ਦਾ ਨਿਸ਼ਚਾ ਕਰ ਕੇ ਉਸਨੇ ਮਾਲਤੀ ਦੀ ਦਾਈ ਦੀ ਧੀ ਲਵੰਗਿਕਾ ਰਾਹੀਂ, ਜਿਹੜੀ ਉਸ ਦੀ ਸਹੇਲੀ ਵੀ ਸੀ, ਮਾਧਵ ਪ੍ਰਤੀ ਮਾਲਤੀ ਦੇ ਪ੍ਰੇਮ ਨੂੰ ਉਤਸਾਹਿਤ ਕੀਤਾ । ਕਾਮੰਦਕੀ ਦੀ ਚੇਲੀ ਬੁਧਰਕਸ਼ਿਤਾ ਨੇ ਮਾਲਤੀ ਦੀ ਬਚਪਨ ਦੀ ਸਹੇਲੀ ਮਦਯੰਤਿਕਾ ਨਾਲ, ਮਾਧਵ ਦੇ ਮਿੱਤਰ ਮਕਰੰਦ ਦੀ ਖ਼ਾਤਰ ਮੇਲ-ਜੋਲ ਵਧਾਇਆ । ਦੁਰਭਾਗਵਸ਼ ਮਦਯੰਤਿਕਾ ਦਾ ਭਾਈ ਤੇ ਰਾਜਾ ਦਾ ਸਹਿਚਰੀ ਨੰਦਨ

ਵੀ ਮਾਲਤੀ ਨੂੰ ਚਾਹੁੰਦਾ ਸੀ। ਭੂਰਿਵਸੂ ਨੂੰ ਮਨ ਮਾਰ ਕੇ ਰਾਜੇ ਦੀ ਇੱਛਾ ਦਾ ਮਾਣ ਰਖਣਾ ਪਿਆ। ਕਾਮੰਦਕੀ ਨੇ ਆਪ ਮਾਲਤੀ ਨਾਲ ਗੱਲ ਕੀਤੀ, ਵਿਆਹ ਦੇ ਮੂਲ-ਆਧਾਰ ਪ੍ਰੇਮ ਦੀ ਮਹੱਤਤਾ ਉਸ ਨੂੰ ਸਮਝਾਈ ਤੇ ਸ਼ਕੁੰਤਲਾ, ਵਾਸਵਦੱਤਾ ਆਦਿ ਪ੍ਰਾਚੀਨ ਕਥਾਵਾਂ ਦੀਆਂ ਨਾਇਕਾਵਾਂ ਵਾਂਗ ਸਾਹਸਭਰਿਆ ਕਦਮ ਚੁੱਕਣ ਲਈ ਉਸ ਨੂੰ ਮਨਾਇਆ। ਪਰ ਮਾਧਵ ਪ੍ਰਤੀ ਮਾਲਤੀ ਦੇ ਪਿਆਰ ਦੇ ਟਾਕਰੇ ਵਿਚ ਉੱਚ-ਕੁਲ ਦੀ ਪਰੰਪਰਾ, ਮਾਤਾ-ਪਿਤਾ ਦੇ ਪ੍ਰਤੀ ਸ਼ਰਧਾ ਤੇ ਆਦਰ ਦਾ ਪਲੜਾ ਭਾਰੀ ਰਿਹਾ।

ਕਾਮੰਦਕੀ ਨੇ ਇਕ ਸ਼ਿਵ ਮੰਦਿਰ ਵਿਚ ਪ੍ਰੇਮੀਆਂ ਦੀਆਂ ਦੋਹਾਂ ਜੋੜੀਆਂ ਨੂੰ ਮਿਲਾਉਣ ਦਾ ਪ੍ਰਬੰਧ ਕੀਤਾ। ਪਰ ਕਿਸੇ ਤਰ੍ਹਾਂ, ਇਕ ਸ਼ੇਰ ਦੇ ਮਦਯੰਤਿਕਾ ਉਤੇ ਝਪਟ ਪੈਣ ਕਾਰਣ ਇਸ ਮੁਲਾਕਾਤ ਵਿਚ ਵਿਘਨ ਪੈ ਗਿਆ। ਮਕਰੰਦ ਉਸ ਨੂੰ ਬਚਾਉਣ ਲਈ ਦੌੜਦਾ ਹੈ, ਸ਼ੇਰ ਨੂੰ ਮਾਰਦਾ ਹੈ ਪਰ ਆਪ ਵੀ ਘਾਇਲ ਹੋ ਕੇ ਬੇਹੋਸ਼ ਹੋ ਜਾਂਦਾ ਹੈ। ਮਾਧਵ ਵੀ ਆਪਣੇ ਮਿੱਤਰ ਦੀ ਦੁਰਦਸ਼ਾ ਦੇਖ ਕੇ ਭੈਭੀਤ ਹੋ ਜਾਂਦਾ ਹੈ।

ਇਸ ਘਟਨਾ ਨੇ ਮਦਯੰਤਿਕਾ ਤੇ ਮਕਰੰਦ ਨੂੰ ਪਿਆਰ ਵਿਚ ਹੋਰ ਨੇੜੇ ਲੈ ਆਂਦਾ। ਉਨ੍ਹਾਂ ਨੂੰ ਇਸ ਗੱਲ ਦਾ ਵੀ ਪਹਿਲੀ ਵਾਰੀ ਪਤਾ ਲਗਿਆ ਕਿ ਮਾਲਤੀ ਦਾ ਨੰਦਨ ਨਾਲ ਵਿਆਹ ਹੋਣ ਵਾਲਾ ਹੈ। ਮਦਯੰਤਿਕਾ ਬਹੁਤ ਖ਼ੁਸ਼ ਹੋਈ ਕਿਉਂਕਿ ਨੰਦਨ ਉਸ ਦਾ ਭਰਾ ਸੀ। ਇਸ ਦੇ ਵਿਪਰੀਤ ਮਾਧਵ ਬਹੁਤ ਦੁਖੀ ਸੀ ਭਾਵੇਂ ਕਾਮੰਦਕੀ ਨੇ ਉਸ ਦੀ ਪੂਰੀ ਸਹਾਇਤਾ ਕਰਨ ਦਾ ਵਚਨ ਦਿੱਤਾ ਸੀ।

ਮਾਧਵ ਤੇ ਮਕਰੰਦ ਸਿੰਧੂ ਤੇ ਪਾਰਾ ਨਦੀਆਂ ਦੇ ਸੰਗਮ ਉਤੇ ਨਹਾਉਣ ਜਾਂਦੇ ਹਨ। ਅਸਲ ਵਿਚ ਉਨ੍ਹਾਂ ਦੀ ਯੋਜਨਾ ਇਹ ਸੀ ਕਿ ਨਦੀਆਂ ਦੇ ਪਰਲੇ ਪਾਰ ਸ਼ਮਸ਼ਾਨ ਭੂਮੀ ਵਿਚ ਜਾ ਕੇ ਪ੍ਰੇਤਾਂ ਨੂੰ ਨਰਮਾਸ ਦੀ ਬਲੀ ਦੇ ਕੇ ਉਨ੍ਹਾਂ ਦੀ ਸਹਾਇਤਾ ਜਾਂ ਕੋਈ ਵਿਲੱਖਣ ਸ਼ਕਤੀ ਪ੍ਰਾਪਤ ਕੀਤੀ ਜਾਵੇ।

ਕਾਪਾਲਿਕ ਅਘੋਰਘੰਟ ਨੇ ਆਪਣੀ ਚੇਲੀ ਕਪਾਲਕੁੰਡਲਾ ਨੂੰ ਇਕ ਮੁਟਿਆਰ ਫੜ ਕੇ ਲਿਆਉਣ ਦਾ ਹੁਕਮ ਦਿੱਤਾ ਹੋਇਆ ਸੀ, ਜਿਸ ਦੀ ਬਲੀ ਦੇ ਕੇ ਉਹ ਵਿਸ਼ੇਸ਼ ਤਾਂਤ੍ਰਿਕ ਸ਼ਕਤੀਆਂ ਪ੍ਰਾਪਤ ਕਰ ਸਕੇ। ਸ਼ੇਰ ਵਾਲੀ ਘਟਨਾ ਤੋਂ ਬਾਦ ਮਾਲਤੀ ਘਰ ਵਿਚ ਹੀ ਸੀ ਤੇ ਰਾਤ ਨੂੰ ਕੋਠੇ ਉਤੇ ਸੁੱਤੀ ਪਈ ਸੀ। ਕਪਾਲਕੁੰਡਲਾ ਉਸ ਨੂੰ ਉਥੋਂ ਚੁਕ ਕੇ ਆਪਣੇ ਗੁਰੂ ਕੋਲ ਲੈ ਗਈ। ਸੁਭਾਗਵਸ ਮਾਲਤੀ ਦੀ ਜਾਨ ਬਚਾਉਣ ਲਈ ਮਾਧਵ ਠੀਕ ਮੌਕੇ ਉਤੇ ਪਹੁੰਚ ਗਿਆ। ਮਾਲਤੀ ਦੇ ਲਾ ਪਤਾ ਹੋ ਜਾਣ ਦੀ ਖ਼ਬਰ ਸੁਣ ਕੇ ਉਸ ਦੇ ਪਿਤਾ ਨੇ ਵੀ ਕਾਮੰਦਕੀ ਦੀ ਅਗਵਾਈ ਹੇਠ ਇਕ ਖੋਜੀ ਦਸਤਾ ਭੇਜਿਆ ਤੇ ਸ਼ਮਸ਼ਾਨ ਭੂਮੀ ਦਾ ਕਰਾਲਾ-ਮੰਦਰ ਘੇਰ ਲਿਆ। ਦ੍ਵੰਦ ਯੁੱਧ ਵਿਚ ਮਾਧਵ ਨੇ ਅਘੋਰਘੰਟ ਨੂੰ ਮਾਰ ਦਿੱਤਾ।

ਨੰਦਨ ਨਾਲ ਮਾਲਤੀ ਦੇ ਵਿਆਹ ਨੂੰ ਅਸਫਲ ਬਣਾਉਣ ਲਈ ਕਾਮੰਦਕੀ ਨੇ ਇਕ ਚਲਾਕੀ ਭਰੀ ਯੋਜਨਾ ਬਣਾਈ। ਉਸਨੇ ਰਾਜਾ ਨੰਦਨ ਤੇ ਮਾਲਤੀ ਦੇ ਮਾਤਾ-ਪਿਤਾ ਨੂੰ ਇਸ ਗੱਲ ਉਤੇ ਰਾਜ਼ੀ ਕਰ ਲਿਆ ਕਿ ਸਾਰੇ ਨਾਗਰਿਕਾਂ ਦੇ ਪੂਜ ਨਗਰ



ਦੇਵਤਾ ਦੇ ਮੰਦਿਰ ਵਿਚੋਂ ਦੁਲਹਨ ਦੀ ਸ਼ੋਭਾਯਾਤ੍ਰਾ ਸ਼ੁਰੂ ਹੋਵੇ। ਰਾਜਾ ਦੁਆਰਾ ਦਿੱਤੀ ਗਈ ਵਰੀ ਨੂੰ ਮਾਲਤੀ ਮੰਦਿਰ ਵਿਚ ਹੀ ਪਾਵੇ। ਕਾਮੰਦਕੀ ਨੇ ਮਾਧਵ ਤੇ ਮਕਰੰਦ ਦੇ ਮੰਦਿਰ ਦੇ ਤਹਿਖ਼ਾਨੇ ਵਿਚ ਲੁਕਣ ਦਾ ਪ੍ਰਬੰਧ ਪਹਿਲਾਂ ਤੋਂ ਹੀ ਕੀਤਾ ਹੋਇਆ ਸੀ। ਜਦੋਂ ਮਾਲਤੀ ਕੇਵਲ ਆਪਣੀ ਸਹੇਲੀ ਲਵੰਗਿਕਾ ਨਾਲ ਮੰਦਿਰ ਵਿਚ ਪ੍ਰਵੇਸ਼ ਕਰੇਗੀ, ਤਾਂ ਉਹ ਮਾਧਵ ਨਾਲ ਪਿਛਲੇ ਬੂਹੇ ਵਿਚੋਂ ਭੱਜ ਜਾਵੇਗੀ ਤੇ ਰੁਖਾਂ ਦੇ ਸੰਘਣੇ ਝੁਰਮੁਟ ਵਿਚੋਂ ਹੁੰਦੇ ਹੋਏ ਉਹ ਦੋਵੇਂ ਬੋਧ-ਵਿਹਾਰ ਦੇ ਪਿਛਲੇ ਬਾਗ਼ ਵਿਚ ਪਹੁੰਚਣਗੇ ਜਿਥੇ ਉਨ੍ਹਾਂ ਦਾ ਵਿਆਹ ਹੋ ਜਾਵੇਗਾ। ਫਿਰ ਮਕਰੰਦ ਲਾੜੀ ਦਾ ਜੋੜਾ ਪਹਿਨੇਗਾ ਤੇ ਨੰਦਨ ਨਾਲ ਵਿਆਹ ਕਰਨ ਲਈ ਜਲੂਸ ਤੁਰੇਗਾ।

ਮਕਰੰਦ ਨੇ ਆਪਣੀ ਭੂਮਿਕਾ ਸਫਲਤਾ ਨਾਲ ਨਿਭਾਈ। ਵਿਆਹ ਦੀ ਰਸਮ ਪੂਰੀ ਹੋਣ ਤੋਂ ਬਾਦ ਉਸ ਨੇ ਨੰਦਨ ਦੇ ਸੋਣ ਵਾਲੇ ਕਮਰੇ ਵਿਚ ਪ੍ਰਵੇਸ਼ ਕੀਤਾ, ਆਪਣਾ ਭੇਸ ਉਸੇ ਤਰ੍ਹਾਂ ਬਦਲੀ ਰਖਿਆ ਤੇ ਸ਼ਰਮੀਲੀ ਵਹੁਟੀ ਦਾ ਅਭਿਨੈ ਕੀਤਾ। ਆਪਣੀ ਪਤਨੀ ਨਾਲ ਵਿਲਾਸ ਦੇ ਨੰਦਨ ਦੇ ਸਾਰੇ ਯਤਨ ਬੁਰੀ ਤਰ੍ਹਾਂ ਅਸਫਲ ਹੋਏ। ਉਸ ਨੇ ਸੌਂਹ ਖਾਧੀ ਕਿ ਉਹ ਆਪਣੀ ਵਹੁਟੀ ਦਾ ਮੂੰਹ ਕਦੇ ਨਹੀਂ ਦੇਖੇਗਾ ਤੇ ਗੁਸੇ ਨਾਲ ਭਰਿਆ, ਨਿਰਾਸ਼ਾ ਵਿਚ ਡੁਬਿਆ ਉਹ ਵਾਸਭਵਨ ਵਿਚੋਂ ਬਾਹਰ ਨਿਕਲ ਗਿਆ। ਮਾਲਤੀ ਨੂੰ ਝਿੜਕਣ ਲਈ ਤੇ ਉਸ ਨੂੰ ਸੁਹਾਗਰਾਤ ਦੇ ਚੱਜ-ਆਚਾਰ ਸਮਝਾਉਣ ਲਈ ਮਦਯੰਤਿਕਾ ਵਾਸਭਵਨ ਵਿਚ ਆਈ। ਮਾਲਤੀ ਭੇਖਧਾਰੀ ਮਕਰੰਦ ਨੇ ਸੋਣ ਦਾ ਬਹਾਨਾ ਕੀਤਾ। ਵਹੁਟੀ ਦੀਆਂ ਸਹੇਲੀਆਂ ਦੇ ਰੂਪ ਵਿਚ ਵਾਸਭਵਨ ਵਿਚ ਉਪਸਥਿਤ ਲਵੰਗਿਕਾ ਤੇ ਬੁਧਰਕਸ਼ਿਤਾ ਨੇ ਮਦਯੰਤਿਕਾ ਨੂੰ ਸਮਝਾਇਆ ਕਿ ਨੰਦਨ ਦੀ ਕਾਹਲ ਤੇ ਕਠੋਰ ਵਿਵਹਾਰ ਨੇ ਸੱਜ-ਵਿਆਹੀ ਮਾਲਤੀ ਦੇ ਦਿਲ ਤੇ ਸੱਟ ਮਾਰੀ ਹੈ। ਫਿਰ ਉਨ੍ਹਾਂ ਨੇ ਵਿਸ਼ਾ ਬਦਲ ਕੇ ਮਕਰੰਦ ਪ੍ਰਤੀ ਮਦਯੰਤਿਕਾ ਦੇ ਪਿਆਰ ਬਾਰੇ ਗੱਲ ਤੋਰ ਦਿੱਤੀ। ਵਾਸਭਵਨ ਦੇ ਏਕਾਂਤ ਵਿਚ ਮਦਯੰਤਿਕਾ ਨੇ ਆਪਣਾ ਦਿਲ ਖੋਲ੍ਹ ਕੇ ਰੱਖ ਦਿੱਤਾ, ਜਿਸ ਨੂੰ ਸੁਣਦੇ ਸਾਰ ਹੀ ਮਕਰੰਦ ਨੇ ਵਿਆਹ ਦਾ ਜੋੜਾ ਲਾਹ ਸੁੱਟਿਆ ਤੇ ਅੱਧੀ ਰਾਤ ਪਿਛੋਂ ਮਦਯੰਤਿਕਾ ਨਾਲ ਭੱਜ ਗਿਆ।

ਇਸ ਛਲ ਤੇ ਯੁਵਾ ਪ੍ਰੇਮੀਆਂ ਦੇ ਭਗੌੜੇ ਹੋਣ ਦਾ ਸਮਾਚਾਰ ਜੰਗਲ ਦੀ ਅੱਗ ਵਾਂਗ ਫੈਲ ਗਿਆ ਤੇ ਉਨ੍ਹਾਂ ਦਾ ਪਿੱਛਾ ਕਰਨ ਲਈ ਹਥਿਆਰਬੰਦ ਨਗਰ-ਰਖਿਅਕ ਤੁਰੰਤ ਦੁੜਾਏ ਗਏ। ਮਕਰੰਦ ਬੋਧ-ਵਿਹਾਰ ਦੇ ਪਿੱਛੇ ਮਾਧਵ ਦੇ ਕੰਮ ਚਲਾਊ ਨਿਵਾਸ ਵਿਚ ਇਸਤ੍ਰੀਆਂ ਨੂੰ ਸੁਖ-ਸਾਂਦ ਨਾਲ ਪੁਚਾਉਣ ਵਿਚ ਸਫਲ ਹੋ ਗਿਆ ਜਿਥੇ ਮਾਧਵ ਤੇ ਮਾਲਤੀ ਇਹ ਜਾਨਣ ਲਈ ਕਾਹਲੇ ਸਨ ਕਿ ਬੁਧਰਕਸ਼ਿਤਾ ਮਕਰੰਦ ਤੇ ਮਦਯੰਤਿਕਾ ਦਾ ਮੇਲ ਕਰਵਾਉਣ ਵਿਚ ਸਫਲ ਹੋਈ ਹੈ ਜਾਂ ਨਹੀਂ। ਹੁਣ ਨਗਰ-ਰਖਿਅਕਾਂ ਨਾਲ ਮਕਰੰਦ ਦੇ ਟਾਕਰੇ ਦਾ ਸਮਾਚਾਰ ਦਿੰਦੇ ਹੋਏ ਕਲਹੰਸ ਨਾਲ ਬੁਧਰਕਸ਼ਿਤਾ, ਲਵੰਗਿਕਾ ਤੇ ਮਦਯੰਤਿਕਾ ਮੰਚ ਉਤੇ ਆਉਂਦੀਆਂ ਹਨ। ਮਾਧਵ ਨੂੰ ਆਪਣੇ ਮਿੱਤਰ ਦੀ ਅਦੁਤੀ ਵੀਰਤਾ ਉਤੇ ਪੂਰਾ ਵਿਸ਼ਵਾਸ ਹੈ ਫਿਰ ਵੀ ਉਸ ਦੀ ਸਹਾਇਤਾ ਲਈ ਉਹ ਤੁਰੰਤ ਕਲਹੰਸ ਨਾਲ ਚਲਿਆ ਜਾਂਦਾ ਹੈ। ਮਾਲਤੀ, ਬੁਧਰਕਸ਼ਿਤਾ ਤੇ ਅਵਲੋਕਿਤਾ ਨੂੰ ਇਸ ਗੱਲ ਦੀ ਸੂਚਨਾ ਦੇਣ ਲਈ ਕਾਮੰਦਕੀ

ਕੋਲ ਭੇਜਦੀ ਹੈ ਤੇ ਲਵੰਗਿਕਾ ਰਾਹੀਂ ਮਾਧਵ ਨੂੰ ਲੜਾਈ ਵਿਚ ਸਾਵਧਾਨ ਰਹਿਣ ਦਾ ਸੁਨੇਹਾ ਭੇਜਦੀ ਹੈ।

ਇਸ ਪ੍ਰਕਾਰ ਮਾਲਤੀ ਇਕੱਲੀ ਰਹਿ ਜਾਂਦੀ ਹੈ। ਆਪਣੇ ਗੁਰੂ ਦੀ ਹੱਤਿਆ ਦਾ ਬਦਲਾ ਲੈਣ ਲਈ ਮੌਕੇ ਦੀ ਤਲਾਸ਼ ਵਿਚ ਦਿਨ ਕਟੀ ਕਰਦੀ ਕਪਾਲਕੁੰਡਲਾ ਇਸ ਅਵਸਰ ਦਾ ਤੁਰੰਤ ਲਾਭ ਉਠਾਉਂਦੀ ਹੋਈ ਮਾਲਤੀ ਦਾ ਅਪਹਰਣ ਕਰ ਲੈਂਦੀ ਹੈ।

ਨਗਰ-ਰਖਿਅਕਾਂ ਤੇ ਚੁਪਾਸਿਓਂ ਆਉਣ ਵਾਲੀ ਸੈਨਾ ਨਾਲ ਮਾਧਵ ਤੇ ਮਕਰੰਦ ਨੇ ਡਟ ਕੇ ਯੁਧ ਕੀਤਾ। ਰਾਜਾ ਆਪ ਇਨ੍ਹਾਂ ਨਵਯੁਵਕ ਯੋਧਿਆਂ ਉਤੇ ਪ੍ਰਸੰਨ ਹੋ ਗਏ ਤੇ ਅਜਿਹੇ ਜਮਾਈਆਂ ਦੀ ਪ੍ਰਾਪਤੀ ਲਈ ਮਾਤਾ-ਪਿਤਾ ਨੂੰ ਵਧਾਈ ਦਿੱਤੀ। ਪਰ ਵੀਰਤਾ ਦੇ ਕਾਰਨਾਮਿਆਂ ਤੋਂ ਉਤਪੰਨ ਖੁਸ਼ੀ ਛੇਤੀ ਹੀ ਲੋਪ ਹੋ ਗਈ। ਮਾਲਤੀ ਦੇ ਭੇਦਭਰੇ ਢੰਗ ਨਾਲ ਗੁੰਮ ਹੋ ਜਾਣ ਕਾਰਣ ਮਾਤਾ-ਪਿਤਾ ਨੂੰ, ਰਾਜਾ ਨੂੰ ਤੇ ਪਦਮਾਵਤੀ ਦੀ ਜਨਤਾ ਨੂੰ ਸਦਮਾ ਪਹੁੰਚਿਆ ਤੇ ਸਭ ਸ਼ੋਕ-ਸਾਗਰ ਵਿਚ ਡੁਬ ਗਏ। ਮਾਧਵ ਝੱਲਾ ਜਿਹਾ ਹੋ ਕੇ ਮਾਲਤੀ ਨੂੰ ਲੱਭਦਾ ਪਹਾੜਾਂ ਤੇ ਘਾਟੀਆਂ ਵਿਚ ਭਟਕਣ ਲੱਗਿਆ। ਆਪਣੇ ਮਿੱਤਰ ਵਲੋਂ ਪੂਰੀ ਤਰ੍ਹਾਂ ਨਿਰਾਸ਼ ਹੋਕੇ, ਮਕਰੰਦ ਨੇ ਪਹਾੜ ਦੀ ਟੀਸੀ ਤੋਂ ਛਾਲ ਮਾਰ ਕੇ, ਮਰਨਾ ਚਾਹਿਆ। ਮਾਲਤੀ ਦੇ ਪਿਤਾ ਨੇ ਆਪਣੀ ਜਾਨ ਮੁਕਾ ਦੇਣ ਦਾ ਨਿਰਣਾ ਕਰ ਲਿਆ। ਰਾਜਾ ਤੇ ਕਾਮੰਦਕੀ ਬੇਬਸ ਹੋ ਕੇ ਵਿਰਲਾਪ ਕਰਨ ਲੱਗੇ। ਕਾਮੰਦਕੀ ਵੀ ਆਤਮਘਾਤ ਕਰਨ ਲਈ ਤਿਆਰ ਹੋ ਗਈ। ਇਸ ਘੋਰ ਵਿਪਦਾ ਸਮੇਂ; ਕਾਮੰਦਕੀ ਦੀ ਪੁਰਾਣੀ ਚੇਲੀ, ਯੋਗ-ਸਿੱਧੀ ਪ੍ਰਾਪਤ ਸੌਦਾਮਿਨੀ ਨੇ ਕਪਾਲ-ਕੁੰਡਲਾ ਨੂੰ ਮਾਲਤੀ ਸਹਿਤ ਆਕਾਸ਼ ਮਾਰਗ ਵਿਚੋਂ ਲੰਘਦਿਆਂ ਦੇਖ ਲਿਆ। ਉਸਨੇ ਮਾਲਤੀ ਨੂੰ ਛੁਡਾਇਆ ਤੇ ਮਾਧਵ ਤੇ ਮਕਰੰਦ ਦੀ ਜਾਨ ਵੀ ਬਚਾ ਲਈ।

ਜਿਊਂਦੇ ਜਾਗਦੇ ਮਾਲਤੀ, ਮਾਧਵ ਤੇ ਮਕਰੰਦ ਨੂੰ ਨਾਲ ਲੈ ਕੇ ਸੌਦਾਮਿਨੀ ਜਦੋਂ ਐਨ ਮੌਕੇ ਉਤੇ ਪਦਮਾਵਤੀ ਪਹੁੰਚੀ ਤਾਂ ਸਾਰਾ ਵਾਤਾਵਰਣ ਬਦਲ ਗਿਆ। ਦੁਖਾਂ ਮਾਰੀ ਨਗਰੀ ਖੁਸ਼ੀ ਨਾਲ ਨੱਚ ਉੱਠੀ। ਮਾਲਤੀ ਦੇ ਨਾਲ ਮਾਧਵ ਦੇ ਵਿਆਹ ਨੂੰ ਰਾਜਾ ਨੇ ਸ੍ਵੀਕਾਰ ਕੀਤਾ। ਮਕਰੰਦ ਦਾ ਵਿਆਹ ਮਦਯੰਤਿਕਾ ਨਾਲ ਕਰ ਦਿੱਤਾ ਗਿਆ। ਬੱਚਿਆਂ ਦੀ ਖੁਸ਼ੀ ਵਿਚ ਵਡਿਆਂ ਨੇ ਵੀ ਖ਼ੁਸ਼ੀ ਮਾਣੀ।

(ਖ)

ਸੰਸਕ੍ਰਿਤ ਨਾਟਯ-ਸ਼ਾਸਤਰ ਅਨੁਸਾਰ 'ਮਾਲਤੀਮਾਧਵ' ਇਕ 'ਪ੍ਰਕਰਣ' ਹੈ। 'ਪ੍ਰਕਰਣ' ਦੀ ਕਥਾ-ਵਸਤੂ ਜਾਂ ਤਾਂ ਲੌਕਿਕ ਹੁੰਦੀ ਹੈ ਜਾਂ ਕਵੀ ਕਲਪਿਤ। ਇਹ ਸ਼੍ਰਿੰਗਾਰ-ਰਸ-ਪ੍ਰਧਾਨ ਹੁੰਦੀ ਹੈ। ਇਸ ਦਾ ਕਥਾਪਟ ਵਿਸ਼ਾਲ ਹੁੰਦਾ ਹੈ ਤੇ 'ਪ੍ਰਕਰਣ' ਵਿਚ ਪੰਜ ਤੋਂ ਲੈ ਕੇ ਦਸ ਤਕ ਅੰਕ ਹੋ ਸਕਦੇ ਹਨ। ਨਾਇਕਾ ਉੱਚਕੁਲ ਦੀ ਮੁਟਿਆਰ ਹੁੰਦੀ ਹੈ, ਜਿਵੇਂ ਕਿ ਇਸ ਨਾਟਕ ਵਿਚ ਮਾਲਤੀ; ਜਾਂ ਵੇਸ਼ਵਾ ਹੋ ਸਕਦੀ ਹੈ ਜਿਵੇਂ ਕਿ ਸ਼ੂਦ੍ਰਕ ਦੇ 'ਮ੍ਰਿਛਕਟਿਕ' ਵਿਚ ਵਸੰਤਸੇਨਾ; ਪਹਿਲੇ ਪ੍ਰਕਾਰ



ਦੇ ਪ੍ਰਕਰਣ ਨੂੰ ਸ਼ੁਧ ਕਿਹਾ ਜਾਂਦਾ ਹੈ ਤੇ ਦੂਜੇ ਨੂੰ ਮਿਸ਼ਰ[5]/ਸਮਾਜਕ ਜੀਵਨ ਤੇ ਯਥਾਰਥ ਦੀ ਪਿੱਠਭੂਮੀ ਵਿਚ ਕਥਾ ਦਾ ਵਿਸਤਾਰ ਤੇ ਸ਼੍ਰਿੰਗਾਰ-ਰਸ ਨਾਲ ਭਰਿਆ ਵਿਸ਼ਾ ਕਵੀ ਨੂੰ ਆਪਣੀ ਕਲਪਨਾ-ਉਡਾਰੀ ਲਾਉਣ ਤੇ ਕਾਵਿ-ਪ੍ਰਤਿਭਾ ਦਰਸਾਉਣ ਲਈ ਮੋਕਲਾ ਰਾਹ ਦਿੰਦੇ ਹਨ।

ਇਸ ਨਾਟਕ ਦੇ ਕਥਾਨਕ ਲਈ ਭਵਭੂਤੀ ਨੂੰ ਗੁਣਾਢਯ ਦੀ 'ਬ੍ਰਿਹਤਕਥਾ' ਦੀਆਂ ਕੁਝ ਕਹਾਣੀਆਂ ਤੋਂ ਪ੍ਰੇਰਣਾ ਮਿਲੀ ਹੋਵੇਗੀ। ਸੰਭਵਤਾ ਈਸਵੀ ਸੰਨ ਤੋਂ ਪਹਿਲਾਂ ਹੀ ਪੈਸ਼ਾਚੀ ਬੋਲੀ ਵਿਚ ਲਿਖਿਤ ਮੂਲ-ਗ੍ਰੰਥ ਹੁਣ ਮਿਲਦਾ ਨਹੀਂ। ਪਰ ਉਸ ਦੇ ਸੰਸਕ੍ਰਿਤ ਸੰਸਕਰਣ, ਕਸ਼ੇਮੇਂਦ੍ਰ ਦੀ 'ਬ੍ਰਿਹਤਕਥਾਮੰਜਰੀ' ਤੇ ਗਿਆਰਹਵੀਂ ਸਦੀ ਈਸਵੀ ਵਿਚ ਸੋਮਦੇਵ ਦਾ 'ਕਥਾਸਰਿਤਸਾਗਰ', ਤੁਲਨਾ ਲਈ ਉਪਲਬਧ ਹਨ। ਯਸ਼ਸਕਰ ਬ੍ਰਾਹਮਣ ਦੇ ਪੁਤਰ ਤੇ ਇਕ ਕਸ਼ਤਰੀ ਯੁਵਕ ਵਿਜੇ ਸੇਨ ਦੀ ਭੈਣ ਮਦਿਰਾਵਤੀ ਦੀ ਕਹਾਣੀ ਇਸ ਨਾਟਕ ਦੀ ਕਹਾਣੀ ਨਾਲ ਬਹੁਤ ਮਿਲਦੀ-ਜੁਲਦੀ ਹੈ। ਵਿਸ਼ਾਲਾ ਨਗਰੀ ਵਿਚ ਯਸ਼ਸਕਰ ਦੇ ਪੁਤਰ ਸਦਭਾਵ ਦਾ ਪੜ੍ਹਾਈ ਲਈ ਆਪਣੇ ਗੁਰੂ ਦੇ ਘਰ ਵਿਚ ਰਹਿਣਾ, ਸਦਭਾਵ ਤੇ ਮਦਿਰਾਵਤੀ ਵਿਚ ਪਿਆਰ ਹੋਣਾ, ਮਦਿਰਾਵਤੀ ਦਾ ਆਪਣੇ ਪ੍ਰੇਮੀ ਨੂੰ ਮਾਲਤੀ ਦੀ ਮਾਲਾ ਭੇਂਟ ਕਰਨਾ ਤੇ ਸਦਭਾਵ ਦਾ ਉਸ ਨੂੰ ਚਾਉ ਨਾਲ ਗਲ ਵਿਚ ਪਾਈ ਰਖਣਾ; ਇਕ ਕਸ਼ਤਰੀ ਯੁਵਕ ਨਾਲ ਮਦਿਰਾਵਤੀ ਦਾ ਵਿਆਹ ਪੱਕਾ ਹੋਣਾ; ਵਿਆਹ ਦੀ ਪੂਰਵ-ਸੰਧਿਆ ਮਦਿਰਾਵਤੀ ਦਾ ਕਾਮਦੇਵ ਦੇ ਮੰਦਿਰ ਵਿਚ ਜਾਣਾ ਤੇ ਆਤਮਘਾਤ ਕਰਨ ਦਾ ਯਤਨ ਕਰਨਾ; ਮੂਰਤੀ ਪਿੱਛੇ ਲੁਕੇ ਸਦਭਾਵ ਦਾ ਪ੍ਰਗਟ ਹੋਣਾ ਤੇ ਉਸਨੂੰ ਬਚਾਉਣਾ; ਮੰਦਿਰ ਦੇ ਪਿਛਲੇ ਬੂਹੇ ਵਿਚੋਂ ਪ੍ਰੇਮੀਆਂ ਦਾ ਭੱਜ ਜਾਣਾ, ਸਦਭਾਵ ਦੇ ਮਿੱਤਰ ਦਾ ਵਿਆਹੁਲੀ ਦੇ ਕਪੜੇ ਪਾ ਕੇ ਮਦਿਰਾਵਤੀ ਦੇ ਘਰ ਪਰਤਣਾ; ਉਥੇ ਉਸ ਦੀ ਅਚਾਨਕ ਹੀ ਉਸ ਕੁੜੀ ਨਾਲ ਮੁਲਾਕਾਤ ਹੋਣੀ ਜਿਸ ਨੂੰ ਉਸ ਨੇ ਪਹਿਲਾਂ ਕਦੇ ਹਾਥੀ ਦੇ ਆਘਾਤ ਤੋਂ ਬਚਾਇਆ ਸੀ; ਉਨ੍ਹਾਂ ਦਾ ਆਪਸ ਵਿਚ ਪਿਆਰ ਤੇ ਭੱਜ ਜਾਣਾ[6], ਇਤਿਆਦਿ, ਅਜੇਹੀਆਂ ਗੱਲਾਂ ਹਨ ਜਿਹੜੀਆਂ ਮਾਲਤੀ-ਮਾਧਵ ਤੇ ਮਦਯੰਤਿਕਾ-ਮਕਰੰਦ ਦੀ ਕਹਾਣੀ ਵਿਚਲੀਆਂ ਘਟਨਾਵਾਂ ਨਾਲ ਬਹੁਤ ਮਿਲਦੀਆਂ-ਜੁਲਦੀਆਂ ਹਨ। ਇਕ ਹੋਰ ਬ੍ਰਾਹਮਣ-ਯੁਵਕ ਵਿਦੂਸ਼ਕ ਦੀ ਕਹਾਣੀ ਵਿਚ ਇਹ ਵਰਣਨ ਹੈ ਕਿ ਉਪਰ ਪ੍ਰਾਕ੍ਰਿਤਕ ਸ਼ਕਤੀਆਂ ਦੀ ਪ੍ਰਾਪਤੀ ਲਈ ਉਹ ਅੱਧੀ ਰਾਤ ਨੂੰ ਸ਼ਮਸ਼ਾਨ ਭੂਮੀ ਵਿਚ ਗਿਆ; ਉਥੇ ਉਸ ਨੇ ਇਕ ਸੰਨਿਆਸੀ (ਕਾਪਾਲਿਕ) ਨੂੰ ਦੇਵੀ ਕਾਤਯਾਇਨੀ ਅੱਗੇ ਰਾਜਾ ਅਦਿਤਸੇਨ ਦੀ ਪੁਤਰੀ ਦੀ ਬਲੀ ਚੜ੍ਹਾਉਂਦਿਆਂ ਦੇਖਿਆ; ਉਸ ਨੇ ਆਪਣੀ ਤਲਵਾਰ ਨਾਲ ਕਾਪਾਲਿਕ ਦਾ ਸਿਰ ਲਾਹ ਦਿੱਤਾ; ਦੇਵੀ ਦੇ ਆਸ਼ੀਰਵਾਦ ਨਾਲ ਉਹ ਰਾਜਕੁਮਾਰੀ ਸਹਿਤ ਰਾਜ਼ੀ-ਖ਼ੁਸ਼ੀ ਅੰਤਹਪੁਰ ਵਿਚ ਪਹੁੰਚ ਗਿਆ; ਤੇ ਉਸ ਦੀ

5. ਦੇਖੋ : ਭਰਤ : 'ਨਾਟਯਸ਼ਾਸਤਰ', ੧੮.੪੪-੫੩
6. ਤੁਲਨਾ : 'ਕਥਾਸਰਿਤਸਾਗਰ', ੧੩.੧.੧੨-੨੦੪।

ਵੀਰਤਾ ਤੋਂ ਪ੍ਰਸੰਨ ਹੋ ਕੇ ਰਾਜਾ ਨੇ ਉਸ ਨੂੰ ਆਪਣੀ ਧੀ ਦੇ ਦਿੱਤੀ ।[7]

ਇਕ ਕੰਵਾਰੀ ਦੀ ਬਲੀ, ਪ੍ਰੇਤਾਂ ਦੀ ਸੰਤੁਸ਼ਟੀ ਤੇ ਉਨ੍ਹਾਂ ਨੂੰ ਸਿੱਧ ਕਰਨ ਲਈ ਨਰਮਾਸ ਵੇਚੇ ਜਾਣ ਦੀਆਂ ਅਧਿਕਲਪਨਾਵਾਂ ਇਨ੍ਹਾਂ ਸਾਰੀਆਂ ਕਹਾਣੀਆਂ ਵਿਚ ਮਿਲਦੀਆਂ ਹਨ ।[8] ਨਾਟਕ ਦੇ ਪੰਜਵੇਂ ਅੰਕ ਵਿਚ ਸ਼ਮਸ਼ਾਨ ਭੂਮੀ ਦਾ ਦ੍ਰਿਸ਼ ਤੇ ਆਘੋਰਘੰਟ ਦੇ ਡਰਾਉਣੇ ਕਾਰਜ ਦਾ ਮੂਲਰੂਪ ਵੀ 'ਬ੍ਰਿਹਤਕਥਾ' ਦੀਆਂ ਇਨ੍ਹਾਂ ਕਹਾਣੀਆਂ ਵਿਚ ਦੇਖਿਆ ਜਾ ਸਕਦਾ ਹੈ । ਵਾਸਤਵ ਵਿਚ ਇਕ ਯੁਵਕ ਦਾ ਕੁੜੀ ਦਾ ਭੇਖ ਧਾਰਨਾ ਤੇ ਕਿਸੇ ਵਿਸ਼ੇਸ਼ ਮੰਤਵ ਦੀ ਪੂਰਤੀ ਲਈ ਲੋਕਾਂ ਦੇ ਅੱਖੀਂ ਘੱਟਾ ਪਾਉਣ ਦੀ ਅਧਿਕਲਪਨਾ ਵਿਸ਼ਾਖਦੱਤ ਦੇ ਨਾਟਕ 'ਦੇਵੀਚੰਦਰਗੁਪਤ' ਵਿਚ ਵੀ ਮਿਲਦੀ ਹੈ ਜਿਹੜਾ ਟੁਕੜਿਆਂ ਵਿਚ ਪ੍ਰਾਪਤ ਹੋਇਆ ਹੈ ।[9] ਯੁਵਕ ਨਾਇਕ ਦਾ ਆਪਣੇ ਆਪ ਨੂੰ ਲੁਕਾਣਾ ਤੇ ਆਤਮਘਾਤ ਕਰਨ ਉਤੇ ਉਤਾਰੂ ਨਾਇਕਾ ਨੂੰ ਬਚਾਉਣ ਲਈ ਦੌੜ ਕੇ ਅੱਗੇ ਆਉਣਾ ਭਾਸ ਦੇ 'ਅਵਿਮਾਰਕ' ਤੇ ਹਰਸ਼ ਦੀ 'ਰਤਨਾਵਲੀ' ਵਿਚ ਵੀ ਮਿਲਦਾ ਹੈ । ਮਾਧਵ ਦੀ ਦੀਵਾਨਗੀ ਦੇ ਚਿਤ੍ਰਣ ਦਾ ਪੂਰਵਰੂਪ 'ਰਾਮਾਇਣ' ਵਿਚ ਤੇ ਕਾਲੀਦਾਸ ਦੇ 'ਵਿਕ੍ਰਮੋਰਵਸ਼ੀਯ' ਵਿਚ ਚਿਤ੍ਰਿਤ ਪੁਰੂਰਵਾ ਦੇ ਪਾਗਲਪਨ ਵਿਚ ਹੈ । ਤੇ ਕਾਲੀਦਾਸ ਦੇ 'ਮਾਲਵਿਕਾਗਨਿਮਿਤ੍ਰ' ਦੀ ਚੁੱਪ-ਕੀਤੀ ਪਰਿਵ੍ਰਾਜਿਕਾ ਭਵਭੂਤੀ ਦੀ ਚਤੁਰਤਮ ਕਾਮੰਦਕੀ ਦੀ ਪੂਰਵਗਾਮਿਨੀ ਹੈ ।

ਇਸ ਦਾ ਇਹ ਮਤਲਬ ਨਹੀਂ ਕਿ ਭਵਭੂਤੀ ਵਿਚ ਕਾਲਪਨਿਕ ਸ਼ਕਤੀ ਦਾ ਅਭਾਵ ਹੈ । ਵਾਸਤਵ ਵਿਚ 'ਬ੍ਰਿਹਤਕਥਾ' ਵਿਚ ਤੇ 'ਸ਼ਕੁੰਤਲਾ', 'ਮ੍ਰਿਛਕਟਿਕ' ਆਦਿ ਕਈ ਨਾਟਕਾਂ ਵਿਚ ਮਿਲਣ ਵਾਲੀ ਮਦਮਸਤ ਹਾਥੀ ਦੇ ਬੇਕਾਬੂ ਹੋ ਕੇ, ਚਾਰ-ਚੁਫੇਰੇ ਭਗਦੜ ਪਾਉਣ ਦੀ ਅਧਿਕਲਪਨਾ ਨੂੰ ਭਵਭੂਤੀ ਨੇ ਸ਼ੇਰ ਦੇ ਆਕ੍ਰਮਣ ਦਾ ਰੂਪ ਦੇ ਦਿਤਾ ਹੈ । ਲੇਖਕ ਦੀ ਯੋਗਤਾ, ਉਸ, ਨਿਰੀ ਆਵਿਸ਼ਕਾਰ ਦੀ ਕੁਸ਼ਲਤਾ ਨਾਲ ਹੀ, ਨਹੀਂ ਪਰਖੀ ਜਾਂਦੀ ਜਿਹੜੀ ਆਮ ਕਰਕੇ ਦੁਰਲਭ ਹੁੰਦੀ ਹੈ । ਉਸਦੀ ਕਾਰੀਗਰੀ ਤਾਂ ਸ੍ਰੋਤਾਂ ਦਾ ਆਪਣੇ ਅਨੁਸਾਰ ਪ੍ਰਯੋਗ ਕਰਨ ਤੇ ਵੱਖ-ਵੱਖ ਤੱਤਾਂ ਰਾਹੀਂ ਇਕ ਨਵੀਂ-ਨਰੋਈ ਕਲਾਕ੍ਰਿਤੀ ਦੀ ਸਿਰਜਨਾ ਕਰਨ ਵਿਚ ਹੈ ।

'ਮਾਲਤੀਮਾਧਵ' ਦੀ ਕਹਾਣੀ ਦਾ ਵਿਸ਼ਾ ਪ੍ਰੇਮ ਹੈ । ਭਵਭੂਤੀ ਨੇ ਇਸ ਦੇ ਨਾਟਕੀ ਪ੍ਰਤਿਰੂਪ ਨੂੰ ਤਿੰਨ ਵੱਖ-ਵੱਖ ਲੜੀਆਂ ਨਾਲ ਗੁੰਦਿਆ ਹੈ । ਪ੍ਰਧਾਨ ਕਥਾ-ਵਸਤੂ ਹੈ ਮਾਲਤੀ ਤੇ ਮਾਧਵ ਦਾ ਪ੍ਰੇਮ ਤੇ ਉਸ ਦੀ ਪੂਰਤੀ । ਇਸ ਵਿਚ ਕੋਈ ਔਕੜ ਹੀ ਨਹੀਂ ਸੀ ਕਿਉਂ ਕਿ ਇਹ ਸੰਬੰਧ ਦੋਹਾਂ ਦੇ ਮਾਤਾ-ਪਿਤਾ ਦੀ ਮਰਜ਼ੀ

7. ਉਹੀ : -੪-੧੪੫ ਨਾਲ ਹੀ; 'ਬ੍ਰਿਹਤਕਥਾਮੰਜਰੀ' ੩-੧-੧੯੪-੨੩੦ ।
8. ਤੁਲਨਾ : 'ਕਥਾਸਰਿਤਸਾਗਰ', ੫.੨.੧੯੨-੬; 'ਬ੍ਰਿਹਤਕਥਾਮੰਜਰੀ'—੧੯.੨.੫੩-੫੪
9. ਇਸ ਨਾਟਕ ਦੇ ਵਿਵਰਣ ਲਈ ਵੇਖੋ : ਰਾਘਵਨ : 'ਦਿ ਸੋਸ਼ਲ ਪਲੇ ਇਨ ਸੰਸਕ੍ਰਿਤ'; ਦਿ ਇੰਡੀਅਨ ਇੰਸਟੀਟਿਊਟ ਆਫ ਕਲਚਰ, ਬੰਗਲੌਰ, ਟ੍ਰਾਂਜੈਕਸ਼ਨ ਨੰਬਰ ੧੧ (੧੯੫੨); ਪੰ. ੭-੧੧ ।
ਨਾਲ ਹੀ, 'ਦਿ ਜਰਨਲ ਆਫ ਦਿ ਬਨਾਰਸ ਹਿੰਦੂ ਯੂਨਿਵਰਸਿਟੀ', ਸੰਚੀ ੨ (੧੯੩੭-੩੮) ਪ. ੨੩-੫੪; ੩੦੭ ।



ਨਾਲ ਪੱਕਾ ਹੋਇਆ ਸੀ । ਇਸ ਪ੍ਰੇਮ-ਪ੍ਰਸੰਗ ਵਿਚ ਰੁਚੀ ਵਧਾਉਣ ਲਈ ਨਾਟਕਕਾਰ ਸੰਘਰਸ਼ ਦਾ ਤੱਤ ਪ੍ਰਸਤੁਤ ਕਰਦਾ ਹੈ । ਇਸ ਦੇ ਸਹਿਜ ਵਿਕਾਸ ਵਿਚ ਦੋ ਰੁਕਾਵਟਾਂ ਹਨ । ਇਕ ਹੈ ਰਾਜਾ ਦੇ ਪਿਆਰੇ ਸਹਿਚਰੀ ਨੰਦਨ ਨਾਲ ਮਾਲਤੀ ਦਾ ਪ੍ਰਸਤਾਵਿਤ ਵਿਆਹ; ਇਹ ਬਾਹਰਲੀ ਰੁਕਾਵਟ ਹੈ । ਅੰਦਰਲੀ ਰੋਕ ਹੈ ਮਾਲਤੀ ਦਾ ਨਿਜੀ ਸੁਭਾਉ । ਉਹ ਸਰਲ ਤੇ ਸਦਗੁਣੀ ਹੈ ਤੇ ਆਪਣੇ ਉੱਚ ਕੁਲ ਦੀਆਂ ਪਰੰਪਰਾਵਾਂ ਦੀ ਪੁਜਾਰਨ ਹੈ । ਲੀਕ ਤੋਂ ਹਟ ਕੇ ਉਹ ਕੁਝ ਵੀ ਕਰਨ ਨੂੰ ਤਿਆਰ ਨਹੀਂ । ਮਾਤਾ-ਪਿਤਾ ਦੀ ਆਗਿਆ ਦੀ ਉਲੰਘਣਾ, ਗੁਪਤ ਸ਼ੜਯੰਤਰ, ਪ੍ਰੇਮੀ ਨਾਲ ਉੱਧਲਣਾ, ਸਾਹਸਪੂਰਣ ਰੋਮਾਂਸ...ਇਹ ਸਭ ਉਸ ਦੇ ਸੁਭਾਉ ਲਈ ਓਪਰੇ ਹਨ । ਇਨ੍ਹਾਂ ਦੋਹਾਂ ਰੁਕਾਵਟਾਂ ਦਾ ਆਪਸੀ ਟਕਰਾਉ ਨਾਟਕੀ ਵਿਕਾਸ ਲਈ ਸਾਮਗਰੀ ਤੇ ਰੰਗ ਪ੍ਰਦਾਨ ਕਰਦਾ ਹੈ । ਕਾਮੰਦਕੀ ਦੀ ਵਿਅਕਤਿਗਤ ਭਾਸ਼ਣਪ੍ਰਵੀਣਤਾ, ਅਨੇਕ ਸਾਥੀਆਂ ਰਾਹੀਂ ਸਿਰੇ ਚਾੜ੍ਹੀਆਂ ਗਈਆਂ ਉਸ ਦੀਆਂ ਯੋਜਨਾਵਾਂ ਇਨ੍ਹਾਂ ਰੁਕਾਵਟਾਂ ਨੂੰ ਦੂਰ ਕਰਨ ਦੇ ਲੇਖੇ ਲੱਗੀਆਂ ਹਨ । ਨੰਦਨ ਨਾਲ ਮਾਲਤੀ ਦਾ ਵਿਆਹ ਇਕ ਸਾਧਾਰਣ ਜਿਹੀ ਘਟਨਾ ਨਾਲ ਟਾਲਿਆ ਜਾ ਸਕਦਾ ਸੀ ਪਰ ਮੁਖ ਸਮਸਿਆ ਇਹ ਸੀ ਕਿ ਸਦਗੁਣਾਂ ਦੀ ਭਾਵਨਾ ਨਾਲ ਭਰੀ ਤੇ ਕਿਸੇ ਵੀ ਅਸਾਧਾਰਣ, ਸਦਾਚਾਰ ਵਿਰੋਧੀ ਕਾਰਜ ਤੋਂ ਡਰਨ ਵਾਲੀ ਮਾਲਤੀ ਨੂੰ ਆਪਣੇ ਪ੍ਰੇਮੀ ਨਾਲ ਗੰਧਰਵ-ਵਿਆਹ ਕਰਨ ਲਈ ਕਿਵੇਂ ਮਨਾਇਆ ਜਾਵੇ ? ਨਾਟਕ ਦੇ ਪਹਿਲੇ ਤਿੰਨ ਅੰਕਾਂ ਵਿਚ ਕਾਮੰਦਕੀ ਦੀ ਸਾਰੀ ਕੁਸ਼ਲਤਾ ਤੇ ਯਤਨ ਇਸ ਫਲ ਦੀ ਪ੍ਰਾਪਤੀ ਲਈ ਹੀ ਹਨ ।

ਕਥਾਨਕ ਦੀ ਦੂਜੀ ਲੜੀ ਹੈ ਮਕਰੰਦ ਤੇ ਮਦਯੰਤਿਕਾ ਦਾ ਪ੍ਰੇਮ । ਭਵਭੂਤੀ ਨੇ ਮਕਰੰਦ ਨੂੰ ਮਾਧਵ ਦੇ ਪੱਕੇ ਮਿੱਤਰ ਤੇ ਸਹਿਚਾਰੀ ਦੇ ਰੂਪ ਵਿਚ ਤੇ ਮਦਯੰਤਿਕਾ ਨੂੰ ਨੰਦਨ ਦੀ ਭੈਣ ਤੇ ਮਾਲਤੀ ਦੀ ਬਚਪਨ ਦੀ ਸਹੇਲੀ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ । ਇਨ੍ਹਾਂ ਸੰਬੰਧਾਂ ਨਾਲ ਉਪਕਥਾ ਨੂੰ ਮੁਖਕਥਾ ਨਾਲ ਗੁੰਦਣਾ ਸੌਖਾ ਹੋ ਜਾਂਦਾ ਹੈ । ਨਾਲ ਹੀ ਇਹ ਵੀ ਨਿਸ਼ਚਿਤ ਹੋ ਜਾਂਦਾ ਹੈ ਕਿ ਇਕ ਘਟਨਾ ਦੀ ਪੂਰਤੀ ਵਿਚ ਦੂਜੀ ਘਟਨਾ ਵੀ ਆ ਜਾਂਦੀ ਹੈ ਜਾਂ ਸਹਿਜੇ ਹੀ ਪੂਰੀ ਹੋ ਜਾਂਦੀ ਹੈ । ਮਕਰੰਦ ਨੇ ਮਾਲਤੀ ਲਈ ਲਿਆਂਦਾ ਗਿਆ ਵਿਆਹ ਦਾ ਜੋੜਾ ਪਾ ਲਿਆ ਤੇ ਮਾਲਤੀ ਦੀ ਥਾਂ ਆਪ ਨੰਦਨ ਨਾਲ ਵਿਆਹ ਦੀਆਂ ਰਸਮਾਂ ਪੂਰੀਆਂ ਕੀਤੀਆਂ । ਇਸ ਨੇ ਮਾਲਤੀ ਦੀ ਔਕੜ ਸੁਲਝਾਈ; ਉਸ ਨੂੰ ਮਾਧਵ ਨਾਲ ਵਿਆਹ ਕਰਨ ਦੀ ਸਮਰੱਥਾ ਦਿੱਤੀ; ਤੇ ਨਾਲ ਹੀ ਇਸ ਛਲ ਨੇ ਮਕਰੰਦ ਨੂੰ ਵਾਸਭਵਨ ਵਿਚ ਪ੍ਰਵੇਸ਼ ਕਰਨ ਤੇ ਆਪਣੇ ਲਈ ਮਦਯੰਤਿਕਾ ਨੂੰ ਪਾਪਤ ਕਰਨ ਵਿਚ ਸਹਾਇਤਾ ਕੀਤੀ ।

ਮਾਧਵ ਦੇ ਸੇਵਕ ਕਲਹੰਸ ਤੇ ਮਾਲਤੀ ਦੀ ਟਹਿਲਣ ਮੰਦਾਰਿਕਾ ਦਾ ਪ੍ਰੇਮ-ਪ੍ਰਸੰਗ ਇਸ ਪ੍ਰੇਮ-ਕਥਾ ਦੀ ਤੀਜੀ ਲੜੀ ਹੈ । ਇਹ ਦੋਵੇਂ ਮਾਲਤੀ ਤੇ ਮਾਧਵ ਦੇ ਪ੍ਰੇਮ ਨੂੰ ਵਧਾਉਣ ਵਿਚ ਸਹਾਇਕ ਹੁੰਦੇ ਸਨ । ਮਾਲਤੀ ਨੇ ਆਪਣੀ ਪ੍ਰੇਮ-ਪੀੜਾ ਦੀ ਸ਼ਾਂਤੀ ਤੇ ਮਨ-ਪਰਚਾਵੇ ਲਈ ਮਾਧਵ ਦਾ ਇਕ ਚਿਤਰ ਬਣਾਇਆ ਸੀ । ਉਸਨੇ ਉਹ ਲਵੰਗਿਕਾ ਨੂੰ ਦਿੱਤਾ । ਲਵੰਗਿਕਾ ਨੇ ਉਹ ਚਿਤਰਪਟ ਮੰਦਾਰਿਕਾ ਕੋਲ ਪੁਚਾ ਦਿੱਤਾ । ਕਲਹੰਸ ਤੇ ਮੰਦਾਰਿਕਾ ਪ੍ਰੇਮੀ ਸਨ । ਕਲਹੰਸ ਨੇ ਚਿਤਰ ਦੇਖਿਆ ਤੇ

ਮੰਦਾਰਿਕਾ ਤੋਂ ਚੋਰੀ ਉਸ ਚਿਤਰ ਨੂੰ ਆਪਣੇ ਸੁਆਮੀ ਕੋਲ ਲੈ ਗਿਆ । ਮਕਰੰਦ ਨੇ ਮਾਧਵ ਨੂੰ ਉਸੇ ਚਿਤਰਪਟ ਉਤੇ ਮਾਲਤੀ ਦਾ ਚਿਤਰ ਬਨਾਉਣ ਲਈ ਕਿਹਾ । ਮਾਧਵ ਨੇ ਤਸਵੀਰ ਬਣਾਈ ਤੇ ਉਸ ਹੇਠਾਂ ਇਕ ਪਦ ਵੀ ਲਿਖ ਦਿਤਾ । ਮੰਦਾਰਿਕਾ ਚਿੱਤਰਪਟ ਤੇ ਕਲਹੰਸ ਦੋਹਾਂ ਨੂੰ ਲਭਦੀ ਉਥੇ ਹੀ ਆ ਗਈ ਤੇ ਇਸ ਤਰ੍ਹਾਂ ਉਸੇ ਦੇ ਹੱਥੀਂ ਚਿਤਰਪਟ ਮਾਲਤੀ ਕੋਲ ਪਹੁੰਚ ਗਿਆ । ਇਹ ਸਹਿਜੇ ਹੀ ਮਾਲਤੀ ਤੇ ਮਾਧਵ ਦੇ ਪ੍ਰੇਮ-ਬੰਧਨ ਨੂੰ ਪੱਕਾ ਕਰਨ ਵਿਚ ਸਹਾਈ ਹੋਇਆ ।

ਭਵਭੂਤੀ ਨੇ ਆਪਣੀ ਕਹਾਣੀ ਨੂੰ ਸ਼ੜਯੰਤਰ ਤੇ ਸੰਸੇ-ਯੁਕਤ ਬਨਾਉਣ ਲਈ ਜਾਣ-ਬੁੱਝ ਕੇ ਯਤਨ ਕੀਤਾ ਹੈ । ਮਾਲਤੀ ਦਾ ਵਿਆਹ ਕਰਨ ਲਈ ਰਾਜਾ ਦੀ ਦਿਲਚਸਪੀ ਤੇ ਮਾਲਤੀ ਦੇ ਪਿਤਾ ਦੀ ਬੇਬਸੀ ਦੀ ਪਿੱਠਭੂਮੀ ਵਿਚ ਯੁਵਾ ਪ੍ਰੇਮੀਆਂ ਨੂੰ ਸ਼ਿਵ-ਮੰਦਿਰ ਵਿਚ ਲਿਆਉਣ ਤੇ ਨੰਦਨ ਨੂੰ ਉੱਲੂ ਬਨਾਉਣ ਦੀਆਂ ਕਾਮੰਦਕੀ ਦੀਆਂ ਯੋਜਨਾਵਾਂ ਉਤਨੀਆਂ ਹੀ ਚਤੁਰ ਹਨ ਜਿਤਨੀਆਂ ਰੋਚਕ । ਇਸ ਪ੍ਰਕਾਰ ਦੀਆਂ ਰੁਚੀਆਂ ਦੇ ਟਕਰਾਉ ਤੋਂ ਹੀ ਨਾਟਕ ਵਿਚ ਤਣਾਉ ਪੈਦਾ ਹੁੰਦਾ ਹੈ । ਤੇ ਰੁਕਾਵਟਾਂ ਨੂੰ ਦੂਰ ਕਰਨ ਲਈ ਕੀਤੇ ਗਏ ਉਪਾਉ ਉਸ ਵਿਚ ਰੋਚਕਤਾ ਭਰ ਦਿੰਦੇ ਹਨ । ਕਹਾਣੀ ਦੇ ਦੂਜੇ ਤੱਤ ਵੀ ਇਸੇ ਤਰ੍ਹਾਂ ਕੰਮ ਕਰਦੇ ਹਨ । ਉਦਾਹਰਣ ਵਜੋਂ, ਮਾਧਵ ਤੇ ਮਕਰੰਦ ਦਾ ਡੂੰਘਾ ਪਿਆਰ ਨਿਹਸੰਦੇਹ ਦੋਹਾਂ ਪ੍ਰੇਮ-ਪ੍ਰਸੰਗਾਂ ਦੀ ਅੰਤਿਮ ਸਫਲਤਾ ਵਿਚ ਸਹਾਇਕ ਹੁੰਦਾ ਹੈ । ਪਰ ਇਸ ਨਾਲ ਅਚਿੰਤੇ ਖ਼ਤਰੇ ਵੀ ਪੈਦਾ ਹੋ ਜਾਂਦੇ ਹਨ । ਜਦੋਂ ਸ਼ੇਰ ਦੇ ਪੰਜਿਆਂ ਵਿਚੋਂ ਮਦਯੰਤਿਕਾ ਨੂੰ ਛੁਡਾਉਣ ਲਈ ਮਕਰੰਦ ਦੌੜਦਾ ਹੈ ਜਾਂ ਜਦੋਂ ਨੰਦਨ ਦੇ ਘਰੋਂ ਮਦਯੰਤਿਕਾ ਨਾਲ ਭੱਜ ਜਾਣ ਸਮੇਂ ਸ਼ਸਤਰਧਾਰੀ ਨਗਰ-ਰਖਿਅਕਾਂ ਰਾਹੀਂ ਉਸ ਦਾ ਪਿੱਛਾ ਕੀਤਾ ਜਾਂਦਾ ਹੈ; ਉਦੋਂ ਮਾਧਵ ਤੋਂ ਇਹ ਆਸ ਨਹੀਂ ਕੀਤੀ ਜਾ ਸਕਦੀ ਕਿ ਉਹ ਹੱਥ ਉਤੇ ਹੱਥ ਰਖ ਕੇ ਚੁਪਚਾਪ ਪਰਿਣਾਮ ਦੀ ਪ੍ਰਤੀਖਿਆ ਕਰਦਾ ਰਹੇ । ਆਪਣੇ ਮਿੱਤਰ ਵੱਲੋਂ ਯੁੱਧ ਵਿਚ ਮਾਧਵ ਦੇ ਕੁੱਦ ਪੈਣ ਮਗਰੋਂ ਸੰਭਾਵਤ ਖ਼ਤਰਾ ਵਧ ਜਾਂਦਾ ਹੈ । ਇਸ ਤਰ੍ਹਾਂ ਪਰਿਸਥਿਤੀ ਬਹੁਤ ਤਣਾਉਪੂਰਣ ਹੋ ਜਾਂਦੀ ਹੈ ਤੇ ਲਟਕਾਉ ਵਧ ਜਾਂਦਾ ਹੈ । ਇਕ ਪਲ ਲਈ ਤਾਂ ਯੁਵਾ ਪ੍ਰੇਮੀਆਂ ਦਾ ਸਾਰਾ ਭਵਿੱਖ ਖ਼ਤਰੇ ਵਿਚ ਪੈ ਜਾਂਦਾ ਹੈ । ਤੇ ਪਾਠਕ-ਦਰਸ਼ਕ ਸਾਹ ਰੋਕ ਕੇ ਅਗਲੀ ਘਟਨਾ ਦੀ ਉਡੀਕ ਕਰਦਾ ਹੈ । ਫਿਰ ਜਦੋਂ ਮਾਲਤੀ ਦੇ ਭੇਦਪੂਰਵਕ ਲਾ ਪਤਾ ਹੋਣ ਉਤੇ ਮਾਧਵ ਦਾ ਮਾਨਸਿਕ ਸੰਤੁਲਨ ਵਿਗੜ ਜਾਂਦਾ ਹੈ ਤੇ ਮਕਰੰਦ ਵੀ ਆਤਮਹਤਿਆ ਲਈ ਤਿਆਰ ਹੋ ਜਾਂਦਾ ਹੈ; ਤਾਂ ਕਥਾ ਪ੍ਰਵਾਹ ਸੰਦਿਗਧ ਅਵਸਥਾ ਵਿਚ ਰੁਕ ਜਾਂਦਾ ਹੈ । ਇਸ ਪ੍ਰਕਾਰ ਦੀਆਂ ਤਣਾਉਪੂਰਣ ਪਰਿਸਥਿਤੀਆਂ ਪੈਦਾ ਕਰਨ ਵਿਚ ਭਵਭੂਤੀ ਦੀ ਕੁਸ਼ਲਤਾ ਇਸ ਨਾਟਕ ਵਿਚ ਦ੍ਰਿਸ਼ਟਿਗੋਚਰ ਹੁੰਦੀ ਹੈ ।

ਇਕ ਹੋਰ ਦ੍ਰਿਸ਼ਟਿਕੋਣ ਤੋਂ ਵੀ ਇਸ ਨਾਟਕ ਨੂੰ ਦੇਖਿਆ-ਪਰਖਿਆ ਜਾ ਸਕਦਾ ਹੈ । ਭਵਭੂਤੀ ਚੰਗੀ ਕਿਰਤ ਦੇ ਕੁਝ ਗੁਣਾਂ ਬਾਰੇ ਪ੍ਰਸਤਾਵਨਾ ਵਿਚ ਦੱਸਦੇ ਹਨ—ਪ੍ਰਵਾਹਸ਼ੀਲ ਰਸ ਸੰਚਾਰ, ਮਨੋਹਾਰੀ ਕਰਮ, ਪ੍ਰੇਮ ਤੇ ਸਾਹਸਪੂਰਣ ਵਿਸ਼ਾ,



ਜਟਿਲ ਤੇ ਵਿਸਮਾਦਕਾਰੀ ਵਸਤੂਯੋਜਨਾ, ਸੋਧੇ ਹੋਏ ਤੇ ਚੁਸਤ ਸੰਵਾਦ ।[10] ਸਪਸ਼ਟ ਹੈ ਕਿ ਭਵਭੂਤੀ ਇਨ੍ਹਾਂ ਗੁਣਾਂ ਦੇ ਚਾਹਵਾਨ ਸਨ ਤੇ ਮਨਚਾਹੇ ਪ੍ਰਭਾਵ ਦੀ ਪ੍ਰਾਪਤੀ ਲਈ ਉਨ੍ਹਾਂ ਨੇ ਇਹ ਨਾਟਕ ਲਿਖਿਆ ।

ਕਥਾਨਕ ਵਿਵਿਧ ਘਟਨਾਵਾਂ ਤੇ ਸੰਜੋਗਾਂ ਨਾਲ ਭਰਿਆ ਹੋਇਆ ਹੈ । ਵਿਸਤਾਰ ਵਿਚ ਅੰਤਰ ਥਾਪ ਕੇ ਭਵਭੂਤੀ ਉਨ੍ਹਾਂ ਨੂੰ ਵੱਖ-ਵੱਖ ਰਖਦੇ ਹਨ । ਮੁੱਖ ਤੇ ਗੌਣ ਕਥਾਨਕਾਂ ਵਿਚ ਪ੍ਰੇਮ ਤੇ ਸਾਹਸ ਦੇ ਪ੍ਰਸੰਗ, ਮਾਲਤੀ ਦੇ ਲਾ ਪਤਾ ਹੋ ਜਾਣ ਦਾ ਰਹੱਸ, ਮੌਤ ਦੇ ਮੂੰਹ ਵਿਚ ਜਾ ਕੇ ਵਾਲ ਵੀ ਵਿੰਗਾ ਨਾ ਹੋਣਾ, ਅਸਚਰਜ ਤੇ ਭੈ ਉਪਜਾਊ ਸਥਿਤੀਆਂ—ਇਹ ਸਭ ਕਥਾਨਕ ਤੇ ਨਾਟਵਸਤੂ ਦੇ ਵਿਕਾਸ ਵਿਚ ਚਕਾਚੌਂਧ ਕਰ ਦੇਣ ਵਾਲੀ ਵਿਵਿਧਤਾ ਪੈਦਾ ਕਰਦੇ ਹਨ । ਕਹਾਣੀ ਵੀ ਇੱਕ ਥਾਂ ਤੋਂ ਦੂਜੀ ਥਾਂ ਘੁੰਮਦੀ ਰਹਿੰਦੀ ਹੈ; ਸਰਵਸਾਧਾਰਣ ਜਾਣੇ-ਪਛਾਣੇ ਨਗਰ, ਬਾਗ਼, ਰਾਜਮਹਲ, ਮੰਦਿਰ, ਬੋਧ-ਵਿਹਾਰ ਤੋਂ ਲੈ ਕੇ ਅਸਾਧਾਰਣ ਭਿਆਵਲ ਸਥਾਨਾਂ ਤਕ ਜਿਵੇਂ ਕਿ ਸ਼ਮਸ਼ਾਨ ਭੂਮੀ ਤੇ ਇਸ ਲੋਕ ਤੋਂ ਪਰੇ ਅੰਤਰਿਕਸ਼ । ਰਸ-ਸੰਚਾਰ ਵੀ ਆਨੰਦਦਾਇਕ ਪ੍ਰੇਮ ਤੋਂ ਲੈ ਕੇ ਵੀਰਤਾਪੂਰਣ ਯੁੱਧ ਤਕ, ਚਿੱਤ ਪੰਘਰਾਉਣ ਵਾਲੀਆਂ ਕੋਮਲ ਭਾਵਨਾਵਾਂ ਤੋਂ ਲੈ ਕੇ ਅਭੂਤਪੂਰਵ ਘਿਰਣਾ ਤੇ ਸਹਿਜ ਚੇਤਨਾ ਨੂੰ ਸੁੰਨ ਕਰ ਦੇਣ ਵਾਲੇ ਭੈ ਤਕ ਹੁੰਦਾ ਹੈ । ਪ੍ਰਿਥਵੀ ਤੇ ਅੰਤਰਿਕਸ਼, ਲੌਕਿਕ ਤੇ ਅਲੌਕਿਕ ਘਟਨਾਵਾਂ, ਪਰਿਚਿਤ ਤੇ ਅਸਾਧਾਰਣ ਦ੍ਰਿਸ਼— ਇਹ ਸਭ ਕਵੀ ਦੀ ਨਾਟਕਲਾ ਦੇ ਰੰਗ ਭਰਪੂਰ ਚਿਤ੍ਰਣ ਵਿਚ ਇਕ-ਮਿਕ ਹੋ ਜਾਂਦੇ ਹਨ ।

ਯੁਵਾ ਪ੍ਰੇਮੀਆਂ ਨੂੰ ਉਨ੍ਹਾਂ ਦੇ ਪ੍ਰੇਮ-ਪ੍ਰਸੰਗ ਵਿਚ ਸਹਾਇਤਾ ਦੇਣ ਵਾਲੇ ਇਸਤ੍ਰੀ ਪੁਰਸ਼ ਦਿਲ ਖੋਲ੍ਹ ਕੇ ਉਨ੍ਹਾਂ ਨਾਲ ਹਮਦਰਦੀ ਜਤਾਉਂਦੇ ਹਨ । ਉਨ੍ਹਾਂ ਦੇ ਪਿਆਰ ਦੀ ਕੋਈ ਹੱਦ ਹੀ ਨਹੀਂ । ਪ੍ਰੇਮੀਆਂ ਦੇ ਪ੍ਰੇਮ-ਸੁਪਨਿਆਂ ਨੂੰ ਪੂਰਾ ਕਰਕੇ ਉਨ੍ਹਾਂ ਨੂੰ ਸੁਖ ਪ੍ਰਦਾਨ ਕਰਨ ਤੋਂ ਛੁੱਟ ਕਾਮੰਦਕੀ ਤੇ ਉਸਦੀਆਂ ਚੇਲੀਆਂ ਲਈ ਜਿਊਣ ਦਾ ਸ਼ਾਇਦ ਕੋਈ ਹੋਰ ਮੰਤਵ ਹੀ ਨਹੀਂ ਹੈ । ਇਥੋਂ ਤਕ ਕਿ ਵਿਰੋਧੀ ਧੜੇ ਦੇ ਰਾਜੇ ਜਿਹੇ ਵਿਅਕਤੀਆਂ ਦੇ ਹਿਰਦੇ ਵੀ ਇਤਨੇ ਵਿਸ਼ਾਲ ਹਨ ਕਿ ਉਹ ਮਾਧਵ ਤੇ ਮਕਰੰਦ ਦੀ ਵੀਰਤਾ ਦੀ ਪ੍ਰਸ਼ੰਸਾ ਕਰ ਸਕਦੇ ਹਨ ਤੇ ਮਾਲਤੀ ਦੇ ਲਾ ਪਤਾ ਹੋ ਜਾਣ ਪਿਛੋਂ ਜੀਵਨ ਦੀ ਸਾਰਹੀਣਤਾ ਤੇ ਦੁਖ ਦੀ ਮਾਰ ਅਨੁਭਵ ਕਰਨ ਵਾਲੇ ਯੁਵਕਾਂ ਲਈ ਡੂੰਘੀ ਮਮਤਾ ਧਾਰਣ ਕਰਕੇ ਹਨ । ਅਜਿਹੇ ਪ੍ਰੇਮੀ-ਜੋੜੇ ਵੀ ਹਨ ਜਿਹੜੇ ਆਪਣੇ ਪਿਆਰੇ ਤੋਂ ਜਾਨ ਵਾਰਨ ਲਈ ਤਿਆਰ ਹਨ । ਅਜਿਹੇ ਅਸਾਧਾਰਣ ਮਿੱਤਰ ਹਨ ਜਿਹੜੇ ਆਪਣੇ ਸਾਥੀਆਂ ਹਿਤ ਮੌਤ ਨਾਲ ਟੱਕਰ ਲੈਣੋਂ ਢਿੱਲ ਨਹੀਂ ਕਰਕੇ ।

---

10. ਮਾਲਤੀਮਾਧਵ' ੧.੪ :

**भूम्ना रसानां गहनाः प्रयोगाः सौहार्दहृद्यानि विचेष्टितानि ।**
**औद्धत्यमायोजितकामसूत्रं चित्रा कथा वाचि विदग्धता च ॥**

ਨਾਲ ਹੀ ੧.੮ ।

ਅਜਿਹੇ ਵਿਰੁਧ ਹਨ ਜਿਹੜੇ ਬੱਚਿਆਂ ਦੀ ਖ਼ੁਸ਼ੀ ਨੂੰ ਆਪਣੀ ਖ਼ੁਸ਼ੀ ਮੰਨਦੇ ਹਨ। ਇਸ ਤੋਂ ਛੁੱਟ ਸੁਆਮੀ-ਭਗਤ ਸੇਵਕ ਹਨ, ਮੁਸੀਬਤ ਵਿਚ ਸਾਥ ਨਿਭਾਉਣ ਵਾਲੇ ਮਿੱਤਰ ਹਨ ਤੇ ਸ਼ਰਧਾਲੂ ਸ਼ਿਸ਼ ਹਨ ਜਿਹੜੇ ਖ਼ੁਸ਼ੀ ਨਾਲ ਗੁਰੂ ਦੀ ਆਗਿਆ ਦਾ ਪਾਲਨ ਕਰਦੇ ਹਨ।

ਘਟਨਾਵਾਂ ਤੇ ਪਾਤਰਾਂ ਦੀ ਵਿਵਿਧਤਾ ਵਾਂਗ ਹੀ ਭਵਭੂਤੀ ਨੇ ਇਸ ਨਾਟਕ ਵਿਚ ਰਸ-ਭਾਵਾਂ ਦੀ ਵਿਵਿਧਤਾ ਪ੍ਰਸਤੁਤ ਕੀਤੀ ਹੈ ਇਨ੍ਹਾਂ ਵਿਚ ਸ਼੍ਰਿੰਗਾਰ-ਰਸ ਪ੍ਰਧਾਨ ਹੈ, ਜਿਹੜਾ ਉਪਕਥਾਵਾਂ ਵਿਚ ਵੀ ਵਿਆਪਕ ਹੈ। ਭਵਭੂਤੀ ਪ੍ਰੇਮ ਦੇ ਵਿਭਿੰਨ ਰੰਗਾਂ ਦਾ ਬੜੇ ਚਾਉ ਨਾਲ ਚਿਤ੍ਰਣ ਕਰਦੇ ਹਨ; ਜਿਵੇਂ ਕਿ ਪ੍ਰਥਮ ਦਰਸ਼ਨ ਤੋਂ ਉਪਜਿਆ ਪ੍ਰੇਮ, ਉਸ ਦੀ ਅਨੁਗਾਮੀ ਅਕੱਥ ਤਾਂਘ ਤੇ ਮਧੁਰ ਪੀੜਾ, ਅਧੂਰੇ ਪ੍ਰੇਮ ਦੀ ਮਾਨਸਿਕ ਤੇ ਸ਼ਰੀਰਿਕ ਵੇਦਨਾ, ਦਿਮਾਗ਼ ਨੂੰ ਢਿੱਲਾ ਕਰ ਦੇਣ ਵਾਲਾ ਪ੍ਰੇਮ ਦਾ ਪਾਗਲਪਨ ਤੇ ਪ੍ਰੇਮ ਦਾ ਰੋਮਾਂਚ। ਪ੍ਰੇਮ ਦੇ ਸੰਯੋਗ ਪੱਖ ਵਾਂਗ ਹੀ, ਪ੍ਰੇਮੀਆਂ ਦੇ ਵਿਯੋਗ ਤੇ ਅਧੂਰੇ ਪ੍ਰੇਮ ਦੀ ਨਿਰਾਸ਼ਾ ਤੋਂ ਉਪਜੀ ਕਰੁਣਾ ਦਾ ਵੀ ਸੁੰਦਰ ਚਿਤ੍ਰਣ ਹੈ। ਸ਼ੇਰ ਦਾ ਝਪਟਾ ਕਰੁਣ-ਰਸ ਪੈਦਾ ਕਰਦਾ ਹੈ। ਮਾਲਤੀ ਦੇ ਰਹੱਸਪੂਰਵਕ ਲਾ ਪਤਾ ਹੋ ਜਾਣ ਤੋਂ ਬਾਦ ਨਾਟਕ ਦੇ ਅੰਤਿਮ ਦੋ ਅੰਕਾਂ ਵਿਚ ਕਰੁਣਾ ਦਾ ਅਜਿਹਾ ਹੜ੍ਹ ਆਉਂਦਾ ਹੈ ਕਿ ਉਸ ਵਿਚ ਸਾਰੇ ਪਾਤਰ ਤੇ ਕਥਾ ਦਾ ਪ੍ਰਮੁਖ ਸੂਤਰ ਵੀ ਡੁੱਬ ਜਾਂਦਾ ਹੈ। ਮਕਰੰਦ ਤੇ ਮਾਧਵ ਦੀ ਵੀਰਤਾ ਵੀਰ-ਰਸ ਦੀ ਉਚਿਤ ਵਿਅੰਜਨਾ ਕਰਦੀ ਹੈ। ਸ਼ਮਸ਼ਾਨ-ਭੂਮੀ ਦੇ ਦ੍ਰਿਸ਼ ਵਿਚ ਵੀਭਤਸ-ਰਸ ਹੈ ਤੇ ਸੌਦਾਮਿਨੀ ਦੇ ਕਾਰਜ ਵਿਚ ਅਦਭੁਤ-ਰਸ। ਹਾਸ-ਰਸ ਭਵਭੂਤੀ ਦਾ ਗੁਣ ਨਹੀਂ। ਉਹ ਵਿਅੰਗਮਈ ਉਕਤੀਆਂ ਦਾ ਪ੍ਰਯੋਗ ਨਹੀਂ ਕਰਦੇ ਤੇ ਉਨ੍ਹਾਂ ਦੇ ਨਾਟਕਾਂ ਵਿਚ ਵਿਦੂਸ਼ਕ ਨੂੰ ਥਾਂ ਨਹੀਂ ਮਿਲਦੀ। ਪਰ ਜਦੋਂ ਮਕਰੰਦ ਮਾਲਤੀ ਦਾ ਭੇਖ ਧਾਰ ਕੇ ਨੰਦਨ ਨਾਲ ਵਿਆਹ ਦੀਆਂ ਰਸਮਾਂ ਪੂਰੀਆਂ ਕਰਦਾ ਹੈ ਤੇ ਫਿਰ ਸੱਜ-ਵਿਆਹੀ ਵਹੁਟੀ ਵਾਂਗ ਹੀ ਵਾਸਭਵਨ ਵਿਚ ਪ੍ਰਵੇਸ਼ ਕਰਦਾ ਹੈ ਤਾਂ ਵਾਸਤਵ ਵਿਚ ਹਾਸਮਈ ਸਥਿਤੀ ਬਣ ਜਾਂਦੀ ਹੈ, ਜਿਹੜੀ ਕਿਸੇ 'ਪ੍ਰਹਸਨ' ਨਾਟਕ ਦਾ ਵਿਸ਼ਾ ਬਣਨ ਦੇ ਯੋਗ ਹੈ। ਉਤਨਾ ਹੀ ਮਜ਼ੇਦਾਰ ਹੈ, ਮਕਰੰਦ ਦਾ ਮਚਲਾ ਹੋ ਕੇ ਸੌਣਾ ਤੇ ਸੁੱਤੇ ਪਏ ਵਿਅਕਤੀ ਨੂੰ ਮਾਲਤੀ ਸਮਝ ਕੇ ਮਦਯੰਤਿਕਾ ਦਾ ਮਕਰੰਦ ਪ੍ਰਤੀ ਆਪਣੇ ਪਿਆਰ ਨੂੰ ਕਬੂਲਣਾ। ਕਾਫ਼ੀ ਅਸਚਰਜ ਦੀ ਗੱਲ ਹੈ ਕਿ ਮੁਢਲੇ ਨਾਂਦੀ ਪਦ ਵਿਚ ਹਾਸ-ਰਸ ਦਾ ਸਪਰਸ਼ ਹੈ—ਜਦੋਂ ਸ਼ਿਵ ਜੀ ਨੇ ਤਾਂਡਵ-ਨ੍ਰਿਤ ਆਰੰਭਿਆ, ਨੰਦੀ ਪਖਾਵਜ ਵਜਾਉਣ ਲੱਗਿਆ, ਉਸ ਦੀ ਗੰਭੀਰ ਧੁਨੀ ਨੂੰ ਕਾਰਤਿਕੇਯ ਦੇ ਮੋਰ ਨੇ ਬੱਦਲਾਂ ਦੀ ਗਰਜਨਾ ਸਮਝਿਆ ਤੇ ਉਹ ਅਗ੍ਹਾਂ ਵਧਿਆ; ਮੋਰ ਨੂੰ ਦੇਖਦੇ ਸਾਰ ਵਾਸੁਕੀ ਨਾਗ ਭੈਭੀਤ ਹੋ ਗਿਆ ਤੇ ਲੁਕਣ ਲਈ ਛੇਤੀ ਨਾਲ ਗਣੇਸ਼ ਜੀ ਦੀ ਸੁੰਡ੍ਹ ਵਿਚ ਵੜ ਗਿਆ; ਗਣੇਸ਼ ਆਪਣਾ ਸਿਰ ਜ਼ੋਰ-ਜ਼ੋਰ ਦੀ ਹਿਲਾਉਣ ਲੱਗੇ; ਉਨ੍ਹਾਂ ਦੀਆਂ ਗਲ੍ਹਾਂ ਉਤੇ ਬੈਠੇ ਮਦ-ਪਾਨ ਕਰਦੇ ਭੌਰੇ ਘਬਰਾ ਕੇ ਉੱਡਣ ਲੱਗੇ, ਜਦੋਂ ਕਿ ਗਣੇਸ਼ ਆਪ ਆਪਣੀ ਸੁੰਡ ਵਿਚ ਸੱਪ ਵੜ ਜਾਣ ਕਾਰਣ ਹੌਂਕਦੇ ਤੇ ਡਰ ਨਾਲ ਕਰਾਹੁੰਦੇ ਹੋਏ ਖੜੇ ਰਹੇ।

ਕਥਾ ਦੇ ਮੂਲ ਸੁਭਾਵਿਕ ਤੇ ਵਾਸਤਵਿਕ ਪ੍ਰਸੰਗਾਂ ਦਾ ਵਿਚਿੱਤਰ ਤੇ ਅਧਿਦੈਵਿਕ



ਘਟਨਾਵਾਂ ਨਾਲ ਗੱਠ-ਜੋੜ ਨਾਟਕ ਵਿਚ ਰੋਮਾਂਚਕ ਰੋਮਾਂਸ ਦਾ ਵਾਤਾਵਰਣ ਬਣਾ ਦਿੰਦਾ ਹੈ। ਵਿਵਿਧ ਘਟਨਾਵਾਂ ਨੂੰ ਜੋੜਨ ਲਈ ਭਵਭੂਤੀ ਸੱਬਬੀ ਕੜੀਆਂ ਦੀ ਵਰਤੋਂ ਕਰਦੇ ਹਨ ਤੇ ਉਨ੍ਹਾਂ ਤੋਂ ਉਪਜੀਆਂ ਭਿੰਨ-ਭਿੰਨ ਭਾਵਨਾਵਾਂ ਆਪਣੇ ਸੁਭਾਵਿਕ ਕ੍ਰਮ ਅਨੁਸਾਰ ਪ੍ਰਤੀਤ ਹੁੰਦੀਆਂ ਹਨ।

ਭਵਭੂਤੀ ਮਾਣ ਨਾਲ ਕਹਿੰਦੇ ਹਨ ਕਿ ਉਨ੍ਹਾਂ ਨੇ 'ਮਾਲਤੀਮਾਧਵ' ਦੇ ਰੂਪ ਵਿਚ ਇਕ ਅਜਿਹਾ ਮਹਾਨ 'ਪ੍ਰਕਰਣ' ਲਿਖਿਆ ਹੈ ਜਿਹੜਾ ਵਿਚਿੱਤਰਤਾ, ਰਮਣੀਕਤਾ ਤੇ ਉੱਜਲਤਾ ਵਿਚ ਅਨੁਪਮ ਹੈ।[11] ਉਹ ਆਪਣੀ ਵਸਤੂ-ਯੋਜਨਾ ਦੀ ਵੀ ਪ੍ਰਸ਼ੰਸਾ ਕਰਦੇ ਹਨ, ਜਿਸ ਵਿਚ ਘਟਨਾਕ੍ਰਮ ਸਰਸ-ਰਮਣੀਯ ਹੈ।[12] ਵਿਸ਼ਾਲ ਕਥਾਪਟ, ਪ੍ਰਸੰਗਾਂ ਤੇ ਪਾਤਰਾਂ ਦੀ ਵਿਵਿਧਤਾ, ਘਟਨਾਵਾਂ ਦੇ ਕ੍ਰਮ ਵਿਚ ਅਚਿੰਤੇ ਪਰਿਵਰਤਨ ਤੇ ਪੂਰਣ ਰਸ-ਸੰਚਾਰ — ਇਹ ਸਭ ਇਸ ਨਾਟਕ ਵਿਚ ਹਨ। ਉਨ੍ਹਾਂ ਦੀ ਸ਼ੈਲੀ ਵਿਚ ਪਰਿਪੱਕਤਾ, ਉਦਾਰਤਾ ਤੇ ਅਰਥ ਗੰਭੀਰਤਾ ਹੈ—ਇਹ ਸਾਰੇ ਗੁਣ ਭਵਭੂਤੀ ਅਨੁਸਾਰ, ਕਾਵਿ-ਪ੍ਰਤਿਭਾ ਤੇ ਵਿਦਵਤਾ ਦੇ ਮੇਲ ਤੋਂ ਉਤਪੰਨ ਹੁੰਦੇ ਹਨ।[13] ਪਰ ਇਉਂ ਜਾਪਦਾ ਹੈ ਕਿ ਭਵਭੂਤੀ ਸ਼ੂਦ੍ਰਕ ਤੇ ਵਿਸ਼ਾਖਦੱਤ ਨੂੰ ਭੁੱਲ ਗਏ ਹਨ। 'ਮ੍ਰਿਛਕਟਿਕ' ਤੇ 'ਦੇਵੀਚੰਦ੍ਰਗੁਪਤ' ਸਮਾਜਿਕ ਨਾਟਕ 'ਪ੍ਰਕਰਣ' ਦੇ ਵਾਸਤਵਿਕ ਰੂਪ ਦੀ ਪ੍ਰਤਿਨਿਧਤਾ ਕਰਦੇ ਹਨ।[14] ਉਦਾਹਰਣ ਵਜੋਂ ਸ਼ੂਦ੍ਰਕ ਦਾ ਨਾਟਕ ਜਨ-ਜੀਵਨ ਦੇ ਭਿੰਨ੍ਹ-ਭਿੰਨ੍ਹ ਚਿਤਰ ਪ੍ਰਸਤੁਤ ਕਰਨ ਵਿਚ ਅਦੁਤੀ ਹੈ। ਇਸ ਦੇ ਪਾਤਰ ਦੁਨੀਆਂ ਦੇ ਆਮ ਇਸਤ੍ਰੀ-ਪੁਰਸ਼ ਹਨ। ਘਟਨਾਵਾਂ ਲੋਕ-ਜੀਵਨ ਨਾਲ ਸਬੰਧਿਤ ਹਨ। ਪਾਤਰਾਂ ਦੀ ਭਾਸ਼ਾ ਆਮ ਬੋਲਚਾਲ ਦੀ ਭਾਸ਼ਾ ਹੈ ਤੇ ਉਨ੍ਹਾਂ ਦੇ ਦਿਲਾਂ ਵਿਚ ਉੱਠਣ ਵਾਲੀਆਂ ਭਾਵਨਾਵਾਂ ਉਹੀ ਹਨ ਜਿਹੜੀਆਂ ਆਮ ਲੋਕਾਂ ਵਿਚ ਹੁੰਦੀਆਂ ਹਨ। ਤੁਲਨਾਤਮਕ ਪੱਖੋਂ ਭਵਭੂਤੀ ਦਾ 'ਮਾਲਤਮਾਧਵੀ' ਇਕ ਰੁਮਾਨੀ ਸਿਰਜਨਾ ਹੈ, ਜਿਸਨੂੰ ਵਾਸਤਵਿਕਤਾ ਤੇ ਨਾਟਕੀਯਤਾ ਦੀ ਦ੍ਰਿਸ਼ਟੀ ਨਾਲ ਨਹੀਂ ਸਗੋਂ ਕਾਵਿ-ਭਾਵਨਾ ਨਾਲ ਕਲਪਿਤ ਤੇ ਨਿਰਮਿਤ ਕੀਤਾ ਗਿਆ ਹੈ।

---

11. ਤੁਲਨਾ : 'ਮਾਲਤੀਮਾਧਵ' ੧੦.੨੩. ੧੬-੧੭ :

**अस्ति वा कुतश्चिदेवंभूतं विचित्ररमणीयोज्ज्वलं महाप्रकरणम् ।**

12. ਤੁਲਨਾ : 'ਮਾਲਤੀਮਾਧਵ', ੬.੧੩. ੩-੪;

**अहो सरसरमणीयता संविधानकस्य ।**

13. ਤੁਲਨਾ : 'ਮਾਲਤੀਮਾਧਵ', ੧.੭ ਗ ਘ :

**यत् प्रौढत्वमुदारता च वचसां यच्चार्थतो गौरवं**
**तच्चेदस्ति ततस्तदेव गमकं पाण्डित्यवैदग्ध्ययोः ॥**

14. ਦੇਖੋ : ਰਾਘਵਨ : 'ਦਿ ਸੋਸ਼ਲ ਪਲੇ ਇਨ ਸੰਸਕ੍ਰਿਤ'।

ਨਾਟਕ ਦਾ ਆਧਾਰ ਸਮਾਜਿਕ ਜੀਵਨ ਵਿਚ ਸਥਿਤ ਹੈ, ਪਰ ਇਸ ਵਿਚ ਅਵਾਸਤਵਿਕਤਾ ਦਾ ਵਾਤਾਵਰਣ ਹੈ ਤੇ ਕੁਝ ਹਦ ਤਕ ਨਾਟਕ ਵਿਚ ਪ੍ਰਸਤੁਤ ਅਧਿਦੈਵਿਕ ਗੱਲਾਂ ਇਸ ਦਾ ਕਾਰਣ ਹਨ। ਫਿਰ ਵੀ ਇਸ ਤੋਂ ਵੱਧ ਮਹੱਤਵਪੂਰਣ ਗੱਲ ਇਹ ਹੈ ਕਿ ਭਵਭੂਤੀ ਵਿਚ ਸਮਾਨ ਅਨੁਪਾਤ ਦੀ ਭਾਵਨਾ ਨਹੀਂ ਹੈ। ਉਹ ਹਰੇਕ ਘਟਨਾ ਦਾ ਵਰਣਨ ਵਿਲੰਬਿਤ ਅਲੰਕਾਰਾਂ ਨਾਲ ਲੱਦੇ ਵਾਕਾਂ, ਸੰਵਾਦਾਂ ਜਾਂ ਵਿਵਰਣਾਂ ਰਾਹੀਂ ਕਰਦੇ ਹਨ। ਕਾਮਦੇਵ ਦੇ ਬਾਗ਼ ਵਿਚ ਪ੍ਰਥਮ ਮਿਲਾਪ, ਸ਼ੇਰ ਦਾ ਹਮਲਾ, ਸ਼ਮਸ਼ਾਨ-ਭੂਮੀ ਦੀ ਘਟਨਾ, ਮਾਧਵ ਦੁਆਰਾ ਮਾਲਤੀ ਦੀ ਖੋਜ, ਇਥੋਂ ਤਕ ਕਿ ਮਦਯੰਤਿਕਾ, ਬੁੱਧਰਕਸ਼ਿਤਾ ਤੇ ਲਵੰਗਿਕਾ ਦੀ ਅੰਤਰੰਗ ਗੱਲ-ਬਾਤ— ਇਨ੍ਹਾਂ ਸਭਨਾਂ ਨੂੰ ਇਸ ਤਰ੍ਹਾਂ ਪ੍ਰਸਤੁਤ ਕੀਤਾ ਗਿਆ ਹੈ, ਜਿਵੇਂ ਕਿ ਉਹ ਸਾਹਿਤਕ ਨਿਬੰਧ ਦੇ ਵਿਸ਼ੇ ਹੋਣ ਤੇ ਹਰੇਕ ਵਕਤਾ ਲਈ ਆਪਣਾ ਕਾਵਿ-ਕੌਸ਼ਲ, ਨਿਪੁਣਤਾ ਤੇ ਪੰਡਿਤਾਈ ਪ੍ਰਦਰਸ਼ਿਤ ਕਰਨਾ ਜ਼ਰੂਰੀ ਹੋਵੇ, (ਜਿਹੜਾ ਭਵਭੂਤੀ ਨੂੰ ਅਤਿਅੰਤ ਪਿਆਰਾ ਹੈ)। ਇਸ ਪ੍ਰਕਾਰ ਦੇ ਵਾਕਵਿਸਤਾਰ ਕਾਰਣ ਘਟਨਾਵਾਂ ਦਾ ਨਾਟਕੀ ਪ੍ਰਭਾਵ ਘਟ ਜਾਂਦਾ ਹੈ। ਇਸ ਨਾਲ ਭਾਵਨਾਤਮਿਕ ਪ੍ਰਤਿਕ੍ਰਿਆ ਵੀ ਪ੍ਰਭਾਵਿਤ ਹੁੰਦੀ ਹੈ। ਮਾਧਵ ਦੇ ਪ੍ਰੇਮ ਦੀ ਮਿਲਾਪ-ਪੂਰਵ ਪੀੜ ਦਾ ਸੁੰਦਰ ਤੇ ਪ੍ਰਭਾਵਸ਼ਾਲੀ ਪਦਾਂ ਵਿਚ ਵਰਣਨ ਕੀਤਾ ਗਿਆ ਹੈ। ਪਰ ਕੀ ਮਾਧਵ ਦਾ ਪ੍ਰੇਮ ਇੰਨਾ ਹੱਦ ਚੁੱਕਿਆ ਸੀ ਕਿ ਉਸ ਦੀ ਵੇਦਨਾ ਦਿਲ ਨੂੰ ਚੀਰ ਦੇਵੇ? ਇਸੇ ਤਰ੍ਹਾਂ ਕਰੁਣਾ ਵੀ ਹੱਦੋਂ ਵਧ ਵਿਅਕਤ ਕੀਤੀ ਗਈ ਹੈ। ਕਾਲੀਦਾਸ ਦੇ 'ਵਿਕ੍ਰਮੋਰਵਸ਼ੀਯ' ਨਾਟਕ ਵਿਚ ਪੁਰੂਰਵਾ ਦੁਆਰਾ ਉਰਵਸ਼ੀ ਦੀ ਖੋਜ ਨੂੰ ਆਦਰਸ਼ ਮੰਨ ਕੇ ਭਵਭੂਤੀ ਨੇ ਮਾਧਵ ਤੋਂ ਮਾਲਤੀ ਦੀ ਭਾਲ ਕਰਵਾਈ ਤੇ ਇਸ ਤਰ੍ਹਾਂ ਉਹ ਸ਼ਾਇਦ ਕਾਲੀਦਾਸ ਤੋਂ ਅੱਗੇ ਵਧਣਾ ਚਾਹੁੰਦੇ ਸਨ। ਪਰ ਇਹ ਦ੍ਰਿਸ਼ ਤੇ ਨਾਲ ਹੀ ਮਾਲਤੀ ਦੇ ਲਾ ਪਤਾ ਹੋਣ ਪਿੱਛੋਂ ਕਾਮੰਦਕੀ, ਰਾਜਾ ਤੇ ਨਾਗਰਿਕਾਂ ਦੇ ਸੋਗ ਪ੍ਰਗਟਾਵੇ ਦਾ ਦ੍ਰਿਸ਼ ਦਰਸ਼ਕਾਂ ਨੂੰ ਸ਼ਾਇਦ ਹੀ ਵਿਚਲਿਤ ਕਰ ਸਕੇ। ਇਹ ਹਿਰਦੇ ਨੂੰ ਵਸ ਵਿਚ ਕਰ ਲੈਣ ਵਾਲਾ ਕਰੁਣ-ਰਸ ਨਹੀਂ ਹੈ; ਇਹ ਤਾਂ ਕਾਵਿ-ਕੌਸ਼ਲ ਰਾਹੀਂ ਪ੍ਰਸਤੁਤ ਕੀਤੀ ਗਈ ਕਰੁਣਾ ਦੀ ਭਾਵਨਾ ਹੈ।

ਭਵਭੂਤੀ ਦੀ ਵਸਤੂਯੋਜਨਾ ਵੀ ਨਿਰਦੋਸ਼ ਨਹੀਂ ਹੈ। ਕਥਾ ਦੇ ਵਿਕਾਸ ਵਿਚ ਆਉਣ ਵਾਲੀਆਂ ਔਕੜਾਂ ਨੂੰ ਦੂਰ ਕਰਨ ਲਈ ਸੰਯੋਗ ਦੇ ਤੱਤ ਦਾ ਚੋਖਾ ਯੋਗਦਾਨ ਹੈ। ਉਦਾਹਰਣ ਵਜੋਂ, ਸ਼ੇਰ ਦੇ ਆਘਾਤ ਦੀ ਘਟਨਾ ਕਾਮੰਦਕੀ ਲਈ ਉਪਯੋਗੀ ਬਣ ਜਾਂਦੀ ਹੈ; ਇਹ ਮਦਯੰਤਿਕਾ ਦੀ ਜਾਨ ਬਚਾਉਣ ਲਈ ਮਕਰੰਦ ਨੂੰ ਅਵਸਰ ਪ੍ਰਦਾਨ ਕਰਦੀ ਹੈ। ਉਹ ਇਕ-ਦੂਜੇ ਨੂੰ ਪਿਆਰ ਕਰਨ ਲਗ ਪੈਂਦੇ ਹਨ; ਤੇ ਇਸ ਤਰ੍ਹਾਂ ਮਕਰੰਦ ਤੇ ਮਦਯੰਤਿਕਾ ਦਾ ਮੇਲ ਕਰਵਾਉਣ ਦਾ ਕਾਮੰਦਕੀ ਦਾ ਦੂਜਾ ਮੰਤਵ, ਲਗਭਗ ਸਿੱਧ ਹੋ ਜਾਂਦਾ ਹੈ। ਮਾਧਵ ਐਨ ਉਸੇ ਮੌਕੇ ਮੰਚ ਉਤੇ ਆਉਂਦਾ ਹੈ, ਜਦੋਂ ਅਘੋਰਘੰਟ ਮਾਲਤੀ ਦੀ ਜਾਨ ਲੈਣੀ ਚਾਹੁੰਦਾ ਹੈ। ਇਸ ਸਮੇਂ ਮਾਧਵ ਆਪ ਵਿਹ



ਕਹੇ ਬਿਨਾਂ ਨਹੀਂ ਰਹਿ ਸਕਦਾ ਕਿ ਇਹ ਇਕ ਵਚਿੱਤਰ ਸੰਯੋਗ ਹੈ।[15] ਸੌਦਾਮਿਨੀ ਦਾ ਮਾਲਤੀ ਨੂੰ ਅੰਤ ਵਿਚ ਬਚਾਉਣਾ ਵੀ ਇਕ ਮੌਕੇ-ਮੇਲ ਦੀ ਗੱਲ ਹੈ। ਇਹ ਸਹੀ ਹੈ ਕਿ ਜੀਵਨ ਵਿਚ ਸੰਯੋਗ ਹੁੰਦੇ ਰਹਿੰਦੇ ਹਨ। ਪੂਰਵੋਕਤ ਘਟਨਾਵਾਂ ਦਾ ਵੀ ਨਾਟਕੀ ਆਵਸ਼ਕਤਾ ਕਹਿ ਕੇ ਸਪਸ਼ਟੀਕਰਣ ਦਿਤਾ ਜਾ ਸਕਦਾ ਹੈ, ਪਰ ਮਹਾਨ ਕਲਾਕ੍ਰਿਤੀ ਵਿਚ ਸੰਯੋਗਾਂ ਦਾ ਆਸਰਾ ਨਹੀਂ ਲਿਆ ਜਾਂਦਾ। ਨਾਲ ਹੀ ਇਹ ਉਸ ਕਾਮੰਦਕੀ ਦੇ ਚਰਿਤ੍ਰ-ਚਿਤ੍ਰਣ ਲਈ ਸ਼ਲਾਘਾਯੋਗ ਨਹੀਂ ਜਾਪਦੇ ਜਿਹੜੀ ਇਸ ਕਥਾਨਕ ਵਿਚ ਇੰਨੀ ਕੇਂਦ੍ਰੀ ਤੇ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਂਦੀ ਹੈ।

ਇਸ ਲਈ 'ਮਾਲਤੀਮਾਧਵ' ਵਿਚ ਪ੍ਰਭਾਵ ਉਤਪੰਨ ਕਰਨ ਵਾਲੇ ਪ੍ਰਮੁਖ ਤੱਤ ਹਨ ਪ੍ਰੇਮ ਤੇ ਸਾਹਸ ਦੀ ਕਥਾ, ਕਾਪਾਲਿਕਾਂ ਦਾ ਅਸਾਧਾਰਣ ਚਿਤ੍ਰਣ, ਉਨ੍ਹਾਂ ਦੀ ਨਰਬਲੀ ਦੀ ਕ੍ਰਿਆ, ਰੌਦਰ ਤੇ ਬੀਭਤਸ ਰਸਾਂ ਨਾਲ ਪੂਰਣ ਸ਼ਮਸ਼ਾਨਭੂਮੀ ਦਾ ਵਰਣਨ, ਡੂੰਘੀਆਂ ਤੇ ਉੱਦਾਤ ਭਾਵਨਾਵਾਂ ਨੂੰ ਕੈਦ ਕਰ ਲੈਣ ਵਾਲੀ ਭਵਭੂਤੀ ਦੀ ਸਮ੍ਰਿਧ ਕਵਿਤਾ।

## 3. ਉਤਰਰਾਮਚਰਿਤ (ਕ)

'ਉਤਰਰਾਮਚਰਿਤ' ਵਿਚ ਕਵੀ ਦੀ ਪਰਿਪੱਕ ਸੂਝ ਦੇ, ਕਲਾਕਾਰੀ ਤੇ ਨਾਟਕੀਯਤਾ ਦੀ ਭਾਵਨਾ ਦੇ, ਮਾਨਵ ਦੇ ਮਨ ਤੇ ਕੁਝ ਇਕ ਡੂੰਘੇ ਜੀਵਨ ਮੁੱਲਾਂ ਦੀ ਗਹਿਰੀ ਸਮਝ ਦੇ ਸਾਰੇ ਚਿੰਨ੍ਹ ਹਨ। ਭੌਤਿਕ ਘਟਨਾਵਾਂ ਤੇ ਸੰਯੋਗਾਂ ਦੇ ਢਾਂਚੇ ਉਤੇ ਨਾਟਕ ਰਚਨਾ ਕਰਨ ਨਾਲੋਂ, ਇਉਂ ਜਾਪਦਾ ਹੈ ਕਿ ਭਵਭੂਤੀ ਮਾਨਵ-ਮਨ ਦੀਆਂ ਪਰਤਾਂ ਖੋਲ੍ਹਣ ਤੇ ਆਪਣੇ ਪਾਤਰਾਂ ਦੇ ਮਨੋਵਿਗਿਆਨਿਕ ਕਰਮ-ਪ੍ਰਤਿਕਰਮ ਰਾਹੀਂ ਨਾਟਕੀ ਵਿਧਾਨ ਨੂੰ ਬੁਨਣ ਵਲ ਵਧੇਰੇ ਉਨਮੁਖ ਹੋ ਗਏ ਹਨ।

ਨਾਟਕ ਦਾ ਉੱਦੇਸ਼ ਰਾਮ ਦੇ ਪਿਛਲੇ ਜੀਵਨ ਨੂੰ ਪ੍ਰਸਤੁਤ ਕਰਨਾ ਹੈ — ਰਾਮਰਾਜ ਤੋਂ ਲੈ ਕੇ ਸੀਤਾ ਤਿਆਗ ਤਕ ਤੇ ਅੰਤ ਵਿਚ ਰਾਮ ਤੇ ਸੀਤਾ ਦਾ ਪ੍ਰੇਮ ਤੇ ਸੁਖਪੂਰਣ ਸਥਾਈ ਮਿਲਾਪ। ਇਹ ਨਾਟਕ 'ਮਹਾਵੀਰਚਰਿਤ' ਦੀ ਅਗਲੀ ਕੜੀ ਹੈ; ਦੋਵੇਂ ਨਾਟਕ ਮਿਲ ਕੇ 'ਰਾਮਾਇਣ' ਦੀ ਪੂਰੀ ਕਥਾ ਨੂੰ ਆਪਣੇ ਵਿਚ ਸਮੇਟ ਲੈਂਦੇ ਹਨ। ਪਰ ਇਨ੍ਹਾਂ ਦੋਹਾਂ ਵਿਚ ਬਹੁਤ ਅੰਤਰ ਵੀ ਹੈ, ਜਿਹੜਾ ਕਵੀ ਦੇ ਮਨੋਰਥ ਵਿਚ ਹੀ ਨਹੀਂ ਸਗੋਂ ਨਾਟਕੀ ਬਣਤਰ ਤੇ ਕਲਾ ਦੇ ਮੁੱਲਾਂ ਵਿਚ ਵੀ ਹੈ। ਰਾਮ ਸਬੰਧੀ ਪਹਿਲੇ ਨਾਟਕ ਵਾਂਗ ਇਥੇ ਵੀ ਇਕ ਅਜਿਹੀ ਕੇਂਦ੍ਰੀ ਵਿਸ਼ੇਵਸਤੂ ਦੀ ਖੋਜ ਹੈ, ਜਿਹੜੀ ਕਥਾ ਦੀਆਂ ਸਾਰੀਆਂ ਘਟਨਾਵਾਂ ਨੂੰ ਇਕ ਲੜੀ ਵਿਚ ਪਰੋ ਸਕੇ। ਪਰ 'ਮਹਾਵੀਰਚਰਿਤ' ਵਿਚ ਕਥਾ ਉਤੇ ਲਾਗੂ ਕੀਤੀ ਗਈ ਇਕ ਬਾਹਰੀ ਅਧਿ-ਕਲਪਨਾ ਉਸ ਦੀਆਂ ਘਟਨਾਵਾਂ ਨੂੰ ਪਰਸਪਰ ਜੋੜਦੀ ਹੈ। 'ਉਤਰਰਾਮਚਰਿਤ'

15. ਤੁਲਨਾ: अहो नु खलु भोः तदेतद् काकतालीयं नाम ।
'ਮਾਲਤੀਮਾਧਵ', ੫.੨੭.੩

ਵਿਚ ਇਕ ਅਜਿਹੀ ਮਨੋਵਿਗਿਆਨਿਕ ਅਧਿਕਲਪਨਾ ਹੈ, ਜਿਹੜੀ ਅੰਦਰੋਂ ਬਾਹਰ ਵਲ ਕੰਮ ਕਰਦੀ ਹੈ ਤੇ 'ਰਾਮਾਇਣ' ਦੀਆਂ ਪਰਿਚਿਤ ਘਟਨਾਵਾਂ ਸੁਭਾਵਿਕ ਹੀ ਪੂਰੇ ਢਾਂਚੇ ਵਿਚ ਠੀਕ-ਠੀਕ ਬੈਠ ਜਾਂਦੀਆਂ ਹਨ। ਭਵਭੂਤੀ 'ਰਾਮਾਇਣ' ਦਾ ਅਨੁਸਰਣ ਕਰਦੇ ਹਨ, ਪਰ ਪਹਿਲੇ ਨਾਟਕ ਵਾਂਗ ਉਸ ਤੋਂ ਪਰ੍ਹੇ ਵੀ ਹਟ ਜਾਂਦੇ ਹਨ। ਇਸ ਵਿਚਲੀਆਂ ਮੌਲਿਕ ਉਦਭਾਵਨਾਵਾਂ ਕੇਵਲ ਅਪਸਰਣ ਨਹੀਂ ਹਨ; ਉਹ ਇਕ ਤਰ੍ਹਾਂ ਦੀਆਂ ਨਾਟਕੀ ਮੌਲਿਕਤਾਵਾਂ ਹਨ, ਜਿਹੜੀਆਂ 'ਰਾਮਾਇਣ' ਦੀ ਕਥਾ ਦਾ ਕਾਇਆ-ਕਲਪ ਕਰ ਦਿੰਦੀਆਂ ਹਨ। ਧਰਤੀ ਵਿਚ ਸੀਤਾ ਦੇ ਸਮਾ ਜਾਣ ਨਾਲ ਹੀ ਵਾਲਮੀਕਿ ਦਾ ਮਹਾ-ਕਾਵਿ ਸਮਾਪਤ ਹੋ ਜਾਂਦਾ ਹੈ। ਭਵਭੂਤੀ ਦਾ ਨਾਟਕ,ਪ੍ਰੇਮ-ਡੋਰ ਨਾਲ ਬੱਝੇ ਦੰਪਤੀ ਦੇ ਸੁਖ-ਭਰਪੂਰ ਸਥਾਈ ਮਿਲਾਪ ਨਾਲ ਸੁਖਾਂਤ ਹੋ ਜਾਂਦਾ ਹੈ, ਜਿਹੜਾ ਰਾਮ ਦੇ ਕਾਰਜ ਤੋਂ ਉਤਪੰਨ ਅਨਿਆਇ ਦੇ ਨਿਵਾਰਣ ਨਾਲ ਸੰਭਵ ਹੋਇਆ।

ਰਾਮ ਦੇ ਰਾਜਤਿਲਕ ਤੋਂ ਪਿਛੋਂ ਤੁਰੰਤ ਨਾਟਕ ਆਰੰਭ ਹੁੰਦਾ ਹੈ। ਸੀਤਾ ਦੇ ਪਿਤਾ ਜਨਕ ਤੇ ਸਾਰੇ ਅਤਿਥੀ ਜਾ ਚੁਕੇ ਹਨ। ਉਤਸਵਾਂ ਦੇ ਅੰਤ ਵਿਚ ਅਵਸ਼ ਉਪਜਣ ਵਾਲੀ ਉਦਾਸੀ ਤੇ ਇਕੱਲ ਦੀ ਭਾਵਨਾ ਵਿਆਪਕ ਹੈ। ਰਾਜਕੁਲ ਦੇ ਵਿਰਧਜਨਾਂ ਨੂੰ ਰਿਸ਼ਯਸ਼੍ਰਿੰਗ ਨੇ ਆਪਣੇ ਬਾਰਾਂ-ਵਰਸੀ-ਯੱਗ ਵਿਚ ਉਪਸਥਿਤ ਹੋਣ ਦਾ ਨਿਮੰਤ੍ਰਣ ਦਿਤਾ ਹੈ। ਯੁਵਾ-ਦੰਪਤੀ ਤੇ ਲਛਮਣ ਮਹਲ ਵਿਚ ਹੀ ਰਹਿ ਗਏ ਹਨ ਕਿਉਂਕਿ ਸੀਤਾ ਦਾ ਪ੍ਰਸੂਤ ਸਮਾਂ ਪੁਜਣ ਵਾਲਾ ਹੈ। ਸੀਤਾ ਦਾ ਧਿਆਨ ਕਿਸੇ ਹੋਰ ਪਾਸੇ ਲਾਉਣ ਤੇ ਉਸ ਦਾ ਮਨ ਪਰਚਾਉਣ ਲਈ ਲਛਮਣ ਚਿਤ੍ਰਾਵਲੀ ਲੈ ਆਉਂਦੇ ਹਨ, ਜਿਹੜੀ ਵਿਸ਼ੇਸ਼ ਆਦੇਸ਼ ਅਧੀਨ ਤਿਆਰ ਕਰਵਾਈ ਗਈ ਸੀ। ਉਸ ਵਿਚ ਰਾਮ ਦੇ ਮੁਢਲੇ ਜੀਵਨ ਦੇ ਚਿਤਰ ਹਨ। ਰਾਮ ਤੇ ਸੀਤਾ ਦੋਹਾਂ ਨੂੰ ਤਨੋਂ-ਮਨੋਂ ਇਕ ਕਰਨ ਵਾਲੀ ਪਿੱਠਭੂਮੀ ਦੇ ਰੂਪ ਵਿਚ ਭਵਭੂਤੀ ਰਾਮ ਦੇ ਪੂਰਵਚਰਿਤ ਨੂੰ ਪਿਛਲ-ਖੋੜੀ ਝਾਤ ਵਾਂਗ ਪ੍ਰਸਤੁਤ ਕਰਦੇ ਹਨ। ਪਤੀ-ਪਤਨੀ ਨੂੰ ਇਕ ਜਾਨ ਕਰਨ ਵਾਲੇ ਸੱਚੇ ਪਿਆਰ ਤੇ ਰਾਮ ਦੇ ਵਿਸ਼ੇਸ਼ ਚਰਿੱਤਰ ਦੇ ਵਿਵਿਧ ਗੁਣਾਂ ਨੂੰ ਉਜਾਗਰ ਕਰਨ ਲਈ ਵੀ ਇਹ ਚਿਤਰ ਇਕ ਅਵਸਰ ਪ੍ਰਦਾਨ ਕਰਦੇ ਹਨ। ਚਿਤਰਾਂ ਨੂੰ ਦੇਖਦੇ-ਦੇਖਦੇ ਸੀਤਾ ਦੇ ਮਨ ਵਿਚ ਭਾਗੀਰਥੀ ਦੇ ਕਿਨਾਰੇ ਜਾਣ ਦੀ ਇੱਛਾ ਪੈਦਾ ਹੁੰਦੀ ਹੈ। ਰਾਮ ਤੁਰੰਤ ਜਾਣ ਦਾ ਪ੍ਰਬੰਧ ਕਰਨ ਦਾ ਆਦੇਸ਼ ਦਿੰਦੇ ਹਨ। ਰਾਮ ਦੀ ਰੁਚੀ ਤੇ ਪ੍ਰੇਮ ਤੋਂ ਆਸ਼ਵਸਤ ਹੋ ਕੇ ਥੱਕੀ ਹੋਈ ਸੀਤਾ ਰਾਮ ਦੀਆਂ ਬਾਹਾਂ ਵਿਚ ਹੀ ਸੌਂ ਜਾਂਦੀ ਹੈ। ਉਸ ਸਮੇਂ ਰਾਮ ਦਾ ਗੁਪਤਚਰ ਦੁਰਮੁਖ ਆ ਕੇ ਇਹ ਦੁਖ ਭਰਿਆ ਸਮਾਚਾਰ ਦਿੰਦਾ ਹੈ ਕਿ ਪ੍ਰਜਾ ਸੀਤਾ ਬਾਰੇ ਬੁਰਾ ਬੋਲਦੀ ਹੈ ਤੇ ਲੰਕਾ ਵਿਚ ਬਹੁਤ ਚਿਰ ਕੈਦ ਰਹਿਣ ਕਾਰਣ ਉਸਦੇ ਚਰਿੱਤਰ ਉਤੇ ਸ਼ੱਕ ਕੀਤਾ ਜਾ ਰਿਹਾ ਹੈ। ਇਹ ਸਮਾਚਾਰ ਰਾਮ ਨੂੰ ਸੁੰਨ ਕਰ ਦਿੰਦਾ ਹੈ। ਹੁਣੇ ਤਾਂ ਉਨ੍ਹਾਂ ਦਾ ਰਾਜਤਿਲਕ ਹੋਇਆ ਹੈ; ਸਲਾਹ ਕਰਨ ਲਈ ਵਿਰਧਜਨ ਵੀ ਇਥੇ ਨਹੀਂ ਹਨ; ਪਰ ਉਹ ਆਪਣੀ ਪ੍ਰਜਾ ਦੀ ਚੰਗਿਆਈ ਤੋਂ ਭਲੀ-ਭਾਂਤ ਜਾਣੂ ਹਨ। ਸੂਰਜ-ਵੰਸ਼ ਦੇ ਉੱਜਲ ਜੱਸ ਤੇ ਆਪਣੇ ਵਡੇਰਿਆਂ ਰਾਹੀਂ ਸਥਾਪਿਤ ਆਦਰਸ਼ਾਂ ਤੋਂ ਪ੍ਰੇਰਿਤ ਹੋ ਕੇ ਉਹ ਸੀਤਾ ਦਾ ਤਿਆਗ ਕਰਨ ਦਾ ਅਚਾਨਕ ਨਿਰਣਾ ਕਰ ਲੈਂਦੇ ਹਨ।



ਉਹ ਆਪਣੀ ਰਾਜ ਆਗਿਆ ਨਾਲ ਦੁਰਮੁਖ ਨੂੰ ਤੇ ਪਰੋਖ ਰੂਪ ਨਾਲ ਲਛਮਣ ਨੂੰ ਚੁਪ ਕਰਾ ਦਿੰਦੇ ਹਨ ਤੇ ਆਪਣੇ ਇਕ-ਪੱਖੀ ਨਿਰਣੇ ਉਤੇ ਅਟਲ ਰਹਿੰਦੇ ਹਨ। ਰਾਮ ਦੇ ਉਸ ਨੂੰ ਤਿਆਗ ਦੇਣ ਦੇ ਨਿਰਣੇ ਤੋਂ ਬਿਲਕੁਲ ਅਨਜਾਣ, ਨਿਰਦੋਸ਼ ਸੀਤਾ ਇਹ ਸੋਚਦੀ ਹੈ ਕਿ ਉਸ ਦੀ ਵਣ ਵਿਚ ਘੁੰਮਣ-ਫਿਰਨ ਤੇ ਭਾਗੀਰਥੀ ਵਿਚ ਇਸ਼ਨਾਨ ਕਰਨ ਦੀ ਇੱਛਾ ਪੂਰੀ ਕਰਨ ਹਿਤ ਉਸ ਨੂੰ ਰਥ ਵਿਚ ਲਿਜਾਇਆ ਜਾ ਰਿਹਾ ਹੈ।

ਦੂਜਾ ਤੇ ਤੀਜਾ ਅੰਕ ਲਗਾਤਾਰ ਜੁੜੇ ਹੋਏ ਹਨ। ਪਰ ਸੀਤਾ ਦੇ ਨਿਰਦਈ ਤਿਆਗ ਉਪਰੰਤ ਬਾਰਾਂ ਸਾਲ ਬੀਤ ਚੁੱਕੇ ਹਨ। ਇਕ ਅਚਿੰਤੀ ਘਟਨਾ ਰਾਮ ਨੂੰ ਧੁਰ ਦੱਖਣ ਵਿਚ ਦੰਡਕ ਵਣ ਵਿਚ ਲਿਆਉਂਦੀ ਹੈ। ਇਕ ਬ੍ਰਾਹਮਣ ਪੁੱਤਰ ਅਕਾਲ-ਚਲਾਣਾ ਕਰਦਾ ਹੈ। ਇਸ ਦਾ ਕਾਰਣ ਸ਼ੰਬੂਕ ਨਾਮੀ ਸ਼ੂਦਰ ਦਾ ਇਹ ਪਾਪ ਦੱਸਿਆ ਜਾਂਦਾ ਹੈ ਕਿ ਉਹ ਕੇਵਲ ਉੱਚੀ ਜਾਤ ਵਾਲਿਆਂ ਲਈ ਨਿਸ਼ਚਿਤ ਕੀਤੀ ਗਈ ਤਪਸਿਆ ਕਰ ਰਿਹਾ ਸੀ। ਆਪਣੇ ਰਾਜ-ਕਰਤੱਵ ਦੀ ਪਾਲਣਾ ਹਿਤ ਸ਼ੂਦਰਮੁਨੀ ਨੂੰ ਮੌਤ ਦੇ ਘਾਟ ਉਤਾਰਨ ਲਈ ਰਾਮ ਨੂੰ ਪੰਚਵਟੀ ਜਾਣਾ ਪੈਂਦਾ ਹੈ। ਉਪਰੋਂ ਸ਼ਾਂਤ ਦਿੱਸਦੇ, ਪਰ ਮਨ ਵਿਚ ਪੀੜਿਤ ਰਾਮ ਇਹ ਕਰਤੱਵ ਨਿਭਾਉਂਦੇ ਹਨ।

ਰਾਮ ਦੇ ਮਨ ਦਾ ਇਹ ਦਰਸ਼ਨ ਸਾਨੂੰ ਵਿਚਲਿਤ ਕਰ ਦਿੰਦਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਰਾਮ ਨੇ ਪ੍ਰਜਾ ਦੀ ਸੰਤੁਸ਼ਟੀ ਹਿਤ ਦਇਆ, ਪ੍ਰੇਮ, ਸੁਖ ਤੇ ਸੀਤਾ ਤਕ ਦੀ ਬਲੀ ਦੇ ਦਿਤੀ ਹੈ। ਪਰ ਬਾਰਾਂ ਸਾਲਾਂ ਦਾ ਦੀਰਘ ਸਮਾਂ ਵੀ ਉਨ੍ਹਾਂ ਦੇ ਪਿਆਰ ਨੂੰ ਘਟਾ ਨਹੀਂ ਸਕਿਆ। ਦੂਜਿਆਂ ਸਾਹਮਣੇ ਰਾਮ ਆਪਣੇ ਆਪ ਨੂੰ ਸ਼ਾਂਤ ਤੇ ਗੰਭੀਰ ਦਿਖਾਉਂਦੇ ਹਨ, ਪਰ ਉਨ੍ਹਾਂ ਦਾ ਹਿਰਦਾ 'ਪੁਟਪਾਕ'* ਵਾਂਗ ਅੰਦਰ ਹੀ ਅੰਦਰ ਪੱਕ ਰਿਹਾ ਹੈ, ਜਿਸ ਵਿਚ ਕਿਸੇ ਪਲ ਵੀ ਵਿਸਫੋਟ ਹੋ ਸਕਦਾ ਹੈ ਤੇ ਸ਼ੰਬੂਕ ਦੀ ਘਟਨਾ ਉਸ ਵਿਸਫੋਟ ਨੂੰ ਹੋਰ ਨੇੜੇ ਲੈ ਆਈ ਸੀ। ਦੰਡਕ ਵਣ ਵਿਚ ਪਹੁੰਚ ਕੇ ਰਾਮ ਸਹਿਜੇ ਹੀ ਜਨਸਥਾਨ, ਪੰਚਵਟੀ ਤੇ ਗੋਦਾਵਰੀ ਦੇ ਖੇਤਰ ਵਿਚ ਜਾਂਦੇ ਹਨ। ਇਹ ਉਹੀ ਸਥਾਨ ਹਨ ਜਿਥੇ ਵਣਵਾਸ ਸਮੇਂ ਰਾਮ, ਸੀਤਾ ਦੇ ਨਾਲ, ਸੀਤਾ-ਹਰਣ ਤੋਂ ਪਹਿਲਾਂ ਰਹੇ ਸਨ। ਜਾਣੇ-ਪਛਾਣੇ ਦ੍ਰਿਸ਼ ਤੇ ਧੁਨੀਆਂ ਰਾਮ ਦੇ ਸੰਜਮ ਦਾ ਬੰਨ੍ਹ ਤੋੜ ਦੇਣਗੀਆਂ ਤੇ ਫੇਰ ਆਪਣਿਆਂ ਤੋਂ ਦੂਰ, ਇਕੱਲ ਵਿਚ, ਦਬੀ ਹੋਈ ਪੀੜਾ ਆਸਾਨੀ ਨਾਲ ਰਾਮ ਦੇ ਦਿਲ ਨੂੰ ਤੋੜ ਦੇਵੇਗੀ। ਇਸ ਸਥਿਤੀ ਦਾ ਸਾਹਮਣਾ ਕਰਨ ਲਈ ਭਵਭੂਤੀ ਨਾਟਕੀ-ਰੁਚੀ ਤੇ ਮਨੋਵਿਗਿਆਨਿਕ ਉਦਘਾਟਨਾਂ ਨਾਲ ਭਰਪੂਰ ਉੱਕਾ ਹੀ ਨਵੀਆਂ ਪਰਿਸਥਿਤੀਆਂ ਪ੍ਰਸਤੁਤ ਕਰਦੇ ਹਨ।

ਦੂਜੇ ਅੰਕ ਦੇ ਆਰੰਭ ਵਿਚ, ਵਣਵਾਸ ਸਮੇਂ ਦੀ ਸੀਤਾ ਦੀ ਪਿਆਰੀ ਸਹੇਲੀ ਤੇ ਜਨਸਥਾਨ ਦੀ ਵਣਦੇਵੀ ਤੇ ਇਕ ਪਰਵਾਸੀ ਦਰਸ਼ਨ-ਸ਼ਾਸਤਰ ਦੀ ਵਿਦਿਆਰਥਣ ਆਤ੍ਰੇਈ ਵਿਚਕਾਰ ਵਾਰਤਾਲਾਪ ਦੇ ਇਕ ਦ੍ਰਿਸ਼ ਰਾਹੀਂ ਭਵਭੂਤੀ ਕੁਝ ਮਹੱਤਵਪੂਰਣ ਸੂਚਨਾਵਾਂ ਦਿੰਦੇ ਹਨ। ਆਤ੍ਰੇਈ ਨੇ ਵਾਲਮੀਕਿ ਦਾ ਆਸ਼ਰਮ ਛੱਡ ਦਿਤਾ ਹੈ ਤੇ ਉਹ ਅਗਸਤਯ ਦੇ ਆਸ਼ਰਮ ਨੂੰ ਇਸ ਲਈ ਜਾ ਰਹੀ ਹੈ ਕਿ ਉਹ ਪੜ੍ਹਨ ਵਿਚ ਜੁੜਵੇਂ ਭਰਾਵਾਂ, ਕੁਸ਼ ਤੇ ਲਵ ਦੀ ਜੋ ਅਸਾਧਾਰਣ ਰੂਪ ਪ੍ਰਤਿਭਾਸ਼ਾਲੀ ਹਨ, ਬਰਾਬਰੀ ਨਹੀਂ

ਕਰ ਕਸਦੀ। ਉਹ ਵਾਲਮੀਕਿ ਦੀ ਕਾਵਿ-ਸਫੁਰਣਾ ਤੇ ਦਿੱਵ-ਅਸੀਸ ਦੇ ਫਲਸਰੂਪ 'ਰਾਮਾਇਣ' ਸਿਰਜਣਾ ਦੀ ਘਟਨਾ ਵੀ ਦੱਸਦੀ ਹੈ। ਵਾਸੰਤੀ ਨਾਲ ਜਾਣ-ਪਛਾਣ ਹੋ ਜਾਣ ਉਤੇ ਆਤ੍ਰੇਈ ਉਸ ਨੂੰ ਹੋਰਨਾਂ ਗੱਲਾਂ ਦੀ ਜਾਣਕਾਰੀ ਵੀ ਦਿੰਦੀ ਹੈ, ਜਿਨ੍ਹਾਂ ਦਾ ਸਬੰਧ ਸੀਤਾ ਤਿਆਗ, ਰਿਸ਼ਯਸ਼੍ਰਿੰਗ ਦੇ ਯੱਗ ਦੀ ਸਮਾਪਤੀ, ਸੀਤਾ ਤੋਂ ਬਿਨਾਂ ਅਯੋਧਿਆ ਜਾਣ ਦੀ ਥਾਉਂ ਵਾਲਮੀਕਿ ਦੇ ਆਸ਼ਰਮ ਵਿਚ ਹੀ ਟਿਕਣ ਦਾ ਰਾਮ ਦੀਆਂ ਮਾਤਾਵਾਂ ਦਾ ਨਿਰਣਾ, ਰਾਮ ਦੁਆਰਾ ਅਸ਼੍ਵਮੇਧ-ਯੱਗ ਦਾ ਆਰੰਭ ਦੇ ਧਾਰਮਿਕ ਵਿਧਿ-ਵਿਧਾਨਾਂ ਲਈ ਸੀਤਾ ਦੀ ਸੋਨੇ ਦੀ ਮੂਰਤੀ ਦੀ ਸਥਾਪਨਾ ਨਾਲ ਹੈ। ਤੀਜੇ ਅੰਕ ਦੇ ਆਰੰਭ ਵਿਚ ਇਕ ਅਜਿਹੇ ਹੀ ਦ੍ਰਿਸ਼ ਵਿਚ ਮੁਰਲਾ ਤੇ ਤਮਸਾ ਨਾਮੀ ਦੋ ਸਰੀਰ-ਧਾਰੀ ਨਦੀਆਂ ਦੇ ਵਾਰਤਾਲਾਪ ਰਾਹੀਂ ਭਵਭੂਤੀ ਦਰਸ਼ਕਾਂ ਨੂੰ ਸੂਚਿਤ ਕਰਦੇ ਹਨ ਕਿ ਸੀਤਾ ਨੇ ਜੀਵਨ ਦਾ ਅੰਤ ਕਰਨ ਹਿਤ ਆਪਣੇ ਆਪਨੂੰ ਗੰਗਾ ਨੂੰ ਸਮਰਪਿਤ ਕਰ ਦਿਤਾ ਸੀ। ਪਵਿੱਤਰ ਨਦੀ ਨੇ ਸੀਤਾ ਨੂੰ ਬਚਾ ਕੇ ਤੇ ਉਸ ਦੀ ਮਾਤਾ ਪ੍ਰਿਥਵੀ ਦੇ ਸਹਿਯੋਗ ਨਾਲ ਸੀਤਾ ਨੂੰ ਉਸਦੇ ਜਲ ਅੰਦਰ ਜਨਮੇ ਜੁੜਵੇਂ ਪੁੱਤਰਾਂ ਸਹਿਤ ਵਾਲਮੀਕਿ ਦੇ ਆਸ਼ਰਮ ਵਿਚ ਪਹੁੰਚਾ ਦਿਤਾ। ਰਿਸ਼ੀ ਨੇ ਉਸਦੀ ਦੇਖਭਾਲ ਕੀਤੀ ਤੇ ਉਸ ਦੇ ਪੁੱਤਰਾਂ ਨੂੰ ਉਚਿਤ ਸਿਖਿਆ-ਦੀਖਿਆ ਦਿਤੀ। ਜਦੋਂ ਭਾਗੀਰਥੀ ਨੂੰ ਰਾਮ ਦੇ ਪੰਚਵਟੀ ਜਾਣ ਦਾ ਪਤਾ ਲੱਗਿਆ ਤਾਂ ਉਹ ਲਵ-ਕੁਸ਼ ਦੇ ਬਾਰਾਂ-ਵਰਸ਼ੀ ਸੰਸਕਾਰ ਕਰਨ ਤੇ ਰਘੂਕੁਲ ਦੇ ਪਿਤਾ ਸੂਰਜ ਨੂੰ ਵਿਅਕਤਿਗਤ ਸ਼ਰਧਾਂਜਲੀ ਦੇਣ ਦੇ ਬਹਾਨੇ ਸੀਤਾ ਨੂੰ ਆਪਣੇ ਨਾਲ ਲੈ ਆਈ। ਸੀਤਾ ਨੂੰ ਅਜਿਹੀ ਵਿਸ਼ੇਸ਼ ਸ਼ਕਤੀ ਪ੍ਰਦਾਨ ਕੀਤੀ ਗਈ, ਜਿਸ ਨਾਲ ਦੂਜੇ ਉਸ ਨੂੰ ਦੇਖ ਨਾ ਸਕਣ। ਦੂਜੇ ਪਾਸੇ ਅਗਸਤਯ ਦੀ ਪਤਨੀ ਲੋਪਮੁਦ੍ਰਾ ਰਾਮ ਬਾਰੇ ਬਹੁਤ ਚਿੰਤਿਤ ਸੀ। ਉਸਨੇ ਮੁਰਲਾ ਦੇ ਹੱਥੀਂ ਗੋਦਾਵਰੀ ਨੂੰ ਇਕ ਸੁਨੇਹਾ ਘੱਲਿਆ ਕਿ ਜੇਕਰ ਪੰਚਵਟੀ ਦੇ ਖੇਤਰ ਵਿਚ ਰਾਮ ਅਚੇਤ ਹੋ ਜਾਣ ਤਾਂ ਉਹ ਉਨ੍ਹਾਂ ਨੂੰ ਸਜਲ, ਸ਼ੀਤਲ ਹਵਾ ਨਾਲ ਸਚੇਤ ਕਰੇ ਤੇ ਤਮਸਾ ਨੂੰ ਆਦੇਸ਼ ਦਿਤਾ ਕਿ ਉਹ ਹਰ ਦਮ ਸੀਤਾ ਦੇ ਅੰਗ-ਸੰਗ ਰਹੇ। ਇਤਨੀ ਸਾਵਧਾਨੀ ਤੇ ਪੂਰਵ-ਪ੍ਰਬੰਧ ਨਾਲ ਭਵਭੂਤੀ ਰਾਮ ਤੇ ਸੀਤਾ ਨੂੰ ਇਕੱਠੇ ਇਕ ਥਾਂ ਉਤੇ ਲਿਆਉਂਦੇ ਹਨ। ਜੋ ਚਾਹਿਆ ਸੀ ਉਹੀ ਹੁੰਦਾ ਹੈ। ਰਾਮ ਵਾਸੰਤੀ ਨੂੰ ਮਿਲਦੇ ਹਨ, ਉਹ ਉਨ੍ਹਾਂ ਨੂੰ ਇਕ-ਇਕ ਵਸਤੂ ਜਾਂ ਥਾਂ ਤੋਂ ਹਟਾ ਕੇ ਦੂਜੀ ਵੱਲ ਲੈ ਜਾਂਦੀ ਹੈ, ਜਿਨ੍ਹਾਂ ਵਿਚੋਂ ਹਰੇਕ ਨਾਲ ਪ੍ਰੇਮ ਦੀਆਂ ਅਮਿਟ ਯਾਦਾਂ ਜੁੜੀਆਂ ਹੋਈਆਂ ਹਨ। ਆਪਣੇ ਦੁਖ ਉਤੇ ਕਾਬੂ ਪਾਉਣ ਤੋਂ ਅਸਮਰਥ ਰਾਮ ਕਈ ਵਾਰੀ ਅਚੇਤ ਹੋ ਜਾਂਦੇ ਹਨ। ਰਾਮ ਤੇ ਵਾਸੰਤੀ ਲਈ ਅਦ੍ਰਿਸ਼ਟ ਸੀਤਾ (ਤਮਸਾ ਦੇ ਕਹਿਣ ਅਨੁਸਾਰ) ਆਪਣੇ ਹੱਥ ਦੇ ਅੰਮ੍ਰਿਤ-ਤੁਲ ਸਪਰਸ਼ ਨਾਲ ਉਨ੍ਹਾਂ ਨੂੰ ਸਚੇਤ ਕਰਦੀ ਹੈ, ਰਾਮ ਉਲਝਨ ਵਿਚ ਪੈ ਜਾਂਦੇ ਹਨ। ਉਹ ਮੰਨੀ ਬੈਠੇ ਸਨ ਕਿ ਸੀਤਾ ਜਿਉਂਦੀ ਨਹੀਂ ਹੋਵੇਗੀ, ਮਾਸਾਹਾਰੀ ਜਾਨਵਰਾਂ ਨੇ ਉਸ ਦੀ ਦੇਹ ਖਾ ਲਈ ਹੋਵੇਗੀ। ਸੀਤਾ ਤਿਆਗ ਕਾਰਣ ਵਾਸੰਤੀ ਦਾ ਦਿਲ ਬਹੁਤ ਦੁੱਖੀ ਸੀ। ਉਹ ਰਾਮ ਉਤੇ ਦੋਸ਼ ਤੇ ਪ੍ਰਸ਼ਨਾਂ ਦੀ ਝੜੀ ਲਾ ਦਿੰਦੀ ਹੈ। ਪੰਚਵਟੀ ਦੇ ਏਕਾਂਤ ਵਿਚ ਰਾਮ ਇਹ ਸ੍ਵੀਕਾਰ ਕਰਦੇ ਹਨ ਕਿ ਸੀਤਾ ਤਿਆਗ ਦਾ ਕਾਰਣ ਇਹ ਨਹੀਂ ਸੀ ਕਿ ਉਹ ਉਸਨੂੰ ਪਿਆਰ ਨਹੀਂ



ਕਰਦੇ ਸਨ ਜਾਂ ਉਨ੍ਹਾਂ ਨੇ ਉਸਨੂੰ ਪਿਆਰ ਕਰਨਾ ਛੱਡ ਦਿੱਤਾ ਸੀ। ਪ੍ਰਜਾ ਨੂੰ ਖ਼ੁਸ਼ ਰਖਣਾ ਉਨ੍ਹਾਂ ਦੇ ਕੁਲ ਦੀ ਸਹੁੰ ਸੀ ਤੇ ਇਸ ਕਠੋਰ ਕਰਤੱਵ ਲਈ ਰਾਮ ਨੂੰ ਆਪਣੇ ਪ੍ਰੇਮ ਦੀ ਬਲੀ ਦੇਣੀ ਪਈ ਸੀ। ਪਰ ਸੰਸਕਾਰਗਤ ਆਵਸ਼ਕਤਾ ਹੁੰਦੇ ਵੀ ਉਨ੍ਹਾਂ ਨੇ ਦੂਜਾ ਵਿਆਹ ਨਹੀਂ ਕੀਤਾ। ਸੀਤਾ ਦੀ ਪਵਿੱਤਰਤਾ ਬਾਰੇ ਉਨ੍ਹਾਂ ਦੇ ਨਿੱਜੀ ਵਿਚਾਰ ਭਾਵੇਂ ਜੋ ਵੀ ਹੋਣ, ਰਾਜਾ ਹੋਣ ਦੇ ਨਾਤੇ ਉਨ੍ਹਾਂ ਦੇ ਹੋਠਾਂ ਉਤੇ ਚੁੱਪ ਦੀ ਮੋਹਰ ਲੱਗੀ ਹੋਈ ਸੀ ਤੇ ਉਨ੍ਹਾਂ ਦੀ ਸੁਤੰਤਰਤਾ ਸੀਮਿਤ ਸੀ। ਰਾਜਾ ਦੇ ਕਰਤੱਵ ਨਿਭਾਉਂਦੇ ਹੋਏ ਪਤੀ ਦੀਆਂ ਵਿਅਕਤਿਗਤ ਭਾਵਨਾਵਾਂ ਲਈ ਕੋਈ ਥਾਂ ਨਹੀਂ ਸੀ। ਸੀਤਾ, ਰਾਮ ਦੇ ਇਨ੍ਹਾਂ ਸ਼ਬਦਾਂ ਨੂੰ ਸੁਣਦੀ ਹੈ ਤੇ ਉਨ੍ਹਾਂ ਨੂੰ ਗਹਿਰਾ ਦੁੱਖ ਜਰਦੇ, ਅੱਖੀਂ, ਦੇਖਦੀ ਹੈ। ਉਹ ਇੰਨੀ ਵਿਚਲਿਤ ਹੋ ਜਾਂਦੀ ਹੈ ਕਿ ਰਾਮ ਪ੍ਰਤੀ ਉਸਦਾ ਗ਼ੁੱਸਾ ਢੈਲਾ ਪੈ ਜਾਂਦਾ ਹੈ, ਸਗੋਂ ਉਹ ਰਾਮ ਦਾ ਪੱਖ ਪੂਰਦੀ ਹੈ ਤੇ ਵਾਸੰਤੀ ਨੂੰ ਰਾਮ ਉਤੇ ਕਠੋਰ ਤੇ ਨਿਰਦਈ ਦੋਸ਼ ਲਾਉਣ ਲਈ ਕੋਸਦੀ ਹੈ। ਸੱਚ ਤਾਂ ਇਹ ਹੈ ਕਿ ਰਾਮ ਦੇ ਪ੍ਰੇਮ ਦਾ ਪ੍ਰਤੱਖ ਪ੍ਰਮਾਣ, ਉਨ੍ਹਾਂ ਦਾ ਦਾਰੁਣ ਦੁਖ ਤੇ ਆਪਣੇ ਕਠੋਰ ਤਿਆਗ ਲਈ ਦਿਤਾ ਗਿਆ ਸਪਸ਼ਟੀਕਰਣ—ਇਨ੍ਹਾਂ ਸਭਨਾਂ ਨੇ ਤਿਆਗ ਦੇ ਪਲ ਤੋਂ ਹੀ, ਸੀਤਾ ਦੇ ਮਨ ਨੂੰ ਦੁੱਖੀ ਕਰਨ ਵਾਲੇ, ਲੱਜਾ ਤੇ ਪੀੜ ਦੇ ਨਿਰੰਤਰ ਰੜਕਦੇ ਤੀਰ ਨੂੰ ਉਸ ਦੇ ਹਿਰਦੇ ਵਿਚੋਂ ਕਢ ਦਿਤਾ। ਉਤਕ੍ਰਿਸ਼ਟ ਰੂਪ ਕਲਪਨਾ ਤੇ ਕਲਾ ਨਾਲ ਸਿਰਜੇ ਇਸ ਦ੍ਰਿਸ਼ ਵਿਚ ਭਵਭੂਤੀ ਸੀਤਾ ਨਾਲ ਹੋਈਆਂ ਵਧੀਕੀਆਂ ਲਈ ਪੂਰਣ ਕਾਵਿ-ਨਿਆਇ ਪ੍ਰਦਾਨ ਕਰਦੇ ਹਨ; ਤੇ ਇਸ ਪ੍ਰਕਾਰ ਦੁਰਭਾਗ ਰਾਹੀਂ ਨਿਰਦੋਤਾਂ ਨਾਲ ਵੱਖ ਕੀਤੇ ਗਏ ਅਨੁਰਾਗੀ ਪਤੀ-ਪਤਨੀ ਵਿਚ ਪੂਰਣ ਮਨੋ-ਵਿਗਿਆਨਕ ਮੇਲ ਕਰਵਾ ਦਿੰਦੇ ਹਨ।

ਇਸ ਤੋਂ ਪਿਛੋ ਵਾਲਮੀਕਿ ਦੇ ਆਸ਼ਰਮ ਦਾ ਦ੍ਰਿਸ਼ ਹੈ। ਜਨਕ ਦੇ ਆਉਣ ਨਾਲ ਉਤਸਵ ਦਾ ਵਾਤਾਵਰਣ ਬਣ ਗਿਆ ਹੈ। ਰਾਮ ਦੀਆਂ ਮਾਤਾਵਾਂ ਵੀ ਇਥੇ ਹੀ ਹਨ। ਸੀਤਾ-ਤਿਆਗ ਕਾਰਣ ਜਨਕ ਅਤਿਅੰਤ ਦੁੱਖੀ, ਰੁੱਖੇ ਤੇ ਕੁਪਿਤ ਹਨ। ਇਸ ਲਈ ਨਾ ਕੇਵਲ ਕੁੜਮਣੀ ਸਗੋਂ ਪੁਰਾਣੀ ਸਹੇਲੀ ਕੌਸ਼ਲਿਆ ਨਾਲ ਉਨ੍ਹਾਂ ਦਾ ਮਿਲਾਪ ਸੁਖਾਵਾਂ ਨਹੀਂ। ਕ੍ਰੋਧ ਦੀ ਭੜਕਣ ਨੂੰ ਸ਼ਾਂਤ ਕਰਨ ਲਈ ਅਰੁੰਧਤੀ ਨੂੰ ਦਖ਼ਲ ਦੇਣਾ ਪੈਂਦਾ ਹੈ। ਜਨਕ ਬਹੁਤ ਤੀਬਰਭਾਵੀ ਹੋ ਗਏ ਹਨ ਤੇ ਸੀਤਾ ਦਾ ਕੋਈ ਵੀ ਉੱਲੇਖ (ਜਿਵੇਂ ਕਿ ਵਾਲਮੀਕਿ ਦੀ ਰਾਮਾਇਣ-ਰਚਨਾ ਬਾਰੇ ਲਵ ਦੁਆਰਾ ਕੀਤਾ ਗਿਆ ਉੱਲੇਖ) ਉਨ੍ਹਾਂ ਨੂੰ ਭੜਕਾ ਦਿੰਦਾ ਹੈ। ਰਾਜੇ ਦੇ ਕਰਤੱਵਾਂ ਤੋਂ ਮੂੰਹ ਮੋੜਨ, ਬੇਸਮਝ ਲੋਕਾਂ ਦੀ ਦੰਦ-ਕਥਾ ਸੁਣ ਕੇ ਕਾਹਲੀ ਨਾਲ ਨਿਰਣਾ ਲੈਣ ਲਈ ਉਹ ਰਾਮ ਨੂੰ ਖੁਲ੍ਹ ਕੇ ਕੋਸਦੇ ਹਨ। ਉਹ ਆਪਣੇ ਸ੍ਰਾਪ ਨਾਲ ਜਾਂ ਧਨੁਸ਼ ਨਾਲ ਵੀ ਰਾਮ ਨੂੰ ਦੰਡ ਦੇਣ ਲਈ ਤਿਆਰ ਹਨ। ਕੌਸ਼ਲਿਆ ਆਪ ਰਾਮ ਦੇ ਇਸ ਕਾਰੇ ਉਤੇ ਮਨ ਹੀ ਮਨ ਵਿਚ ਲੱਜਿਤ ਹੈ। ਅਰੁੰਧਤੀ ਖਿਮਾ ਯਾਚਨਾ ਕਰਦੀ ਹੈ, ਇਹ ਕਹਿੰਦੀ ਹੋਈ ਕਿ ਰਾਮ ਪ੍ਰਜਾ ਪ੍ਰਤੀ ਆਪਣਾ ਕਰਤੱਵ ਨਿਭਾਉਣ ਲਈ ਮਜਬੂਰ ਸਨ ਤੇ ਭਾਵੇਂ ਉਨ੍ਹਾਂ ਨੇ ਜੋ ਵੀ ਕੀਤਾ ਹੋਵੇ ਓੜਕ ਉਹ ਜਨਕ ਦੇ ਪੁੱਤਰ ਸਨ। ਇਸ ਤਣਾਉ ਵਿਚ ਇਕ ਮਨ-ਪਰਚਾਵੇ ਦੀ ਗੱਲ ਵੀ ਹੈ। ਕੌਸ਼ਲਿਆ ਤੇ ਦੂਜੇ ਲੋਕਾਂ ਦੀ ਬੁੱਧੀ ਲਵ ਨੂੰ ਦੇਖ ਕੇ ਚਕਰਾ ਜਾਂਦੀ ਹੈ; ਉਸਦੀ ਸ਼ਕਲ ਸੀਤਾ ਨਾਲ ਇੰਨੀ

ਮਿਲਦੀ-ਜੁਲਦੀ ਹੈ। ਅਰੁੰਧਤੀ ਨੂੰ ਭਾਗੀਰਥੀ ਕੋਲੋਂ ਸੀਤਾ ਦੀ ਰਖਿਆ ਤੇ ਜੁੜਵਾਂ ਪੁੱਤਰ ਜੰਮਣ ਦਾ ਰਹੱਸ ਪਤਾ ਲਗ ਗਿਆ ਸੀ। ਪਰ ਇਸ ਰਹੱਸ ਦੇ ਉਦਘਾਟਨ ਦਾ ਸਮਾਂ, ਹਾਲੇ ਨਹੀਂ ਸੀ ਆਇਆ। ਲਵ ਇਕ ਰੋਚਕ ਸਮਾਚਾਰ ਸੁਣਾਉਂਦਾ ਹੈ; ਵਾਲਮੀਕਿ ਨੇ ਰਾਮ ਦੇ ਜੀਵਨ ਉਤੇ ਇਕ ਨਾਟਕ ਲਿਖਿਆ ਹੈ; ਉਸ ਦੀ ਪਾਂਡੂਲਿਪੀ ਕੁਸ਼ ਦੇ ਹੱਥੀਂ ਭਰਤ ਮੁਨੀ ਨੂੰ ਭੇਜੀ ਗਈ ਹੈ; ਤੇ ਉਸ ਨਾਟਕ ਦੇ ਖੇਡਣ ਦਾ ਪ੍ਰਬੰਧ ਕੀਤਾ ਗਿਆ ਹੈ। ਇਸੇ ਸਮੇਂ ਲਵ ਦੇ ਸਾਥੀ ਉਸ ਨੂੰ ਧੂਹ ਕੇ ਲੈ ਜਾਂਦੇ ਹਨ, ਕਿਉਂਕਿ ਉਨ੍ਹਾਂ ਨੇ ਇਕ ਨਵਾਂ ਪ੍ਰਾਣੀ ਦੇਖਿਆ ਹੈ—ਘੋੜਾ। ਲਵ ਯੱਗ ਦੇ ਘੋੜੇ ਨੂੰ ਪਛਾਣ ਲੈਂਦਾ ਹੈ। ਰਾਮ ਦੀ ਸ਼ਕਤੀ ਦੇ ਵਿਸ਼ੇ ਵਿਚ ਰਖਿਅਕਾਂ ਦੇ ਸ਼ਲਾਘਾ-ਭਰਪੂਰ ਵਚਨਾਂ ਨੂੰ ਸੁਣ ਕੇ ਲਵ ਨੂੰ ਗੁੱਸਾ ਆ ਜਾਂਦਾ ਹੈ। ਉਹ ਉਨ੍ਹਾਂ ਦਾ ਵਿਰੋਧ ਕਰਦਾ ਹੈ, ਘੋੜੇ ਨੂੰ ਪਕੜ ਲੈਂਦਾ ਹੈ ਤੇ ਯੁੱਧ ਲਈ ਤਤਪਰ ਹੋ ਜਾਂਦਾ ਹੈ।

ਯੱਗ ਦੇ ਘੋੜੇ ਦੀ ਰਖਿਆ ਕਰਨ ਵਾਲੀ ਸੈਨਾ ਨੂੰ ਲਵ ਨੱਕ-ਚਣੇ ਚਬਾ ਦਿੰਦਾ ਹੈ। ਫਿਰ ਲਛਮਣ ਦਾ ਪੁੱਤਰ, ਸੈਨਾਪਤੀ ਚੰਦਰਕੇਤੁ ਆਪਣੀ ਸੈਨਾ ਨੂੰ ਬਚਾਉਣ ਲਈ ਲਵ ਨਾਲ ਦੁੰਦ-ਯੁੱਧ ਕਰਦਾ ਹੈ। ਲਵ ਨੇ ਜ਼ਿੰਭਕਸ਼ਸਤਰ ਦਾ ਪ੍ਰਯੋਗ ਕਰਕੇ ਸੈਨਾ ਨੂੰ ਸੁਲਾ ਦਿੱਤਾ ਸੀ। ਇਸ ਨਾਲ ਸੁਮੰਤਰ ਦੀ ਬੁੱਧੀ ਚਕਰਾ ਜਾਂਦੀ ਹੈ, ਕਿਉਂਕਿ ਜ਼ਿੰਭਕ-ਸ਼ਸਤਰਾਂ ਦਾ ਗਿਆਨ ਕੇਵਲ ਰਾਮ ਤਕ ਹੀ ਸੀਮਿਤ ਮੰਨਿਆ ਜਾਂਦਾ ਸੀ। ਰਘੁਕੁਲ ਦੇ ਸਦੱਸਾਂ ਨਾਲ ਲਵ ਦੀ ਬਹੁਤ ਮਿਲਦੀ-ਜੁਲਦੀ ਸ਼ਕਲ ਵੀ ਉਸਦੀ ਹੈਰਾਨੀ ਦਾ ਕਾਰਣ ਬਣਦੀ ਹੈ, ਰਹੱਸ ਉਸ ਨੂੰ ਸਮਝ ਨਹੀਂ ਆਉਂਦਾ। ਲਵ ਤੇ ਚੰਦਰਕੇਤੂ ਪਰਸਪਰ ਆਕਰਸ਼ਣ ਦਾ ਅਨੁਭਵ ਕਰਦੇ ਹਨ, ਜਿਹੜਾ ਉਨ੍ਹਾਂ ਨੂੰ ਉਲਝਣ ਵਿਚ ਪਾ ਦਿੰਦਾ ਹੈ। ਪਰ ਨਮਸਕਾਰ ਤੋਂ ਬਾਦ ਕਠੋਰ ਸ਼ਬਦਾਂ ਦਾ ਵਟਾਂਦਰਾ ਹੁੰਦਾ ਹੈ। ਰਾਮ ਦੇ ਸੈਨਿਕਾਂ ਵਲੋਂ ਵਿਖਾਏ ਗਏ ਘਮੰਡ ਦੀ ਲਵ ਖੁਲ੍ਹ ਕੇ ਨਿਖੇਧੀ ਕਰਦਾ ਹੈ। ਇਥੋਂ ਤਕ ਕਿ ਉਹ ਰਾਮ ਦੇ ਕੁਝ-ਇਕ ਕੰਮਾਂ ਦਾ ਵੀ ਠਠਾ ਉਡਾਉਂਦਾ ਹੈ ਤੇ ਉਨ੍ਹਾਂ ਨੂੰ ਸੱਤਲੋਕ ਦਾ ਅਦੁਤੀਵੀਰ ਨਹੀਂ ਮੰਨਦਾ। ਇਹ ਸੁਣ ਕੇ ਚੰਦਰਕੇਤੂ ਨੂੰ ਅੱਗ ਲੱਗ ਜਾਂਦੀ ਹੈ ਤੇ ਦੋਵੇਂ ਬਾਲਕ ਯੁੱਧ ਵਿਚ ਉਲਝ ਜਾਂਦੇ ਹਨ।

ਦੁੰਦ-ਯੁੱਧ ਵਿਨਾਸ਼ਕਾਰੀ ਹੋ ਸਕਦਾ ਸੀ। ਸੁਭਾਗ ਨਾਲ, ਪੰਚਵਟੀ ਤੋਂ ਆਪਣੇ ਵਿਮਾਨ ਵਿਚ ਪਰਤਦੇ ਰਾਮ ਯੁੱਧ ਹੁੰਦਾ ਵੇਖਦੇ ਹਨ ਤੇ ਉਸ ਨੂੰ ਰੋਕਣ ਹਿਤ ਹੇਠਾਂ ਉਤਰਦੇ ਹਨ। ਯੁੱਧ ਵਿਚ ਲਵ ਦੀ ਸਹਾਇਤਾ ਲਈ ਕੁਸ਼ ਮੰਚ ਉਤੇ ਆਉਂਦਾ ਹੈ। ਪਰ ਵਾਤਾਵਰਣ ਹੋਰ ਦਾ ਹੋਰ ਹੋ ਜਾਂਦਾ ਹੈ। ਰਾਮ ਆਪ ਰਹੱਸ-ਪੂਰਣ ਢੰਗ ਨਾਲ ਬਾਲਕਾਂ ਵੱਲ ਆਕਰਸ਼ਿਤ ਹੁੰਦੇ ਹਨ। ਉਨ੍ਹਾਂ ਦੇ ਮਨ ਵਿਚ ਪਛਾਣ ਉਭਰਦੀ ਹੈ ਤੇ ਹੌਲੀ-ਹੌਲੀ ਵਿਸ਼ਵਾਸ ਬਣ ਜਾਂਦੀ ਹੈ ਕਿ ਦੋਵੇਂ ਬਾਲਕ ਉਨ੍ਹਾਂ ਦੇ ਹੀ ਪੁੱਤਰ ਹਨ। ਜਿਵੇਂ ਕਾਲੀਦਾਸ ਦੇ 'ਅਭਿਗਿਆਨ ਸ਼ਾਕੁੰਤਲ' ਵਿਚ ਦੁਸ਼ਯੰਤ ਸਰਵਦਮਨ ਦੇ ਭਿੰਨ-ਭਿੰਨ ਰਾਜਕੁਲ ਦੇ ਚਿਨ੍ਹਾਂ ਨੂੰ ਪਛਾਣਦਾ ਹੈ, ਉਸੇ ਤਰ੍ਹਾਂ ਭਵਭੂਤੀ ਦੇ ਰਾਮ ਮਨਵਚਨੀ ਵਿਚ, ਸਪਸ਼ਟ ਚਿਨ੍ਹਾਂ ਨੂੰ ਗਿਣਦੇ ਹਨ—ਰਾਜਚਿੰਨ੍ਹ ਰਘੁਕੁਲ ਦੀ ਪੱਕੀ ਛਾਪ; ਸੀਤਾ ਨਾਲ ਦੋਹਾਂ ਬਾਲਕਾਂ ਦੀ ਸ਼ਕਲ ਦੀ ਅਸਚਰਜ ਭਰੀ ਸਮਾਨਤਾ; ਜਿਥੇ



ਸੀਤਾ ਨੂੰ ਛੱਡਿਆ ਗਿਆ ਸੀ ਉਥੇ ਵਾਲਮੀਕਿ ਆਸ਼ਰਮ ਦਾ ਨੇੜੇ ਹੋਣਾ, ਬਾਲਕਾਂ ਦੀ ਆਯੂ ਤੇ ਸ਼ਕਤੀ, ਵਿਸ਼ੇਸ਼ ਕਰ ਕੇ ਉਨ੍ਹਾਂ ਦਾ ਜ਼ਿੰਭਕ-ਸ਼ਸਤਰਾਂ ਦਾ ਗਿਆਨ, ਇਹ ਤੱਥ ਕਿ ਉਹ ਜੌੜੇ ਸਨ, ਜਿਸ ਦੇ ਚਿੰਨ੍ਹ ਰਾਮ ਨੇ ਸੀਤਾ ਦੀ ਗਰਭ ਅਵਸਥਾ ਸਮੇਂ ਵੇਖੇ ਸਨ ਤੇ ਪਿੱਛੋਂ ਸੀਤਾ ਨੇ ਇਸ ਗੱਲ ਨੂੰ ਸ੍ਵੀਕਾਰ ਵੀ ਕੀਤਾ ਸੀ। ਰਾਮ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ ਹਨ ਤੇ ਉਨ੍ਹਾਂ ਦਾ ਮਨ ਡੋਲ ਜਾਂਦਾ ਹੈ ਜਦੋਂ ਕੁਸ਼ ਤੇ ਲਵ ਉਨ੍ਹਾਂ ਨੂੰ 'ਰਾਮਾਇਣ' ਦੇ ਸ਼ਲੋਕ ਸੁਣਾਉਂਦੇ ਹਨ। ਪਰ ਉਹ ਆਸ਼ਰਮ ਦੇ ਵਿਰਧਜਨਾਂ ਨੂੰ ਮਿਲਣ ਲਈ ਆਪਣੇ ਆਪ ਨੂੰ ਤਿਆਰ ਕਰਦੇ ਹਨ।

ਸੀਤਾ ਤਿਆਗ ਨਾਲ ਸੰਬੰਧਿਤ ਵਾਲਮੀਕਿ ਦੇ ਨਾਟਕ ਦਾ ਅਭਿਨੈ ਹੋ ਰਿਹਾ ਹੈ। ਸੀਤਾ ਆਪ ਆਪਣੀ ਭੂਮਿਕਾ ਨਿਭਾ ਰਹੀ ਹੈ; ਹੋਰ ਭੂਮਿਕਾਵਾਂ ਅਪਸਰਾਵਾਂ ਨਿਭਾਉਂਦੀਆਂ ਹਨ। ਗੰਗਾ ਦੇ ਕਿਨਾਰੇ ਬਣੇ ਨਾਟਕ-ਪੰਡਾਲ ਵਿਚ ਦਰਸ਼ਕਾਂ ਦੇ ਰੂਪ ਵਿਚ ਰਾਮ ਦੇ ਰਾਜ ਦੇ ਨਾਗਰਿਕ ਤੇ ਸੱਤਲੋਕ ਦੇ ਵਸਨੀਕ ਵਾਲਮੀਕਿ ਰਾਹੀਂ ਇਕੱਠੇ ਕੀਤੇ ਗਏ ਹਨ। ਸੀਤਾ ਦਾ ਆਤਮਘਾਤ ਕਰਨ ਦਾ ਯਤਨ ਤੇ ਦਿੱਵ-ਸ਼ਕਤੀਆਂ ਰਾਹੀਂ ਉਸ ਦੀ ਪੂਰਣ ਪਵਿੱਤਰਤਾ ਦੀ ਘੋਸ਼ਣਾ ਕਰਦੇ ਹੋਏ ਉਸਨੂੰ ਬਚਾਉਣ ਦਾ ਦ੍ਰਿਸ਼ ਹੈ। ਨਾਟਕਕਾਰ (ਵਾਲਮੀਕਿ ਜਾਂ ਭਵਭੂਤੀ) ਇੱਕ ਅੰਤਿਮ ਚਮਤਕਾਰ ਪੇਸ਼ ਕਰਦਾ ਹੈ ਤੇ ਸੀਤਾ ਨੂੰ ਗੰਗਾ ਦੇ ਜਲ ਤੋਂ ਉਪਰ ਆਉਂਦੀ ਦਿਖਾਉਂਦਾ ਹੈ। ਲੋਕ ਹੈਰਾਨ ਰਹਿ ਜਾਂਦੇ ਹਨ ਤੇ ਸੀਤਾ ਦੇ ਚਰਿੱਤਰ ਉਤੇ ਚਿੱਕੜ ਉਛਾਲਣ ਲਈ ਸ਼ਰਮਿੰਦੇ ਹੁੰਦੇ ਹਨ। ਸੂਰਜ ਵੰਸ਼ ਵਿਚ ਸੀਤਾ ਨੂੰ ਅਪਣਾਏ ਜਾਣ ਬਾਰੇ ਜਦੋਂ ਅਰੁੰਧਤੀ ਉਨ੍ਹਾਂ ਲੋਕਾਂ ਦੀ ਰਾਇ ਪੁੱਛਦੀ ਹੈ ਤਾਂ ਉਹ ਸੀਤਾ ਅੱਗੇ ਸ਼ਰਧਾ ਨਾਲ ਸੀਸ ਨਿਵਾ ਦਿੰਦੇ ਹਨ। ਰਾਮ ਦੀ ਪ੍ਰਜਾ ਦਾ ਨਿਮਣਾ ਸੀਤਾ ਦੀ ਪਵਿੱਤਰਤਾ ਦੇ ਵਿਸ਼ੇ ਵਿਚ ਅੰਤਿਮ ਨਿਰਣਾ ਹੈ ਤੇ ਆਪ ਮੁਹਾਰੇ ਲੋਕਾਂ ਦੀ ਸੀਤਾ ਪ੍ਰਤੀ ਕੀਤੀ ਗਈ ਭਯੰਕਰ ਵਧੀਕੀ ਦਾ ਤੇ, ਪਰੋਖ ਰੂਪ ਵਿਚ ਉਨ੍ਹਾਂ ਦੀ ਨਿੰਦਣੀ ਬਕਵਾਸ ਨੂੰ ਰਾਮ ਰਾਹੀਂ ਮੰਨੇ ਜਾਣ ਦੇ ਅਪਰਾਧ ਦਾ ਸ੍ਵੀਕਾਰ ਹੈ। ਇਕ ਸਥਾਈ ਆਨੰਦਮਈ ਪੁਨਰ-ਮਿਲਾਪ ਦਾ ਰਾਹ ਹੁਣ ਸਾਫ਼ ਹੋ ਜਾਂਦਾ ਹੈ।

(ਖ)

ਵਾਲਮੀਕਿ ਦੀ ਕਾਵਿ-ਪ੍ਰਤਿਭਾ ਲਈ ਭਵਭੂਤੀ ਦੇ ਅਸੀਮ ਆਦਰ ਜਾਂ ਮਨੁੱਖ ਰੂਪਧਾਰੀ ਦੇਵਤਾ ਰਾਮ ਦੇ ਪ੍ਰਤੀ ਨਿਜੀ ਸ਼ਰਧਾ ਬਾਰੇ ਕੋਈ ਸ਼ੰਕਾ ਹੀ ਨਹੀਂ ਉਠਦਾ। ਫਿਰ ਵੀ ਉਨ੍ਹਾਂ ਨੇ ਸਾਹਸਪੂਰਣ ਮੌਲਿਕ ਉਦਭਾਵਨਾਵਾਂ ਪ੍ਰਸਤੁਤ ਕੀਤੀਆਂ ਹਨ ਤੇ ਰਾਮਕਥਾ ਨੂੰ ਭਾਵਨਾਮਈ ਮਾਨਵਕਥਾ ਵਿਚ ਰੂਪਾਂਤਰਿਤ ਕਰਕੇ ਨਵੇਂ ਢੰਗ ਨਾਲ ਮੁੜ ਸਿਰਜਿਆ ਹੈ। ਇਹ ਮੰਨਣਾ ਭੁੱਲ ਹੋਵੇਗੀ ਕਿ ਮਹਾਕਾਵਿ ਦੀ ਕਥਾ ਦੇ ਵਿਪਰੀਤ ਇਸਨੂੰ ਸੁਖਾਂਤ ਇਸ ਲਈ ਬਣਾਇਆ ਗਿਆ ਹੈ ਕਿ ਸੰਸਕ੍ਰਿਤ ਨਾਟਯ-ਸ਼ਾਸਤਰ ਦੇ ਨਿਯਮ ਤੇ ਪਰੰਪਰਾਵਾਂ ਰੰਗਮੰਚ ਉਤੇ ਨਾਇਕ ਜਾਂ ਨਾਇਕਾ ਦੀ ਮੌਤ ਦਿਖਾਉਣ ਨੂੰ ਵਰਜਦੀਆਂ ਹਨ। ਇਸ ਨੂੰ ਸੁਖਾਂਤ ਕਰਕੇ ਕਵੀ ਨੇ ਪਤੀ-ਪਤਨੀ ਦੇ ਪ੍ਰੇਮ ਨੂੰ ਕਾਵਿ-ਨਿਆਇ ਪ੍ਰਦਾਨ ਕੀਤਾ ਹੈ। ਸੱਚਾ ਪ੍ਰੇਮ ਪਤੀ-ਪਤਨੀ

ਨੂੰ ਪੂਰੇ ਸਮਝੌਤੇ ਨਾਲ ਬੰਨ੍ਹਦਾ ਹੈ ਤੇ ਫਿਰ ਵੱਖ ਹੋਣਾ ਅਸੰਭਵ ਹੋ ਜਾਂਦਾ ਹੈ। ਪਰ ਜੇ ਵੱਖ ਹੋਣ ਦੀ ਨੌਬਤ ਆ ਜਾਵੇ, ਜੇ ਪ੍ਰੇਮ-ਬਾਹਰੀ ਕਾਰਣਾਂ ਕਰ ਕੇ ਪਤੀ ਪਤਨੀ ਨੂੰ ਛੱਡ ਦੇਵੇ ਤਾਂ ਕਲਾ ਦੀ ਇਹ ਮੰਗ ਹੈ ਕਿ ਉਨ੍ਹਾਂ ਦਾ ਪੁਨਰ-ਮਿਲਾਪ ਹੋਵੇ। ਬਹੁ-ਪਤਨੀਵਾਦ ਦਾ ਹਾਮੀ ਸਮਾਜ ਭਾਵੇਂ ਇਸਤ੍ਰੀ ਦੀਆਂ ਭਾਵਨਾਵਾਂ ਦੀ ਕਦਰ ਨਾ ਕਰੇ; ਕਲਾਕਾਰ ਦਾ ਯਤਨ ਇਹੋ ਹੋਵੇਗਾ ਕਿ ਅਨਿਆਇ-ਗ੍ਰਸਤ ਪਤਨੀ ਨੂੰ ਨਿਆਇ ਪ੍ਰਦਾਨ ਕੀਤਾ ਜਾਵੇ ਤੇ ਇਹ ਦਿਖਾਇਆ ਜਾਵੇ ਕਿ ਪਤੀ ਪਛਤਾਉਂਦਾ ਹੋਇਆ ਸ਼ੁੱਧ ਅੰਤਹਕਰਣ ਨਾਲ ਪਤਨੀ ਦੇ ਕੋਲ ਪਰਤ ਜਾਂਦਾ ਹੈ। ਇਹੀ ਕਲਾ ਦਾ ਮਾਰਗ ਹੈ ਤੇ ਇਹੀ ਪ੍ਰੇਮ ਤੇ ਸਮਝੌਤੇ ਨੂੰ ਸਾਰਥਕਤਾ ਪ੍ਰਦਾਨ ਕਰਦਾ ਹੈ। ਭਾਸ ਨੇ ਆਪਣੇ 'ਸੁਪਨਵਾਸਵਦੱਤਮ੍' ਵਿਚ ਵੀ ਇਹੀ ਦੱਸਿਆ ਹੈ। ਭਵਭੂਤੀ ਦੇ 'ਉਤਰਰਾਮਚਰਿਤ' ਵਿਚ ਵੀ ਇਹੀ ਭਾਵਨਾ ਅੰਤਰਨਿਹਿਤ ਹੈ। ਇਸ ਅਨੁਸਾਰ ਆਪਣੇ ਨਾਟਕੀ ਢਾਂਚੇ ਨੂੰ ਬਨਾਉਣ ਲਈ ਭਵਭੂਤੀ ਮੂਲ-ਗ੍ਰੰਥ ਦੇ ਕੁਝ ਵਿਵਰਣਾਂ ਨੂੰ ਰੁਪਾਂਤਰਿਤ ਜਾਂ ਪਰਿਵਰਤਿਤ ਕਰਨ ਤੇ ਹੋਰਨਾਂ ਦੀ ਖੋਜ ਕਰਨ ਵਿਚ ਢਿੱਲ ਨਹੀਂ ਕਰਦੇ।

ਪਹਿਲੇ ਅੰਕ ਦਾ ਚਿੱਤਰਵੈਣੀ ਦਾ ਸੁਝਾਉ 'ਰਘੁਵੰਸ਼' ਵਿਚ ਕਾਲੀਦਾਸ ਦੇ ਉਲੇਖ ਤੋਂ ਮਿਲਿਆ ਹੋਵੇਗਾ। ਫਿਰ ਵੀ ਭਵਭੂਤੀ ਨੇ ਇਸ ਦਾ ਪ੍ਰਯੋਗ ਰਾਮ ਦੇ ਮੁਢਲੇ ਜੀਵਨ ਨੂੰ ਪਿਛਲੇ ਜੀਵਨ ਨਾਲ ਜੋੜਨ, ਰਾਮ ਸੀਤਾ ਵਿਚ ਵਿੱਦਮਾਨ ਗਹਿਰੇ ਪ੍ਰੇਮ ਨੂੰ ਸਪਸ਼ਟ ਕਰਨ (ਉਸ ਪ੍ਰੇਮ ਨੂੰ ਜਿਹੜਾ ਦੋ ਹਿਰਦਿਆਂ ਦੀ ਏਕਤਾ ਵਿਚ ਖਿੜਿਆ ਤੇ ਵਿਕਸਿਆ); ਦੰਪਤੀ ਦੇ ਜੀਵਨ ਦੇ ਉਤਾਰ-ਚੜ੍ਹਾਵਾਂ ਨੂੰ ਚਿਤ੍ਰਿਤ ਕਰਨ ਤੇ ਭਾਵੀ ਵਿਯੋਗ ਦੀ ਪੂਰਵ-ਝਲਕ ਦੇਣ ਲਈ ਕੀਤਾ ਹੈ। ਭਵਭੂਤੀ ਦੀ ਦੂਜੀ ਮੌਲਿਕ ਉਦਭਾਵਨਾ ਹੈ ਰਾਮ ਨੂੰ ਪੰਚਵਟੀ ਵਿਚ ਲਿਆਉਣਾ ਤੇ ਸੀਤਾ ਨਾਲ ਉਨ੍ਹਾਂ ਦਾ ਮੇਲ ਕਰਵਾਉਣਾ। ਤੇ ਇਸ ਦੀ ਪੂਰਤੀ ਲਈ ਭਵਭੂਤੀ ਆਤ੍ਰੇਈ ਤੇ ਵਾਸੰਤੀ ਜਿਹੇ ਨਵੇਂ ਪਾਤਰ ਸਿਰਜਦੇ ਹਨ ; ਦੇਹਧਾਰੀ ਨਦੀਆਂ ਵਾਕੁਰ ਅਧਿਦੈਵਿਕ ਪਾਤਰਾਂ ਦਾ ਉਪਯੋਗ ਕਰਦੇ ਹਨ ਤੇ ਕੁਝ ਕੰਮ ਉਪਰਲੌਕਿਕ ਘਟਨਾਵਾਂ ਤੋਂ ਵੀ ਲੈਂਦੇ ਹਨ ਜਿਵੇਂ ਵਾਸੰਤੀ ਤੇ ਰਾਮ ਲਈ ਸੀਤਾ ਦਾ ਅਦ੍ਰਿਸ਼ਟ ਰਹਿਣਾ, ਭਾਵੇਂ ਰਾਮ ਸੀਤਾ ਦੇ ਹੱਥ ਦੇ ਸਪਰਸ਼ ਨੂੰ ਅਨੁਭਵ ਕਰ ਸਕਦੇ ਹਨ। ਇਹ ਗੱਲ ਦਿਲ ਤਾਂ ਨਹੀਂ ਲਗਦੀ ਪਰ ਹੈ ਇਹ ਸਥਿਤੀ ਮਾਨਵੀ ਹੀ ਤੇ ਜੋ ਕੁਝ ਕਲਾ ਉਪਲਬਧ ਕਰਨਾ ਚਾਹੁੰਦੀ ਹੈ ਉਸ ਲਈ ਜ਼ਰੂਰੀ ਵੀ। ਇਸ ਨਾਲ ਭਵਭੂਤੀ, ਰੋਸ਼ ਤੇ ਕਟੁਤਾ ਹੇਠ ਆਪਸੀ ਪ੍ਰੇਮ ਨੂੰ ਨਾ ਲਤਾੜ ਕੇ, ਅਨਿਆਇ-ਗ੍ਰਸਤ ਪਤਨੀ ਲਈ ਪੂਰਣ ਸਪਸ਼ਟੀਕਰਣ ਤੇ ਕਾਵਿ-ਨਿਆਇ ਪ੍ਰਦਾਨ ਕਰਦੇ ਹਨ। ਚੌਥੇ ਅੰਕ ਤੋਂ ਲੈ ਕੇ ਛੇਵੇਂ ਅੰਕ ਤਕ ਦੀਆਂ ਘਟਨਾਵਾਂ ਵਾਲਮੀਕਿ ਦੇ ਆਸ਼ਰਮ ਵਿਚ ਵਾਪਰਦੀਆਂ ਹਨ। ਸਾਰੇ ਆਵਸ਼ਕ ਪਾਤਰ ਇਥੇ ਇਕੱਤਰ ਹਨ ਤੇ ਇਹ ਇਕੱਠ ਓਪਰਾਂ ਜਿਹਾ ਨਹੀਂ ਲਗਦਾ ਕਿਉਂਕਿ ਨਾਟਕਕਾਰ ਦੁਆਰਾ ਪ੍ਰਸਤੁਤ ਕਾਰਣ ਮਨੋਵਿਗਿਆਨਕ ਹੈ; ਰਾਮ ਦੇ ਮੁਢਲੇ ਕਰਮ ਸੀਤਾ ਤਿਆਗ ਤੋਂ ਜਨਮਿਆ ਹੈ। ਗਰਭ-ਨਾਟਕ ਜਿਸਦਾ ਉਲੇਖ ਚੌਥੇ ਅੰਕ ਵਿਚ ਤੇ ਅਭਿਨੈ ਸਤਵੇਂ ਅੰਕ ਵਿਚ ਕੀਤਾ ਗਿਆ ਹੈ—ਭਵਭੂਤੀ ਦੀ ਇਕ ਹੋਰ ਮਹੱਤਵ-



ਪੂਰਣ ਮੌਲਿਕ ਉਦਭਾਵਨਾ ਹੈ। ਵਾਲਮੀਕਿ ਨੂੰ ਨਾਟਕਕਾਰ ਬਣਾ ਕੇ ਭਵਭੂਤੀ ਨੇ ਸੰਸਕ੍ਰਿਤ ਸਾਹਿਤ ਦਾ ਨਵਾਂ ਇਤਿਹਾਸ ਲਿਖਿਆ ਹੈ। ਪਰ ਇਹ ਅਤਿਅੰਤ ਪ੍ਰਭਾਵਸ਼ਾਲੀ ਤੇ ਕਲਾਤਮਕ ਉਪਾਇ ਹੈ ਜਿਸ ਰਾਹੀਂ ਦੁਰਭਾਵਨਾ ਯੁਕਤ ਪ੍ਰਜਾ ਨੂੰ ਉਸ ਦੀ ਭੂਲ ਅਨੁਭਵ ਕਰਵਾਈ ਹੈ ਤੇ ਭਵਭੂਤੀ ਉਸ ਨਿਰਦੋਸ਼ ਸੀਤਾ ਨੂੰ ਜਨਤਾ ਦਾ ਨਿਆਇ ਦੇਣ ਵਿਚ ਸਮਰਥ ਹੋਏ ਹਨ ਜਿਹੜੀ ਗੈਰ-ਜ਼ਿੰਮੇਦਾਰ ਗਪੌੜ ਦਾ ਸ਼ਿਕਾਰ ਹੋ ਗਈ ਸੀ। ਇਹ ਪ੍ਰਦਰਸ਼ਨ ਰਾਮ ਲਈ ਵੀ ਅਤਿ ਜ਼ਰੂਰੀ ਸੀ; ਉਨ੍ਹਾਂ ਨੂੰ ਸੀਤਾ ਦੀ ਪਵਿੱਤਰਤਾ ਉਤੇ ਕੋਈ ਸ਼ਕ ਤਾਂ ਨਹੀਂ ਸੀ, ਪਰ ਉਹ ਇਹ ਵੀ ਨਹੀਂ ਸੀ ਸੋਚ ਸਕਦੇ ਕਿ ਉਨ੍ਹਾਂ ਦੀ ਪ੍ਰਜਾ ਜਾਣ-ਬੁਝ ਕੇ ਦੁਸ਼ਟਤਾ ਕਰ ਰਹੀ ਸੀ। ਪ੍ਰਜਾ ਨੂੰ ਸੰਤੁਸ਼ਟ ਕਰਨਾ ਉਹ ਆਪਣਾ ਕਰਤੱਵ ਸਮਝਦੇ ਸੀ। ਵਾਲਮੀਕਿ ਜਾਂ ਅਰੁੰਧਤੀ ਦੀ ਗਵਾਹੀ ਜਨਤਾ ਨੂੰ ਸੀਤਾ ਦੀ ਪਵਿੱਤਰਤਾ ਤੇ ਨਿਰਦੋਸ਼ਤਾ ਬਾਰੇ ਸੰਤੁਸ਼ਟ ਕਰਦੀ ਜਾਂ ਨਾ ਵੀ ਕਰਦੀ। ਰਾਜਾ ਦੇ ਰੂਪ ਵਿਚ ਰਾਮ ਇਹ ਚਾਹੁੰਦੇ ਸਨ ਕਿ ਸੀਤਾ ਨੂੰ ਮੁੜ ਗ੍ਰਹਿਣ ਕਰਨ ਤੋਂ ਪਹਿਲਾਂ ਪ੍ਰਜਾ ਆਪਣੀ ਸਰਵਸੰਮਤੀ ਪ੍ਰਦਾਨ ਕਰ ਦੇਵੇ। ਗਰਭਨਾਟਕ ਇਸ ਉਦੇਸ਼ ਦੀ ਪੂਰਤੀ ਕਰਦਾ ਹੈ। ਰਾਮ ਦੇ ਚਰਿੱਤਰ, ਸ਼ਕਤੀ ਤੇ ਸੀਮਾ ਨੂੰ ਸਮਝਣ ਤੇ ਕੇਂਦ੍ਰੀ ਮੰਤਵ ਨੂੰ ਪ੍ਰਾਪਤ ਕਰਨ ਲਈ ਨਾਟਕੀ ਤਾਣਾ-ਬਾਣਾ ਬੁਣਨਾ ਸਾਹਿਤਕ ਸਿਰਜਨਾ ਦੇ ਖੇਤਰ ਵਿਚ ਇਕ ਅਦਭੁਤ ਉਪਲਬਧੀ ਹੈ।

ਨਾਟਯ-ਰਚਨਾ ਤੇ ਕਾਵਿ-ਸਿਰਜਨਾ ਨਾਲ ਸੰਬੰਧਿਤ ਕੁਝ ਦੂਜੇ ਖੇਤਰਾਂ ਵਿਚ ਵੀ ਭਵਭੂਤੀ ਦੀ ਕਲਾ ਨਿਸ਼ਚਿਤ ਉਚਾਈਆਂ ਤਕ ਪਹੁੰਚਦੀ ਹੈ। ਚਿੱਤਰਵੈਣੀ ਦਾ ਜਿਥੇ ਪ੍ਰਤੱਖ ਪ੍ਰਭਾਵ ਹੈ, ਉਥੇ ਉਸ ਵਿਚ ਉਦਾਸੀ, ਮਾਨਵੀ ਤ੍ਰਾਸਦੀ ਤੇ ਅਨੁਪਮ ਪ੍ਰੇਮ ਦਾ ਮਿਸ਼ਰਣ ਵੀ ਹੈ। ਤੀਜੇ ਅੰਕ ਦਾ ਰਾਮ ਤੇ ਛਾਇਆ-ਸੀਤਾ ਵਿਚਕਾਰਲਾ ਦ੍ਰਿਸ਼ ਆਪਣੇ ਮਰਮ-ਸਪਰਸ਼ੀ ਪ੍ਰਭਾਵ ਕਾਰਣ ਅਦੁੱਤੀ ਹੈ। ਇਕ ਪਾਸੇ ਰਾਮ ਦੀ ਦੁਖਭਰੀ ਬੇਬਸੀ ਤੇ ਦੂਜੇ ਪਾਸੇ ਵਾਸੰਤੀ ਦੀ ਵੇਦਨ ਤੇ ਗੁੱਸਾ—ਇਹ ਉਨ੍ਹਾਂ ਵਿਵਿਧ ਭਾਵਾਂ ਦਾ ਸਾਥ ਦਿੰਦੇ ਹਨ ਜਿਨ੍ਹਾਂ ਵਿਚ ਹਰ ਪਲ ਸੀਤਾ ਡੁੱਬਦੀ-ਤਰਦੀ ਰਹਿੰਦੀ ਹੈ। ਰਾਮ ਦਾ ਆਪਣੇ ਪੁੱਤਰਾਂ ਨਾਲ ਸਾਖਿਆਤਕਾਰ ਇਕ ਅਜਿਹਾ ਆਨੰਦ ਹੈ ਜਿਹੜਾ ਡੂੰਘੀ ਪੀੜਾ ਦੇ ਹੰਝੂਆਂ ਉਤੇ ਤਰਦਾ ਦਿੱਸਦਾ ਹੈ। ਵਾਲਮੀਕਿ ਦੇ ਆਸ਼ਰਮ ਵਿਚ ਬੱਚਿਆਂ ਦੀ ਚਹਲ-ਪਹਲ ਤੇ ਬੇਫ਼ਿਕਰੀ ਦਾ ਜਨਕ ਦੇ ਕ੍ਰੋਧ ਤੋਂ ਉਤਪੰਨ ਤਣਾਉਪੂਰਣ ਵਾਤਾਵਰਣ ਨਾਲ ਵਿਰੋਧ ਹੈ। ਤੇ ਪ੍ਰਕ੍ਰਿਤੀ ਦੇ ਮਨੋਹਾਰੀ ਭਿਅੰਕਰ ਰੂਪਾਂ ਦਾ ਵਰਣਨ ਖਾਸ ਕਰਕੇ ਦੂਜੇ ਅੰਕ ਵਿਚ, ਪੰਜਵੇਂ ਅੰਕ ਦੀ ਯੁੱਧ ਦੀ ਭਿਆਵਲਤਾ ਨਾਲ ਤੇ ਸੱਤਵੇਂ ਅੰਕ ਦੇ ਨਾਟਕੀ ਪ੍ਰਦਰਸ਼ਨ ਦੀ ਗੰਭੀਰਤਾ ਨਾਲ ਸਮਤੋਲ ਦਰਸਾਂਦਾ ਹੈ।

ਕੁਝ ਪਰਿਸਥਿਤੀਆਂ ਦੀ ਜੁਗਤ ਕਰਦੇ ਸਮੇਂ ਭਵਭੂਤੀ ਨੇ ਆਪਣੇ ਨਾਟਕੀ ਤੇ ਕਾਵਿ-ਕੌਸ਼ਲ ਦਾ ਰੱਜ ਕੇ ਪ੍ਰਯੋਗ ਕੀਤਾ ਹੈ। ਉਦਾਹਰਣ ਵਜੋਂ, ਆਪਣੇ ਜੀਵਨ ਦਾ ਮਹੱਤਵਪੂਰਣ ਨਿਰਣਾ ਲੈਣ ਸਮੇਂ ਰਾਮ ਬਿਲਕੁਲ ਇਕੱਲੇ ਹਨ। ਪਹਿਲੇ ਅੰਕ ਨੂੰ ਦੂਜੇ ਤੇ ਤੀਜੇ ਅੰਕ ਤੋਂ ਵੱਖ ਕਰਨ ਲਈ ਬਾਰਾਂ ਸਾਲਾਂ ਦੀ ਵਿੱਥ ਨੂੰ ਅਨੇਕ ਅਭਿਵਿਅੰਜਨਾਤਮਕ ਛੋਹਾਂ ਦੇ ਕੇ ਕਲਾਤਮਕ ਢੰਗ ਨਾਲ ਭਰਿਆ ਗਿਆ ਹੈ।

ਹਾਥੀ ਤੇ ਮੋਰ ਦੇ ਬੱਚੇ ਹੁਣ ਜਵਾਨ ਹੋ ਗਏ ਹਨ; ਪ੍ਰਕ੍ਰਿਤੀ ਦੇ ਬਾਹਰੀ ਰੂਪ ਵਿਚ ਪਰਿਵਰਤਨ ਆ ਗਿਆ ਹੈ; ਬਾਰਾਂ-ਵਰਸ਼ੀ-ਯੱਗ ਦੀ ਸਮਾਪਤੀ ਹੋ ਗਈ ਹੈ; ਸੀਤਾ ਆਪਣੇ ਪੁੱਤਰਾਂ ਦੇ ਬਾਰਾਂ-ਵਰਸ਼ੀ-ਸੰਸਕਾਰ ਮਨਾਣ ਆਈ ਹੈ; ਲਛਮਣ ਪਿਤਾ ਬਣ ਚੁੱਕਿਆ ਹੈ ਤੇ ਉਸਦਾ ਪੁੱਤਰ ਸੈਨਾਪਤੀ ਦਾ ਪਦ ਸੰਭਾਲਣ ਦੇ ਯੋਗ ਹੋ ਗਿਆ ਹੈ; ਜਨਕ ਵਾਨਪ੍ਰਸਥੀ ਹੋ ਗਏ ਹਨ; ਲਵ ਨਾਲ ਸ਼ਤਰੂਘਨ ਦਾ ਯੁੱਧ ਸਮਾਪਤ ਹੋ ਗਿਆ ਹੈ। ਭਵਭੂਤੀ ਨੇ ਇਸ ਗੱਲ ਲਈ ਵੀ ਉਤਨੀ ਹੀ ਸਾਵਧਾਨੀ ਵਰਤੀ ਹੈ ਕਿ ਅੰਤਿਮ ਅੰਕ ਦਾ ਨਾਟਕੀ ਪ੍ਰਦਰਸ਼ਨ ਅਚਿੰਤੇ ਅਸਚਰਜ ਵਾਕਰ ਸਾਹਮਣੇ ਨਾ ਆਵੇ, ਇਸ ਲਈ ਤਿਆਰੀਆਂ ਚੌਥੇ ਅੰਕ ਤੋਂ ਹੀ ਸ਼ੁਰੂ ਕਰ ਦਿੱਤੀਆਂ ਗਈਆਂ ਹਨ।

ਅਸੀਂ ਦੇਖਦੇ ਹਾਂ ਕਿ ਇਸ ਨਾਟਕ ਵਿਚ ਭਵਭੂਤੀ ਅੰਤਰਮੁਖ ਹੋ ਗਏ ਹਨ। ਆਪਣੇ ਪਹਿਲੇ ਨਾਟਕਾਂ ਵਾਕਰ ਉਹ ਅਨੇਕ ਘਟਨਾਵਾਂ ਤੇ ਸਥਿਤੀਆਂ ਦਾ ਉਪਯੋਗ ਕਰਦੇ ਹਨ ਪਰ 'ਉਤਰਰਾਮਚਰਿਤ' ਵਿਚ ਨਾਟਕੀ-ਕਾਰਜਾਂ ਦਾ ਮੁਖ ਸ੍ਰੋਤ ਮਨੋਵਿਗਿਆਨਕ ਹੈ। ਇਕ ਕਾਰਜ ਜਾਂ ਇਕ ਪਰਿਸਥਿਤੀ ਤੇ ਉਸ ਦੀਆਂ ਮਨੋਵਿਗਿਆਨਕ ਪ੍ਰਤਿਕ੍ਰਿਆਵਾਂ ਘਟਨਾਕ੍ਰਮ ਨੂੰ ਉਤਪੰਨ ਕਰਦੀਆਂ ਹਨ ਤੇ ਨਾਟਕੀ ਕਥਾਨਕ ਦਾ ਵਿਕਾਸ ਕਰਦੀਆਂ ਹਨ। ਰਾਮ ਦੇ ਮੂੰਹੋਂ ਅਖਵਾਏ ਗਏ ਸੰਵਾਦ ਇਸ ਪੱਖੋਂ ਉਲੇਖਨੀ ਹਨ। ਇਹ ਮਨ-ਵਚਨੀਆਂ ਹਨ ਤੇ ਜੀਵਨ ਦੀ ਪਰੀਖਿਆ ਦੀ ਘੜੀ ਵਿਚ ਜਿਹੜੇ ਵਿਚਾਰ ਤੇ ਭਾਵਨਾਵਾਂ ਰਾਮ ਦੇ ਹਿਰਦੇ ਨੂੰ ਮਥ ਦਿੰਦੀਆਂ ਹਨ ਉਨ੍ਹਾਂ ਨੂੰ ਸੂਖਮ ਢੰਗ ਨਾਲ ਉਜਾਗਰ ਕਰਦੀਆਂ ਹਨ। ਜਿਵੇਂ ਕਿ ਜਦੋਂ ਉਨ੍ਹਾਂ ਨੂੰ ਸੀਤਾ-ਤਿਆਗ ਦਾ ਨਿਰਣਾ ਕਰਨਾ ਪਿਆ, ਸ਼ੰਬੂਕ ਦੀ ਹੱਤਿਆ ਕਰਨੀ ਪਈ ਤੇ ਜਦੋਂ ਉਨ੍ਹਾਂ ਦਾ ਲਵ-ਕੁਸ਼ ਨਾਲ ਸਾਖਿਆਤਕਾਰ ਹੋਇਆ। ਆਮ ਕਰਕੇ ਕਿਸੇ ਭਾਵ ਦਾ ਚਿਤ੍ਰਣ ਕਰਦੇ ਹੋਏ ਭਵਭੂਤੀ ਅਤਿ-ਵਿਸਤਾਰ ਦੀ ਭੁੱਲ ਕਰ ਬੈਠਦੇ ਹਨ। ਇਸ ਨਾਟਕ ਵਿਚ ਇਹ ਗੱਲ ਕੁਝ ਹੱਦ ਤਕ ਕਰੁਣ-ਰਸ ਦੇ ਵਿਸ਼ੇ ਵਿਚ ਠੀਕ ਹੈ। ਪਰ ਇਸ ਮਾਨਵੀ ਭਾਵਨਾ ਨੂੰ ਭਵਭੂਤੀ ਇਕ ਨਵੇਂ ਦ੍ਰਿਸ਼ਟਿਕੋਣ ਤੋਂ ਦੇਖਦੇ ਹਨ। ਉਨ੍ਹਾਂ ਅਨੁਸਾਰ ਕਰੁਣ ਹੀ ਇੱਕ ਮਾਤਰ ਰਸ ਹੈ ਤੇ ਦੂਜੇ ਰਸ ਉਸਦੇ ਵਿਭਿੰਨ ਰੂਪਮਾਤਰ ਹਨ। ਇਹ ਗੱਲ ਆਮ ਕਰਕੇ ਮਨੁੱਖ ਦੇ ਤੇ ਖਾਸ ਕਰਕੇ ਰਾਮ ਦੇ ਜੀਵਨ ਬਾਰੇ ਸਹੀ ਹੈ। ਭਵਭੂਤੀ ਰਾਮ-ਕਥਾ ਨੂੰ ਇਕ ਤ੍ਰਾਸਦੀ ਦੇ ਰੂਪ ਵਿਚ ਪ੍ਰਸਤੁਤ ਨਹੀਂ ਕਰਨਾ ਚਾਹੁੰਦੇ। ਪਰ ਜੀਵਨ ਵਿਚ (ਜਿਥੇ ਆਨੰਦ ਜਾਂ ਹਾਸ, ਵੀਰਤਾ ਜਾਂ ਵਿਸਮਾਦ ਦੀਆਂ ਅਨੁਭੂਤੀਆਂ ਜੀਵਨ-ਧਾਰਾ ਦੀ ਸਤਹ ਉਤੇ ਬੁਲਬੁਲਿਆਂ ਵਾਂਗ ਬਣਦੀਆਂ-ਮਿਟਦੀਆਂ ਹਨ) ਕਰੁਣਾ ਦੀ ਕੇਂਦ੍ਰੀ ਭੂਮਿਕਾ ਨੂੰ ਸ੍ਵੀਕਾਰ ਕਰਕੇ ਭਵਭੂਤੀ ਨਿਹਸੰਸੇ ਰਾਮਕਥਾ ਦੇ ਸਰਵਜਨ-ਪ੍ਰਭਾਵ ਉਤੇ ਬਲ ਦੇ ਰਹੇ ਹਨ।[16]

16. ਇਹ ਕਥਨ 'ਉਤਰਰਾਮਚਰਿਤ', ੩.੪੭ ਵਿਚ ਹੈ। ਵਿਸਤ੍ਰਿਤ ਵਿਵੇਚਨ ਲਈ ਦੇਖੋ : ਭਟ : 'ਉਤਰਰਾਮਚਰਿਤ', ਸੰ. ਪ੍ਰਸਤਾਵਨਾ, ਪ. ੧੦੪-੧੧੧ ਭਟ : 'ਟ੍ਰੈਜਡੀ ਔਫ ਸੰਸਕ੍ਰਿਤ ਡ੍ਰਾਮਾ' ਪ. ੫੫-੬੧।



ਕਲਾਕਾਰ ਦੇ ਰੂਪ ਵਿਚ ਭਵਭੂਤੀ ਦੀ ਇਹ ਅੰਤਰ-ਦ੍ਰਿਸ਼ਟੀ ਪ੍ਰਸ਼ੰਸਾ ਯੋਗ ਹੈ।

ਭਵਭੂਤੀ ਨੇ ਰਾਮ ਦੇ ਚਰਿੱਤਰ ਉਤੇ ਨਵੀਂ ਰੋਸ਼ਨੀ ਪਾਈ ਹੈ। ਰਾਮ ਨਾ ਤਾਂ ਭਾਵਹੀਨ ਹਨ ਤੇ ਨਾ ਕਠੋਰ। ਉਨ੍ਹਾਂ ਦੇ ਰਾਜਕੀ ਆਦਰਸ਼ਾਂ ਦਾ ਸੇਕ ਭਾਵੇਂ ਉਨ੍ਹਾਂ ਦੀਆਂ ਕੋਮਲ ਭਾਵਨਾਵਾਂ ਨੂੰ ਸੁਕਾ ਦੇਵੇ ਤੇ ਕਰਤੱਵ ਕਠੋਰ ਤੇ ਨਿਰਦਈ ਚਿਹਰਾ ਧਾਰਣ ਕਰ ਲਵੇ; ਪਰ ਰਾਮ ਦੇ ਸੁਭਾਉ ਦਾ ਇਕ ਹੋਰ ਪੱਖ ਵੀ ਹੈ। ਉਹ ਇਕ ਪਿਆਰ ਕਰਨ ਵਾਲੇ ਵਿਅਕਤੀ ਹਨ ਤੇ ਸਭ ਤੋਂ ਵੱਧ ਉਹ ਇਕ ਪਿਆਰ ਕਰਨ ਵਾਲੇ ਪਤੀ ਹਨ। ਵੱਡੀ ਉਮਰ ਵਿਚ ਵੀ ਆਪਣੀ ਪਤਨੀ ਦਾ ਅਚਾਨਕ ਸਪਰਸ਼ ਉਨ੍ਹਾਂ ਨੂੰ ਪੁਲਕਿਤ ਕਰ ਦਿੰਦਾ ਹੈ। ਉਨ੍ਹਾਂ ਦੀ ਸੰਵੇਦਨਸ਼ੀਲਤਾ ਤੇ ਭਾਵੁਕਤਾ ਨੇ ਹੀ ਉਨ੍ਹਾਂ ਨੂੰ ਜਿਹੜੇ ਪ੍ਰਬਲ ਪ੍ਰੇਮ ਦੀਆਂ ਉਚਾਈਆਂ ਨਾਪਣ ਦੀ ਤੇ ਡੂੰਘਾਈਆਂ ਗਾਹੁਣ ਦੀ ਸਮਰੱਥਾ ਦਿੱਤੀ ਉਸਦਾ ਅਨੁਭਵ ਵਿਰਲੇ ਲੋਕਾਂ ਨੂੰ ਹੀ ਹੁੰਦਾ ਹੈ। ਸੀਤਾ ਤਿਆਗ ਦਾ ਨਿਰਣਾ ਲੈਣ ਵੇਲੇ ਉਹ ਕੇਵਲ ਰਾਜਾ ਰੂਪ ਸਨ। ਆਪਣੇ ਕਰਤੱਵ ਪ੍ਰਤੀ ਸੱਚੇ ਹੋਣ ਲਈ ਉਨ੍ਹਾਂ ਨੇ ਆਪਣੇ ਪਤਿਰੂਪ ਨੂੰ ਮਿਟਾ ਦੇਣ ਦਾ ਸਾਹਸ ਕੀਤਾ। ਪਰ ਅਜਿਹਾ ਹੋ ਨਹੀਂ ਸੀ ਸਕਦਾ। ਭਾਵੇਂ ਆਪਣੇ ਕਰਤੱਵ ਲਈ ਉਹ ਵੱਜਰ ਤੋਂ ਵੀ ਅਧਿਕ ਕਠੋਰ ਸਨ, ਜਿਥੇ ਪ੍ਰੇਮ ਦੀ ਭਾਵਨਾ ਦਾ ਪ੍ਰਸ਼ਨ ਸੀ ਉਥੇ ਉਹ ਫੁਲ ਤੋਂ ਵੀ ਅਧਿਕ ਕੋਮਲ ਸਨ।[17] ਇਸ ਲਈ ਰਾਜਾ ਤੇ ਪਤੀ ਵਿਚਲਾ ਸੰਘਰਸ਼ ਉਨ੍ਹਾਂ ਲਈ ਚਿਰਸਥਾਈ ਬਣ ਗਿਆ। ਉਹ ਉਨ੍ਹਾਂ ਦੇ ਮਹੱਤਵਪੂਰਣ ਨਿਰਣੇ ਦੇ ਨਾਲ ਹੀ ਸਮਾਪਤ ਨਹੀਂ ਹੋਇਆ! ਇਸ ਦੇ ਵਿਪਰੀਤ ਰਾਮ ਆਪ ਹੀ ਆਪਣੇ ਰਾਜਨੀਤਿਕ ਨਿਰਣੇ ਦੇ ਉਚਿਤ ਹੋਣ ਬਾਰੇ ਸੰਦੇਹ ਕਰਨ ਲਗ ਪਏ ਸਨ; ਜਿਹਾ ਕਿ ਸ਼ੰਬੂਕ ਨੂੰ ਮਾਰਨ ਸਮੇਂ ਉਨ੍ਹਾਂ ਦੀ ਦੁਵਿਧਾ ਤੇ ਸੀਤਾ ਬਾਰੇ ਲੋਕ ਨਿੰਦਾ ਸੰਬੰਧੀ ਵਾਸੰਤੀ ਨੂੰ ਦਿੱਤੇ ਗਏ ਉਨ੍ਹਾਂ ਦੇ ਉੱਤਰ ਤੋਂ ਸਪਸ਼ਟ ਹੈ। ਰਾਮ ਦਾ ਵਿਭਾਜਿਤ ਮਨ ਮਾਨਵੀ ਤ੍ਰਾਸਦੀ ਦਾ ਇਕ ਪੱਖ ਹੈ। ਉਸ ਵਿਚ ਕੁਝ ਵੀ ਦਿੱਵਤਾ ਨਹੀਂ ਹੈ। ਕੇਵਲ, ਰਾਮ ਸਾਧਾਰਣ ਮਨੁਖ ਤੋਂ ਉਤਾਂਹ ਹਨ; ਇਸ ਲਈ ਉਹ ਆਪਣੀ ਪੀੜ ਨੂੰ ਉਪਰਮਾਨਵੀ ਸਾਹਸ ਤੇ ਗੌਰਵ ਨਾਲ ਜਰਦੇ ਹਨ। ਫਿਰ ਵੀ ਮਾਨਵੀਯਤਾ ਦਾ ਤੱਤ ਉਸ ਵਿਚ ਹੈ ਤੇ ਉਹ ਉਸ ਪ੍ਰਸ਼ਨ ਨੂੰ ਪੈਦਾ ਕਰਦਾ ਹੈ ਜਿਸ ਨੂੰ ਪੁਛਣ ਦੀ ਭਵਭੂਤੀ ਤੋਂ ਪਹਿਲਾਂ ਕਿਸੇ ਵੀ ਕਵੀ ਦੀ ਹਿੰਮਤ ਨਹੀਂ ਹੋਈ। ਕੀ ਰਾਮ ਨੇ ਠੀਕ ਕੀਤਾ—ਰਾਜਾ ਦੇ ਰੂਪ ਵਿਚ, ਪਤੀ ਦੇ ਰੂਪ ਵਿਚ? ਸਾਧਾਰਣ ਚਿੰਤਿਆ ਉਤਰ ਤਾਂ ਇਹ ਹੈ ਕਿ ਪਤੀ ਦੇ ਰੂਪ ਵਿਚ ਰਾਮ ਨੇ ਭਾਵੇਂ ਸੀਤਾ ਨਾਲ ਅਨਿਆਇ ਕੀਤਾ ਹੋਵੇ, ਪਰ ਰਾਜਾ ਦੇ ਰੂਪ ਵਿਚ ਉਨ੍ਹਾਂ ਨੇ ਜੋ ਕੀਤਾ ਉਹ ਇਕ ਅਜਿਹਾ ਆਦਰਸ਼ ਹੈ ਜਿਸ ਤਕ ਕੋਈ ਵੀ ਨਹੀਂ ਪਹੁੰਚ ਸਕਦਾ। ਭਵਭੂਤੀ ਦਾ ਨਾਟਕ ਦਸੇਗਾ ਕਿ ਉਨ੍ਹਾਂ ਦਾ ਉਤਰ ਕੁਝ

17. ਤੁਲਨਾ : ਵਾਸੰਤੀ ਦੀ ਉਕਤੀ, 'ਉਤਰਰਾਮਚਰਿਤ', ੨.੭ :

वज्रादपि कठोराणि मृदूनि कुसुमादपि ।
लोकोत्तराणां चेतांसि को नु विज्ञातुमर्हति ॥

ਹੋਰ ਹੀ ਹੈ ।

ਸੀਤਾ ਤਿਆਗ ਦੇ ਦੋ ਪੱਖ ਹਨ—ਵਿਅਕਤਿਗਤ, ਜਿਸ ਦਾ ਦੰਪਤੀ ਨਾਲ ਨਿਜੀ ਸੰਬੰਧ ਹੈ; ਤੇ ਸਾਰਵਜਨਿਕ, ਜਿਸਦਾ ਰਾਜਾ ਦੇ ਰੂਪ ਵਿਚ ਰਾਮ ਦੇ ਨਿਰਣੇ ਨਾਲ ਸੰਬੰਧ ਹੈ । ਭਵਭੂਤੀ ਨੇ ਰਾਮ ਤੇ ਸੀਤਾ ਵਿਚਕਾਰ ਇਤਨਾ ਸੂਖਮ ਤਾਲਮੇਲ ਦੱਸਿਆ ਹੈ ਕਿ ਜੇ ਰਾਮ ਸੀਤਾ ਨੂੰ ਆਪਣੇ ਵਿਸ਼ਵਾਸ ਵਿਚ ਲੈ ਕੇ ਉਸ ਨੂੰ ਲੋਕਨਿੰਦਾ ਬਾਰੇ ਦਸਦੇ ਤਾਂ ਉਸ ਨੂੰ ਤਿਆਗ ਦੀ ਉਹੋ ਜਿਹੀ ਚੀਸ ਤੇ ਲੱਜਾ ਅਨੁਭਵ ਨਾ ਹੁੰਦੀ ਜਿਵੇਂ ਕਿ ਉਹ ਅਨੁਭਵ ਕਰ ਰਹੀ ਸੀ । ਉਹ ਰਘੁਕੁਲ ਦੇ ਆਦਰਸ਼ਾਂ ਨੂੰ ਪੂਰੀ ਤਰ੍ਹਾਂ ਸਮਝਦੀ ਸੀ ।[18] ਇਸ ਤੋਂ ਛੁਟ ਉਹ ਰਾਮ ਦੇ ਪ੍ਰੇਮ ਵਿਚ ਇਤਨੀ ਲੀਨ ਸੀ ਕਿ ਰਾਮ ਨੂੰ ਸੁਖੀ ਬਨਾਉਣ ਲਈ ਉਹ ਕੋਈ ਵੀ ਬਲੀ, ਆਪਣੇ ਜੀਵਨ ਤਕ ਦੀ ਬਲੀ ਵੀ, ਦੇਣ ਲਈ ਸਹਿਜੇ ਹੀ ਤਿਆਰ ਹੋ ਜਾਂਦੀ । ਦੁਰਭਾਗਵਸ, ਜਿਹੜਾ ਪ੍ਰੇਮ ਰਾਮ ਦੇ ਜੀਵਨ ਦੀ ਸ਼ਕਤੀ ਸੀ, ਪਰੀਖਿਆ ਦੀ ਘੜੀ ਵਿਚ ਉਸ ਨੇ ਉਨ੍ਹਾਂ ਨੂੰ ਨਿਰਬਲ ਬਣਾ ਦਿੱਤਾ । ਉਹ ਸੀਤਾ ਨੂੰ ਇਹ ਦੱਸਣ ਦੀ ਹਿੰਮਤ ਵੀ ਨਾ ਕਰ ਸਕੇ ਕਿ ਉਹ ਉਸ ਦਾ ਤਿਆਗ ਕਰ ਰਹੇ ਹਨ । ਉਨ੍ਹਾਂ ਨੇ ਇਹ ਕੰਮ ਬੇਬਸ ਕਠੋਰਤਾ ਨਾਲ ਕੀਤਾ ਜਿਵੇਂ ਕਸਾਈ ਆਪਣੇ ਪਾਲਤੂ ਪੰਛੀ ਨੂੰ ਮਾਰਦਾ ਹੈ ।[19] ਇਸ ਲਈ ਨਿਆਇ ਦੀ ਇਹ ਮੰਗ ਹੈ ਕਿ ਰਾਮ ਬਿਨਾਂ ਵਿਚਾਰੇ ਕੀਤੇ ਕੰਮ ਲਈ ਸੀਤਾ ਨੂੰ ਸਪਸ਼ਟੀਕਰਣ ਦੇਣ ਤੇ ਨਾਲ ਹੀ ਸਪਸ਼ਟ ਤਸੱਲੀ ਵੀ ਕਿ ਉਨ੍ਹਾਂ ਦਾ ਪ੍ਰੇਮ ਨਾ ਤਾਂ ਬਦਲਿਆ ਹੈ ਤੇ ਨਾ ਹੀ ਸਮਾਪਤ ਹੋਇਆ ਹੈ । ਇਸ ਗੱਲ ਨੂੰ ਪੂਰਾ ਕਰਨ ਲਈ ਹੀ ਨਾਟਕ ਦੇ ਦੂਜੇ ਤੇ ਤੀਜੇ ਅੰਕ ਰਚੇ ਗਏ ਹਨ । ਜੇ ਵਿਦਮਾਨ ਸਾਮਾਜਿਕ ਤੇ ਧਾਰਮਿਕ ਕਾਨੂੰਨ ਪੁਰਖ ਦੇ ਪੱਖ ਵਿਚ ਝੁਕਿਆ ਹੋਇਆ ਸੀ, ਤਾਂ ਅਨਿਆਇ-ਗ੍ਰਸਤ ਇਸਤ੍ਰੀ ਨੂੰ ਨਿਆਇਦਾਨ ਕਰਨਾ ਕਾਵਿ-ਕਲਾ ਦਾ ਸਰਵੋਪਰੀ ਕਰਤੱਵ ਸੀ ।

ਰਾਜਾ ਦੇ ਰੂਪ ਵਿਚ ਰਾਮ ਦੇ ਕਾਰਜ ਦੀ ਸਿਆਣਪ ਉਤੇ ਪ੍ਰਸ਼ਨਚਿਨ੍ਹ ਲਾਉਣ ਦਾ ਹੌਂਸਲਾ ਭਵਭੂਤੀ ਨੇ ਕੀਤਾ ਹੈ । ਜਨਕ ਉਸ ਦੀ ਖੁਲ੍ਹੀ ਆਲੋਚਨਾ ਕਰਦੇ ਹਨ । ਲਵ ਦੇ ਕਿੰਤੂ ਬੱਚਿਆਂ ਜਿਹੇ ਭੋਲੇ-ਭਾਲੇ ਤੇ ਗੁੱਝੇ ਹਨ ।[20] ਪਰ

18. ਰਾਜ ਕਰਤੱਵ ਦੇ ਵਿਸ਼ੇ ਵਿਚ ਵਸ਼ਿਸ਼ਠ ਦਾ ਸੁਨੇਹਾ ਸੁਣ ਕੇ ਰਾਮ ਕਹਿੰਦੇ ਹਨ :

**स्नेहं दयां च सौख्यं च यदि वा जानकीमपि ।**
**आराधनाय लोकस्य मुञ्चतो नास्ति मे व्यथा ॥**

ਤੇ ਸੀਤਾ ਤੁਰੰਤ ਉਤਰ ਦਿੰਦੀ ਹੈ :

**अत एव राघवकुलधुरंधरः आर्यपुत्रः ।**

19. ਤੁਲਨਾ : 'ਉਤਰਰਾਮਚਰਿਤ', ੧. ੪੫, ੪੬, ੪੯ ।

20. ਤੁਲਨਾ : ਸੈਨਿਕਾਂ ਦੀ ਘੋਸ਼ਣਾ ਉਤੇ ਲਵ ਦੀ ਪ੍ਰਤਿਕ੍ਰਿਆ, ੪.੨੭, ਤੇ ਚੰਦ੍ਰਕੇਤੂ ਨੂੰ ਦਿਤੇ ਉਸ ਦੇ ਉੱਤਰ—੫. ੨੯, ੩੦, ੩੪; ਦੇਖੋ : ਮੁਢਲੇ ਪੰਨੇ, ਕਥਾ-ਵਸਤੂ ਦਾ ਸਾਰਅੰਸ਼ ।



ਦੋਵੇਂ ਉਸੇ ਰਾਮ ਦੀ ਰਾਜ-ਮਹਿਮਾ ਤੇ ਸੱਟ ਮਾਰਦੇ ਹਨ ਜਿਨ੍ਹਾਂ ਦੀ ਆਦਰਸ਼ਤਮ ਰਾਜਾ ਦੇ ਰੂਪ ਵਿਚ ਪ੍ਰਸ਼ੰਸਾ ਕੀਤੀ ਗਈ ਹੈ । ਭਵਭੂਤੀ ਅਤਿਅੰਤ ਸਾਹਸ ਨਾਲ ਅਪਣੀਆਂ ਨਿਜੀ ਭਾਵਨਾਵਾਂ ਉਤੇ ਕਲਾ ਮੁਲਾਂ ਦੀ ਜਿੱਤ ਸ੍ਵੀਕਾਰਦੇ ਹੋਏ ਰਾਮ ਦੀ ਭੁਲ ਨੂੰ ਪ੍ਰਕਾਸ਼ਿਤ ਕਰਦੇ ਹਨ । ਜਨਕ ਨੂੰ ਆਲੋਚਨਾ ਕਰਨ ਦਾ ਅਧਿਕਾਰ ਹੈ ਕਿਉਂਕਿ ਉਨ੍ਹਾਂ ਦੇ ਅਨੁਪਮ ਵਿਅਕਤਿਤਵ ਵਿਚ ਜਨਤਾ ਦੇ ਅਨੁਭਵੀ ਰਾਜਾ ਤੇ ਜੀਵਨ ਦੇ ਗੰਭੀਰ ਦਾਰਸ਼ਨਿਕ ਰੂਪ ਦਾ ਸੁਮੇਲ ਹੈ । ਜਨਕ ਦਾ ਇਹ ਸਪਸ਼ਟ ਮਤ ਹੈ ਕਿ ਰਾਮ ਦਾ ਨਿਰਣਾ ਕਾਹਲ ਵਿਚ ਕੀਤਾ ਗਿਆ ਤੇ ਇਕ ਪੱਖੀ ਸੀ । ਲੋਕਾਂ ਨੂੰ ਖ਼ੁਸ਼ ਕਰਨ ਦਾ ਮਤਲਬ ਇਹ ਤਾਂ ਨਹੀਂ ਕਿ ਹਰ ਕਿਸੇ ਦੀ ਮਨਘੜਤ ਬਕਵਾਸ ਸੁਣ ਲੀਤੀ ਜਾਵੇ । ਰਾਜਾ ਦੀ ਪ੍ਰਜਾ ਵਿਚ ਵਧੇਰੇ ਗਿਣਤੀ ਇਸਤ੍ਰੀਆਂ ਬਾਲਕਾਂ ਤੇ ਆਤਮਕੇਂਦ੍ਰਿਤ ਬ੍ਰਾਹਮਣਾਂ ਦੀ ਹੁੰਦੀ ਹੈ ।[21] ਪ੍ਰਜਾ ਦੇ ਪ੍ਰਤੀ ਨਿਸ਼ਸੰਸੇ ਰਾਜਾ ਦੇ ਕੁਝ ਕਰਤੱਵ ਹੁੰਦੇ ਹਨ; ਪਰ ਉਹ ਆਪਣੇ ਵਿਵੇਕ, ਤਰਕ ਤੇ ਨਿਆਇ ਤੋਂ ਵੀ ਕੰਮ ਲੈਂਦਾ ਹੈ । ਇਹ ਆਵਸ਼ਕ ਸੀ ਕਿ ਰਾਮ ਇਸ ਰਾਜਨੀਤਿਕ ਤਥ ਨੂੰ ਪਛਾਣਦੇ ਤਾਂ ਜੋ ਕੋਈ ਦੂਜਾ ਉਨ੍ਹਾਂ ਦੇ ਕਾਰਣ ਦੁਖ ਨਾ ਪਾਉਂਦਾ । ਇਸ ਸਿੱਟੇ ਦੀ ਪ੍ਰਾਪਤੀ ਹਿਤ ਭਵਭੂਤੀ ਨੇ ਚੌਥੇ, ਪੰਜਵੇਂ ਤੇ ਛੇਵੇਂ ਅੰਕਾਂ ਦੀ ਰਚਨਾ ਕੀਤੀ । ਤਦ ਹੀ ਜਨਤਾ ਨੂੰ ਉਸ ਦੀ ਨਿਰਾਧਾਰ ਮੂਰਖਤਾ ਤੋਂ ਜਾਣੂ ਕਰਵਾਇਆ ਗਿਆ । ਇਸ ਪ੍ਰਕਾਰ ਰਾਮ ਦੇ ਕਰਮ ਤੋਂ ਉਤਪੰਨ ਪ੍ਰਸ਼ਨਾਂ ਦੀ ਵਿਅਕਤਿਗਤ ਤੇ ਪ੍ਰਜਾਗਤ ਸੰਤੁਸ਼ਟੀ ਤੋਂ ਬਾਦ ਹੀ ਰਾਮ ਤੇ ਸੀਤਾ ਦੇ ਪੁਨਰਮਿਲਾਪ ਦੀ ਰਾਹ ਤਿਆਰ ਕੀਤੀ ਗਈ ਹੈ ।[22]

'ਉਤਰਰਾਮਚਰਿਤ' ਨਾਟਕਕਾਰ ਦੇ ਸਾਹਿਤਕ ਵਿਅਕਤਿਤਵ ਦੇ ਅੰਤਹਪ੍ਰਵੇਸ਼ ਤੇ ਉਨ੍ਹਾਂ ਦੀ ਸ਼ੈਲੀ ਦੇ ਦੋਸ਼ਾਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੈ । ਪਰ ਉਨ੍ਹਾਂ ਦੀ ਕਲਾਕਮਕ ਭਾਵਨਾ ਤੇ ਰਚਨਾ, ਮਾਨਵੀ ਭਾਵਨਾਵਾਂ ਦੀ ਤਹਿ ਤਕ ਪਹੁੰਚ ਜਾਣ ਵਾਲੀ ਸਮਝ, ਕਲਪਨਾਸ਼ਕਤੀ ਦਾ ਖੇਤਰ ਤੇ ਉਨ੍ਹਾਂ ਰਾਹੀਂ ਰਾਮਕਥਾ ਨੂੰ ਦਿੱਤਾ ਗਿਆ ਡੂੰਘਾ ਮਹੱਤਵ— ਇਹ ਸਭ ਉਨ੍ਹਾਂ ਦੇ ਸਭ ਘਾਟੇ ਪੂਰੇ ਕਰ ਦਿੰਦੇ ਹਨ ਤੇ ਇਸ ਨਾਟਕ ਨੂੰ ਸੰਸਕ੍ਰਿਤ ਸਾਹਿੱਤ ਦੀ ਅਮੁਲ ਨਿਧੀ ਬਣਾ ਦਿੰਦੇ ਹਨ ।

21. ਜਨਕ ਦੇ ਸ਼ਬਦ ਹਨ—

**अहो निर्दयता दुरात्मनां पौराणाम् । अहो रामस्य राज्ञः क्षिप्रकारिता ।**

ਤੇ

**क्रोधस्य ज्वलितुं इच्छत्यवसरः चापेन शापेन वा ।**

ਲੋਕਾਂ ਬਾਰੇ ਉਨ੍ਹਾਂ ਦਾ ਕਥਨ ਹੈ—

**मूर्खैर्द्विजबालवृद्धवनितास्त्रैणश्च पौरो जनः ॥** ੪.੨੪ ਖ

22. ਦੇਖੋ : 'ਉਤਰਰਾਮਚਰਿਤ' ਦੀ ਮੇਰੀ ਪ੍ਰਸਤਾਵਨਾ ਪੰ. ੯੮.੧੦੩, ਤੋਂ ਛੁਟ ਮੇਰਾ ਲੇਖ "ਉਤਰਰਾਮਚਰਿਤ ਦੀ ਨਾਟਕੀ ਸਮਸਿਆ", ਭਾਰਤੀਯ ਵਿਦਿਆ', ਵਿਚ ਸੈਂਚੀ ੩੦ (੧੯੭੦), ਅਪ੍ਰੈਲ ੧੯੭੩ ਵਿਚ ਪ੍ਰਕਾਸ਼ਿਤ ।

ਪੰਜਵਾਂ ਅਧਿਆਇ

# ਭਵਭੂਤੀ ਦੀ ਕਲਾ

## ਮੁੱਲਾਂ ਦੀ ਚੇਤਨਤਾ

ਜਦੋਂ ਭਵਭੂਤੀ ਨੇ ਆਪਣਾ ਪਹਿਲਾ ਨਾਟਕ 'ਮਹਾਵੀਰਚਰਿਤ' ਲਿਖਿਆ, ਉਦੋਂ ਮਹਾਨ ਵਿਅਕਤੀਆਂ ਦੇ ਸੰਘਰਸ਼, ਵੀਰਤਾ ਦੀ ਆਭਾ ਤੇ ਅਸਾਧਾਰਣ ਜਾਂ ਉਪਰ ਪ੍ਰਾਕ੍ਰਿਤਿਕ ਦੇ ਅਸਚਰਜ ਨਾਲ ਉਨ੍ਹਾਂ ਦਾ ਪ੍ਰਭਾਵਗ੍ਰਾਹੀ ਮਸਤਕ ਚਕਾਚੌਂਧ ਹੋ ਚੁਕਿਆ ਜਾਪਦਾ ਹੈ । ਉਨ੍ਹਾਂ ਨੇ ਆਪਣੇ ਲੇਖਨ ਵਿਚ ਉਨ੍ਹਾਂ ਗਲਾਂ ਨੂੰ ਨਿਬੱਧ ਕਰਨ ਦਾ ਯਤਨ ਕੀਤਾ ਤੇ ਅਜਿਹੀ ਭਾਸ਼ਾ ਦਾ ਪ੍ਰਯੋਗ ਕੀਤਾ ਜਿਸ ਉਤੇ ਉਨ੍ਹਾਂ ਦੇ ਸ਼ਾਸਤਰੀ ਅਧਿਐਨ ਦੀ ਛਾਪ ਸੀ ।[1] ਪਰ ਪੰਡਿਤਾਈ ਤੇ ਕਾਵਿ-ਦਰਸ਼ਨ ਵਿਚਕਾਰਲੇ ਅੰਤਰ ਨੂੰ ਸਮਝਣ ਵਿਚ ਉਨ੍ਹਾਂ ਨੂੰ ਬਹੁਤੀ ਦੇਰ ਨਹੀਂ ਲੱਗੀ । ਆਪਣੇ 'ਮਾਲਤੀ-ਮਾਧਵ' ਦੀ ਪ੍ਰਸਤਾਵਨਾ ਵਿਚ ਉਹ ਸ੍ਵੀਕਾਰ ਕਰਦੇ ਹਨ ਕਿ ਵੇਦ ਤੇ ਉਪਨਿਸ਼ਦਾਂ ਦਾ ਅਧਿਐਨ ਤੇ ਦਰਸ਼ਨਸ਼ਾਸਤਰ ਦੀਆਂ ਭਿੰਨ-ਭਿੰਨ ਸ਼ਾਖਾਵਾਂ ਦਾ ਗਿਆਨ ਕਵੀ ਦਾ ਉਪਕਰਣ ਨਹੀਂ ਬਣ ਸਕਦਾ । ਫਿਰ ਵੀ ਉਹ ਇਹ ਸੋਚਦੇ ਹਨ ਕਿ ਰਸ-ਭਾਵ ਦਾ ਬਹੁਵਿਧ ਤੇ ਭਰਪੂਰ ਚਿਤ੍ਰਣ ; ਮਾਨਵੀ ਸੰਬੰਧ ਤੇ ਵਿਵਹਾਰ ਵਿਚ ਨੇਹੁ ਦੀ ਖੋਜ ; ਸਰਵਵਿਆਪੀ ਪ੍ਰੇਮ, ਰੋਮਾਂਸ ਤੇ ਸਾਹਸ ਦੀ ਭਾਵਨਾ ਦੇ ਚੁਫੇਰੇ ਘਟਨਾਵਾਂ ਦੀ ਸਘਨਤਾ ਤੇ ਸੂਛ ਸਾਹਿਤਕ ਅਭਿਵਿਅਕਤੀ—ਇਹੀ ਕਲਾਤਮਕ ਰਚਨਾ ਦੇ ਅੰਗ ਹੁੰਦੇ ਹਨ । ਫਿਰ ਵੀ ਉਹ ਮਨੋਹਰ ਬਾਹਰੀਭਾਵ, ਪ੍ਰਵੀਣਤਾ-ਪੂਰਵਕ ਵਿਉਂਤਬੱਧ ਨਾਟਯ-ਵਸਤੂ ਤੇ ਪ੍ਰਭਾਵਪੂਰਣ ਲੇਖਨ ਸ਼ੈਲੀ ਵਿਚ ਵਿਸ਼ਵਾਸ ਕਰਦੇ ਰਹੇ ।[2] ਉਨ੍ਹਾਂ ਦੇ ਸਾਮਾਜਿਕ ਨਾਟਕ ਵਿਚ ਮਾਨਵੀ ਦ੍ਰਿਸ਼ਟਿਕੋਣ ਅਵੱਸ਼ ਨਜ਼ਰ ਆਉਂਦਾ ਹੈ ਪਰ 'ਉਤਰਰਾਮਚਰਿਤ' ਵਿਚ ਹੀ ਭਵਭੂਤੀ ਕਲਾ ਦੇ ਡੂੰਘੇ ਕਾਰਜ ਪ੍ਰਤੀ ਪਰਿਪੱਕਤਾ ਤੇ ਚੇਤਨਤਾ ਦਰਸਾਉਂਦੇ ਹਨ ।

1. ਦੇਖੋ : 'ਮਹਾਵੀਰ ਚਰਿਤ', ੧.੨.੩.੬ ।

2. ਦੇਖੋ : 'ਮਾਲਤੀਮਾਧਵ', ੧.੪; ਨਾਲ ਹੀ ਤੁਲਨਾ : ੧.੭ ਗ ਘ ।





ਸਾਹਿਤ ਦਾ ਮੁੱਲ ਸਾਹਿਤਕ ਚਮਕ-ਦਮਕ, ਅਲੰਕਾਰ, ਰਚਨਾਕੌਸ਼ਲ ਵਿਚ ਉਤਨਾ ਨਹੀਂ (ਭਾਵੇਂ ਇਹ ਹਮੇਸ਼ਾਂ ਆਨੰਦ ਪ੍ਰਦਾਨ ਕਰਦੇ ਹਨ), ਜਿਤਨਾ ਸਾਹਿਤ ਦੇ ਮਾਨਵੀ ਪ੍ਰਭਾਵ ਤੇ ਇਸ ਰਾਹੀਂ ਕੀਤੀ ਗਈ, ਜੀਵਨ ਦੀ ਵਿਆਖਿਆ ਵਿਚ ਹੈ । ਮਾਨਵ-ਸਮਾਜ ਸੁਭਾਉ ਤੋਂ ਰੂੜ੍ਹੀਵਾਦੀ ਹੈ ਤੇ ਪਰੰਪਰਾ ਤੋਂ ਪ੍ਰਾਪਤ ਮੁੱਲਾਂ ਦੇ ਗਲ ਪਲਚਿਆ ਰਹਿੰਦਾ ਹੈ । ਪਰਿਸਥਿਤੀਆਂ ਬਦਲਦੀਆਂ ਹਨ ਤੇ ਸ੍ਵੀਕ੍ਰਿਤ ਵਿਚਾਰ ਸਮਾਜ ਦੇ ਕੁਝ ਤੱਤਾਂ ਜਾਂ ਵਿਅਕਤੀਆਂ ਨੂੰ ਬੋਝਲ ਤੇ ਗ਼ਲਤ ਲਗਣ ਲਗ ਪੈਂਦੇ ਹਨ । ਜੇ ਨਵੇਂ ਸਿਰੇ ਤੋਂ ਲੋਕਾਂ ਵਿਚ ਨਵਜਾਗ੍ਰਤੀ ਲਿਆਉਣ ਜਾਂ ਕ੍ਰਾਂਤੀ ਕਰਨ ਲਈ ਕੋਈ ਨੇਤਾ ਅੱਗੇ ਨਹੀਂ ਵਧਦਾ ਤਾਂ ਇਹ ਕਲਾ ਦਾ ਹੀ ਸਰਵੋਪਰ ਕਰਤੱਵ ਹੁੰਦਾ ਹੈ ਕਿ ਉਹ ਲੋਕਾਂ ਵਿਚ ਬਦਲਦੇ ਹੋਏ ਮੁੱਲਾਂ ਪ੍ਰਤੀ ਚੇਤਨਤਾ ਜਗਾਵੇ ਤਾਂ ਜੋ ਮਾਨਵੀ ਸਬੰਧਾਂ ਨੂੰ ਜਕੜਨ ਵਾਲੇ ਅਨੁਚਿਤਤਾ, ਅਨਿਆਇ, ਸੁਆਰਥ ਤੇ ਨਿਰਦੈਤਾ ਦਾ ਉਹ ਡਟ ਕੇ ਮੁਕਾਬਲਾ ਕਰ ਸਕਣ ।

ਉਦਾਹਰਣ ਵਜੋਂ, ਯੁਵਾ ਮਨਾਂ ਵਿਚ ਆਪੇ ਪੁੰਗਰਨ ਵਾਲਾ ਪ੍ਰੇਮ ਹੀ ਵਿਆਹ ਦਾ ਮੂਲ ਆਧਾਰ ਹੋਣਾ ਚਾਹੀਦਾ ਹੈ । ਪਰ ਰਾਜਨੀਤਿਕ ਦਬਾਓ ਕਾਰਨ ਇਕ ਪਿਤਾ ਆਪਣੇ ਰਾਜਾ ਦੇ ਚਹੇਤੇ ਨਾਲ ਆਪਣੀ ਧੀ ਵਿਆਹੁਣ ਲਈ ਮਜਬੂਰ ਹੋ ਜਾਂਦਾ ਹੈ । ਤਾਂ ਯੁਵਾ ਪ੍ਰੇਮੀਆਂ ਦੇ ਵਿਆਹ ਨੂੰ ਸੰਭਵ ਬਨਾਉਣ ਲਈ ਇਕ ਭਿਕਸ਼ੁਣੀ ਵਿਚੋਲਣ ਬਣਦੀ ਹੈ ਤੇ ਔਕੜਾਂ ਨੂੰ ਦੂਰ ਕਰਨ ਦੀਆਂ ਵਿਉਤਾਂ ਬਣਾਉਂਦੀ ਹੈ । ਜਨਸਾਧਾਰਣ ਦੇ ਜੀਵਨ ਨਾਲ ਅਜਿਹਾ ਮਜ਼ਾਕ ਹੁੰਦਾ ਦੇਖ ਕੇ ਭਵਭੂਤੀ ਦਾ ਦਿਲ ਦੁਖਦਾ ਹੈ । ਪਰ ਪਹਿਲੇ ਦੋ ਨਾਟਕਾਂ ਵਿਚ ਮਾਨਵੀ ਜੀਵਨ ਦੇ ਆਦਰਸ਼, ਆਚਰਣ ਤੇ ਸਬੰਧ ਨੂੰ ਚਿਤ੍ਰਿਤ ਕਰਨ ਵਿਚ ਤੇ ਉਸ ਰਾਹੀਂ ਕੁਝ ਕੁ ਪ੍ਰਤਿਮਾਨਾਂ ਤੇ ਮੁੱਲਾਂ ਨੂੰ ਅਭਿਵਿਅਕਤ ਕਰਨ ਵੱਲ ਹੀ ਉਨ੍ਹਾਂ ਨੇ ਵਿਸ਼ੇਸ਼ ਧਿਆਨ ਦਿੱਤਾ । 'ਉਤਰਰਾਮਚਰਿਤ' ਵਿਚ ਉਨ੍ਹਾਂ ਦਾ ਸੁਰ ਉੱਦਾਤ ਤੇ ਨਾਲ ਹੀ ਆਲੋਚਨਾਤਮਕ ਵੀ ਹੈ । ਉਹ ਰਾਮ ਤੇ ਸੀਤਾ ਨੂੰ ਦਿੱਵ-ਆਨੰਦ-ਯੁਕਤ ਦੰਪਤੀ ਦੇ ਰੂਪ ਵਿਚ ਪੇਸ਼ ਕਰਦੇ ਹਨ, ਜਿਨ੍ਹਾਂ ਵਿਚ ਪ੍ਰੇਮ ਆਪਣੀ ਪੂਰਣਤਾ ਨੂੰ ਪ੍ਰਾਪਤ ਕਰ ਚੁਕਿਆ ਹੈ ।[3] ਪਰ ਜੀਵਨ ਦੇ ਦੂਜੇ ਖੇਤਰਾਂ ਵਿਚ ਸ੍ਵੀਕ੍ਰਿਤ ਵਿਚਾਰਾਂ ਤੇ ਮਾਨਵੀ ਵਿਵਹਾਰ ਦੇ ਢੰਗਾਂ ਦੀ ਆਲੋਚਨਾ ਕਰਨ ਵਿਚ ਉਹ ਉਤਨੇ ਹੀ ਸਪਸ਼ਟ ਹਨ । ਇਹ ਵਿਸ਼ਵਾਸ ਕਿ ਇਕ ਸ਼ੂਦਰ ਦੀ ਤਪਸਿਆ ਨਾਲ ਬ੍ਰਾਹਮਣ ਬਾਲਕ ਦੀ ਅਕਾਲ ਮ੍ਰਿਤੂ ਹੋ ਜਾਂਦੀ ਹੈ, ਵਾਸਤਵ ਵਿਚ ਨਵੇਂ ਸਿਰੇ ਤੋਂ ਪਰਖਣ ਯੋਗ ਹੋ ਜਾਂਦਾ ਹੈ, ਜਦੋਂ ਅਸੀਂ ਰਾਮ ਨੂੰ ਸ਼ੰਬੂਕ ਦੀ ਹਤਿਆ

3. ਦੇਖੋ : 'ਉਤਰ ਰਾਮਚਰਿਤ', 1. 39 :

अद्वैतं सुखदुःखयोरनुगतं सर्वास्ववस्थासु यद्
विश्रामो हृदयस्य यत्र जरसा यस्मिन्नहार्यो रसः ।
कालेनावरणात्ययात्परिणते यत् स्नेहसारे स्थितं
भद्रं तस्य सुमानुषस्य कथमप्येकं हि तत् प्राप्यते ॥

ਕਰਨ ਸਮੇਂ ਦੁਵਿਧਾ ਵਿਚ ਪਏ ਤੇ ਆਪਣੇ ਆਪ ਨੂੰ ਬੁਰਾ-ਭਲਾ ਕਹਿੰਦੇ ਹੋਏ ਵੇਖਦੇ ਹਾਂ। ਉਤਨੀ ਹੀ ਦਲੇਰੀ ਤੇ ਸਪਸ਼ਟਤਾ ਨਾਲ ਭਵਭੂਤੀ ਰਾਜ-ਮਹਿਮਾ ਦੇ ਸ੍ਵੀਕ੍ਰਿਤ ਪ੍ਰਤਿਮਾਨ ਤੇ ਪ੍ਰਜਾ-ਪ੍ਰਸੰਨਤਾ ਨੂੰ ਤੂਲ ਦੇਣ ਵਾਲੇ ਵਿਚਾਰ ਦੀ ਪੋਲ ਖੋਲ੍ਹਦੇ ਹਨ। ਭਵਭੂਤੀ ਦੇ ਆਪਣੇ ਆਦਰਸ਼ ਮੂਰਤ ਵੀਰ ਦੇ ਚਿਤ੍ਰਣ ਦੀ ਰੂੜ੍ਹੀਵਾਦੀ ਪ੍ਰਤਿਕ੍ਰਿਆ ਭਾਵੇਂ ਜੋ ਵੀ ਹੋਵੇ, ਕਲਾ ਤੇ ਮਾਨਵ ਜੀਵਨ ਲਈ ਭਵਭੂਤੀ ਦੇ ਆਵਿਸ਼ਕਾਰ ਡੂੰਘਾ ਮਹੱਤਵ ਰਖਦੇ ਹਨ।

ਭਵਭੂਤੀ ਨੇ ਇਸਤ੍ਰੀ-ਪੁਰਸ਼ ਸਬੰਧ ਉਤੇ ਅਧਿਕ ਵਿਚਾਰ ਕੀਤਾ ਹੈ। ਧਾਰਮਿਕ ਸਿਧਾਂਤਾਂ ਨਾਲ ਲੱਦੇ ਤੇ ਪੁਰਸ਼ ਦੀ ਪੂਰਣ-ਪ੍ਰਭੁਤਾ ਸ੍ਵੀਕਾਰ ਕਰਨ ਵਾਲੇ ਸਮਾਜ ਵਿਚ ਇਸਤ੍ਰੀ ਦਾ ਕਰਤੱਵ ਅਵੱਸ਼ ਇਕ ਆਗਿਆਕਾਰ ਗੂੰਗੀ ਸਾਥਣ ਦਾ ਹੀ ਸੀ। ਉਹ ਵਾਸਤਵ ਵਿਚ ਇਕ ਦਾਸੀ ਸੀ; ਵੱਧ ਤੋਂ ਵੱਧ ਇਕ ਆਦਰਸ਼ ਗ੍ਰਹਣੀ ਜਿਹੜੀ ਚੁੱਪ-ਚੁਪੀਤੇ ਆਪਣੇ ਭਾਗ ਨੂੰ ਸ੍ਵੀਕਾਰ ਕਰ ਲੈਂਦੀ ਸੀ, ਕਦੇ ਵੀ ਆਪਣੇ ਪਤੀ ਦਾ ਵਿਰੋਧ ਨਹੀਂ ਕਰਦੀ ਸੀ ਤੇ ਖਿੜੇ ਮੱਥੇ ਸੌਂਕਣਾਂ ਨੂੰ ਜੀ-ਆਇਆਂ ਕਹਿੰਦੀ ਸੀ। ਸਹਿਜ ਸੁਭਾਵ ਉਪਜੇ ਬੰਧਨ-ਮੁਕਤ ਪ੍ਰੇਮ ਦੀ ਅਭਿਵਿਅਕਤੀ ਦੇ ਰੂਪ ਵਿਚ ਸ੍ਵਯੰਵਰ ਤੇ ਗੰਧਰਵ-ਵਿਆਹ ਦਾ ਰਿਵਾਜ ਸੀ ਤਾਂ ਜ਼ਰੂਰ ਪਰ ਉਨ੍ਹਾਂ ਉਤੇ ਧਨਵਾਨ ਵਰਗ ਦਾ ਹੀ ਅਧਿਕਾਰ ਰਿਹਾ ਹੋਵੇਗਾ ਤੇ ਉਨ੍ਹਾਂ ਦਾ ਪ੍ਰਯੋਗ ਅਪਵਾਦ ਰੂਪ ਵਿਚ ਹੀ ਹੁੰਦਾ ਹੋਵੇਗਾ। ਬਹੁ-ਪਤਨੀਵਾਦੀ ਨੈਤਿਕਤਾ ਦੇ ਪ੍ਰਭਾਵ ਹੇਠ ਇਸਤ੍ਰੀ ਦੇ ਚਰਿੱਤ੍ਰ ਦੀ ਪਵਿਤ੍ਰਤਾ ਉਤੇ ਹੀ ਸਦਾ ਪ੍ਰਸ਼ਨ ਚਿੰਨ੍ਹ ਲਗਾਇਆ ਜਾਂਦਾ ਸੀ, ਪੁਰਸ਼ ਨੂੰ ਪ੍ਰੇਮ-ਪੀਂਘਾਂ ਝੂਟਣ ਦੀ ਪੂਰੀ ਖੁਲ੍ਹ ਸੀ। ਇਸ ਲਈ ਪਤੀ-ਪਤਨੀ ਪ੍ਰੇਮ ਕੇਵਲ ਇਕ ਕਾਵਿਗਤ ਆਦਰਸ਼ ਸੀ, ਜਿਹੜਾ ਕਦੀ-ਕਦੀ ਹੀ ਵਾਸਤਵ ਵਿਚ ਵੇਖਿਆ ਜਾਂਦਾ ਸੀ। ਇਸ ਲਈ ਇਹ ਉਲੇਖਨੀ ਹੈ ਕਿ ਭਵਭੂਤੀ ਦੇ ਨਾਇਕ ਪਤਨੀਵ੍ਰਤੀ ਤੇ ਪ੍ਰੇਮ-ਭਾਵ ਵਿਚ ਲੀਨ ਰਹਿਣ ਵਾਲੇ ਹਨ। 'ਉੱਤਰਰਾਮਚਰਿਤ' ਵਿਚ ਭਵਭੂਤੀ ਨੇ ਰਾਮ ਤੇ ਸੀਤਾ ਉਦਾਲੇ ਦਿੱਵ-ਆਭਾ-ਮੰਡਲ ਨੂੰ ਉਨ੍ਹਾਂ ਤੋਂ ਵੱਖ ਕਰ ਦਿੱਤਾ ਹੈ ਤੇ ਉਨ੍ਹਾਂ ਨੂੰ ਅਜਿਹੇ ਦੰਪਤੀ ਦੇ ਰੂਪ ਵਿਚ ਪ੍ਰਸਤੁਤ ਕੀਤਾ ਹੈ, ਜਿਹੜੇ ਇਕ-ਦੂਜੇ ਤੋਂ ਜਾਨ ਵਾਰਦੇ ਹਨ ਤੇ ਵੱਡੀ ਉਮਰ ਵਿਚ ਵੀ ਪ੍ਰੇਮ ਦੀ ਪੁਲਕ ਨੂੰ ਮਹਿਸੂਸ ਕਰਦੇ ਹਨ। ਇਹ ਵਿਵਾਹਿਤ-ਪ੍ਰੇਮ ਹੀ ਹੈ, ਜਿਸ ਨੇ ਉਨ੍ਹਾਂ ਨੂੰ ਇਕ-ਦੂਜੇ ਨੂੰ ਪੂਰੀ ਤਰ੍ਹਾਂ ਸਮਝਣ ਦੀ ਭਾਵਨਾ, ਕਿਸੇ ਵੀ ਕਠਿਨਾਈ, ਅਪਮਾਨ ਜਾਂ ਦੁੱਖ ਦਾ ਡਟ ਕੇ ਟਾਕਰਾ ਕਰਨ ਦਾ ਬਲ, ਸਹਿਨਸ਼ੀਲਤਾ ਤੇ ਖਿਮਾਦਾਨ ਲਈ ਹਿਰਦੇ ਦੀ ਵਿਸ਼ਾਲਤਾ ਪ੍ਰਦਾਨ ਕੀਤੀ ਹੈ। ਭਵਭੂਤੀ ਨੇ ਇਕ ਹੋਰ ਵਿਸ਼ੇਸ਼ ਸਾਵਧਾਨੀ ਇਹ ਵਰਤੀ ਹੈ ਕਿ ਸਾਮਾਜਿਕ ਨੈਤਿਕਤਾ ਦੇ ਤਤਕਾਲੀ ਵਿਚਾਰਾਂ ਦੀ ਪੂਰੀ ਤਰ੍ਹਾਂ ਸ਼ਿਕਾਰ ਬਣੀ ਹੋਈ, ਅਨਿਆਇ ਪੀੜਿਤ ਪਤਨੀ ਨੂੰ ਵਿਅਕਤਿਗਤ ਤੇ ਸਾਰਵਜਨਿਕ ਨਿਆਇ ਪ੍ਰਦਾਨ ਕੀਤਾ ਜਾਵੇ। ਜੀਵਨ ਤੇ ਉਸ ਦੇ ਮੁੱਲਾਂ ਸਬੰਧੀ ਗੰਭੀਰ ਦ੍ਰਿਸ਼ਟੀਕੋਣ ਰਖਣ ਕਾਰਣ ਹੀ ਭਵਭੂਤੀ ਦੀ ਕਲਾ ਉਚਾਈਆਂ ਦੇ ਸਿਖਰਾਂ ਨੂੰ ਛੋਹ ਸਕੀ ਹੈ।



## ਕਲਾ ਤੇ ਸ਼ਿਲਪ

ਭਵਭੂਤੀ ਦੇ ਮੰਚ ਉਤੇ ਆਉਣ ਤੋਂ ਪਹਿਲਾਂ ਸਾਹਿਤਕ ਦ੍ਰਿਸ਼ ਆਮ ਕਰਕੇ ਆਨੰਦ ਤੇ ਮਨੋਰੰਜਨ ਵਾਲਾ ਹੀ ਹੁੰਦਾ ਸੀ। ਭਾਸ ਨੇ 'ਰਾਮਾਇਣ' ਤੇ 'ਮਹਾਂਭਾਰਤ' ਉਤੇ ਆਧਾਰਿਤ ਆਪਣੇ ਨਾਟਕਾਂ ਵਿਚ ਮਹਾਂਕਾਵਿ ਦੀ ਵਿਸ਼ੇਵਸਤੂ ਦਾ ਉਪਯੋਗ ਕੀਤਾ ਸੀ ਤੇ ਆਪਣੇ ਕਈ ਨਾਟਕਾਂ ਵਿਚ ਵੀਰ-ਰਸ ਨੂੰ ਪ੍ਰਧਾਨਤਾ ਦਿੱਤੀ ਸੀ। ਪਰ ਉਨ੍ਹਾਂ ਦਾ ਯੁਗ ਬਦਲ ਚੁਕਿਆ ਸੀ। ਭਾਵੇਂ ਭਾਸ ਦੀਆਂ ਮਹਾਨ ਉਪਲਬਧੀਆਂ ਦੀ ਯਾਦ ਹਾਲੇ ਵੀ ਸ਼ੇਸ਼ ਸੀ, ਜਿਵੇਂ ਕਾਲੀਦਾਸ ਤੇ ਬਾਣਭੱਟ ਦੇ ਉਲੇਖਾਂ ਤੋਂ ਪਤਾ ਲਗਦਾ ਹੈ। ਇਉਂ ਜਾਪਦਾ ਹੈ ਕਿ ਸੰਸਕ੍ਰਿਤ ਦੇ ਨਾਟਕ ਪ੍ਰੇਮ-ਪ੍ਰਧਾਨ-ਸੁਖਾਂਤ ਨਾਟਕ ਦੇ ਸਾਂਚੇ ਵਿਚ ਢਲ ਚੁਕੇ ਸਨ। ਇਹ ਸਾਂਚਾ ਲੋਕਪ੍ਰਿਯ ਸੀ। ਕਿਸੇ ਪ੍ਰਾਚੀਨ ਆਖਿਆਨ ਜਾਂ ਕਥਾ ਤੋਂ ਲੀਤੀ ਗਈ ਤੇ ਕਿਸੇ ਰਾਜਪੁਰਸ਼ ਜਾਂ ਲੋਕ-ਕਥਾ ਦੇ ਚੁਫੇਰੇ ਘੁੰਮਦੀ ਪ੍ਰੇਮ-ਕਹਾਣੀ ਆਪਣੇ ਆਪ ਵਿਚ ਬਹੁਤ ਮਨੋਰੰਜਕ ਹੁੰਦੀ ਸੀ। ਸੁਬਕ ਅੰਦਾਜ਼ ਵਿਚ ਜਾਂ ਫੇਰ ਕਦੀ-ਕਦੀ ਗੰਭੀਰਤਾ-ਪੂਰਵਕ; ਹਾਸ, ਗੀਤ ਤੇ ਨ੍ਰਿਤ ਨਾਲ ਸਜੇ ਸੁੰਦਰ ਕਾਵਿ ਰਾਹੀਂ ਪ੍ਰਸਤੁਤ ਕੀਤੇ ਗਏ, ਪ੍ਰੇਮ-ਪ੍ਰਧਾਨ-ਸੁਖਾਂਤ-ਨਾਟਕ ਪਾਰਖੂ ਦਰਸ਼ਕਾਂ ਤਕ ਨੂੰ ਵੀ ਬੰਨ੍ਹ ਕੇ ਬਿਠਾ ਲੈਂਦੇ ਸਨ ਤੇ ਨਾਟਕਕਾਰ ਨੂੰ ਚੋਖੀ ਵਾਹ-ਵਾਹ ਦਿਵਾਉਂਦੇ ਸਨ। ਇਹ ਇਕ ਅਜਿਹੀ ਨਾਟਕੀ ਰੂੜ੍ਹੀ ਸੀ, ਜਿਸ ਨੂੰ ਕਾਲੀਦਾਸ ਦੇ ਨਾਟਕਾਂ ਨੇ ਪ੍ਰਤਿਸ਼ਠਾ ਪ੍ਰਦਾਨ ਕੀਤੀ ਸੀ। ਰਾਜਾ ਹਰਸ਼ ਨੇ ਵੀ ਕਾਲੀਦਾਸ ਦੇ ਪ੍ਰੇਮ-ਪ੍ਰਧਾਨ-ਸੁਖਾਂਤ ਨਾਟਕਾਂ ਦੇ ਅਨੁਰੂਪ ਆਪਣੀਆਂ ਨਾਟਿਕਾਵਾਂ ਲਿਖੀਆਂ, ਜਿਹੜੀਆਂ ਵਾਹਵਾ ਸਫਲ ਹੋਈਆਂ। ਕਾਲੀਦਾਸ ਦੇ ਯੁਗ ਵਿਚ ਤੇ ਭਵਭੂਤੀ ਦੇ ਆਪਣਾ ਸਾਹਿਤਕ ਜੀਵਨ ਆਰੰਭ ਕਰਨ ਸਮੇਂ ਸਾਮਾਜਿਕ ਨਾਟਕ ਇਕ ਨਵੀਂ ਉਚਾਈ ਤਕ ਪਹੁੰਚ ਗਿਆ ਸੀ। ਇਸ ਪ੍ਰਕਾਰ ਦੇ ਨਾਟਕਾਂ ਵਿਚ ਸਭ ਤੋਂ ਵੱਧ ਮਹੱਤਵਪੂਰਣ ਤੇ ਸਦੀਵੀ ਮਹਾਨ ਨਾਟਕ ਸੂਦ੍ਰਕ ਦਾ 'ਮ੍ਰਿਛਕਟਿਕ' ਸੀ; ਉਤਨਾ ਹੀ ਉਲੇਖਨੀ ਸੀ, ਵਿਸ਼ਾਖਦੱਤ ਦਾ 'ਦੇਵੀਚੰਦਰਗੁਪਤ', ਜਿਸ ਦੇ ਇਤਿਹਾਸਕ ਕਥਾਨਕ ਨੂੰ ਸਾਮਾਜਿਕ ਰੰਗ ਦੇ ਦਿੱਤਾ ਗਿਆ ਸੀ।[4] ਨਾਟਕ ਲਿਖਣ ਲਈ ਮਹਾਂਕਾਵਿ ਦੇ ਕਥਾਨਕ ਦਾ ਪ੍ਰਯੋਗ ਮੁੜ ਕੇ ਹੋਣ ਲਗ ਪਿਆ ਸੀ। ਰਾਜਾ ਯਸ਼ੋਵਰਮਾ (ਜਿਹੜੇ ਬਾਦ ਵਿਚ ਭਵਭੂਤੀ ਦੇ ਪ੍ਰਤਿਪਾਲਕ ਬਣੇ) ਨੇ 'ਰਾਮ-ਅਭਯੁਦਯ' ਨਾਟਕ ਲਿਖਿਆ ਸੀ। ਸਾਹਿਤਕ ਸੰਕੇਤਾਂ ਤੇ ਸੂਚਨਾਵਾਂ ਤੋਂ ਹੁਣ ਅਨੇਕ ਰਾਮ-ਕਥਾ-ਸਬੰਧੀ ਨਾਟਕਾਂ ਦਾ ਪੁਨਰ-ਨਿਰਮਾਣ ਕੀਤਾ ਜਾ ਚੁਕਿਆ ਹੈ।[5] ਭਵਭੂਤੀ ਦੀ ਪ੍ਰੇਰਣਾ ਦਾ ਠੀਕ ਸੋਮਾ ਦੱਸਣਾ ਭਾਵੇਂ ਸੰਭਵ ਨਹੀਂ ਹੋਵੇਗਾ; ਪਰ ਉਨ੍ਹਾਂ ਦੇ ਨਾਟਕਾਂ ਦਾ ਅਧਿਐਨ ਇਹ ਦੱਸਦਾ ਹੈ ਕਿ ਪ੍ਰਤਿਸ਼ਠਿਤ ਤੇ ਲੋਕਪ੍ਰਿਯ ਸੁਖਾਂਤ ਨਾਟਕਾਂ ਦੀ ਥਾਂ ਉਨ੍ਹਾਂ ਨੂੰ ਨਵਾਂ ਢੰਗ ਪਸੰਦ ਆਇਆ ਤੇ ਨਾਲ ਹੀ ਉਨ੍ਹਾਂ ਨੇ ਕੁਝ ਮੌਲਿਕ

---

4. ਵੇਖੋ : ਰਾਘਵਨ 'ਦਿ ਸੋਸ਼ਲ ਪਲੇ ਇਨ ਸੰਸਕ੍ਰਿਤ'।
5. ਵੇਖੋ : ਰਾਘਵਨ : 'ਸਮ ਓਲਡ ਲਾਸਟ ਰਾਮ ਪਲੇਜ਼', ਅੰਨਾਮਲਾਈ ਵਿਸ਼ਵਵਿਦਿਆਲਯ, ੧੯੬੧।

ਸਾਹਿਤਕ ਪ੍ਰਯੋਗ ਵੀ ਕੀਤੇ। ਉਦਾਹਰਣ ਵਜੋਂ ਉਨ੍ਹਾਂ ਨੇ ਆਪਣੇ ਪਹਿਲੇ ਨਾਟਕ ਵਿਚ ਰਾਮਕਥਾ ਨੂੰ ਵੀਰ-ਰਸ ਦੀ ਰੰਗਣ ਪ੍ਰਦਾਨ ਕੀਤੀ; ਤੇ ਦੂਜੇ ਦੋਹਾਂ ਨਾਟਕਾਂ ਵਿਚ ਵੀਰ-ਰਸ ਨੂੰ ਉਚਿਤ ਥਾਂ ਦਿੱਤੀ। ਇਕ ਲੇਖੇ, ਭਾਸ ਦੇ ਨਾਟਕਾਂ ਵਿਚ ਜਾਂ ਵਿਸ਼ਾਖਦੱਤ ਦੇ 'ਮੁਦ੍ਰਾਰਾਕਸ਼ਸ' ਵਿਚ ਉਪਲਬਧ ਪ੍ਰਾਚੀਨ ਪਰੰਪਰਾ ਦਾ ਇਹ ਪੁਨਰ-ਜਨਮ ਸੀ, ਪਰ ਇਹ ਤਤਕਾਲੀ ਲੋਕਪ੍ਰਿਯ ਸ਼ੈਲੀ ਤੋਂ ਵਖਰਾ ਸੀ। ਭਵਭੂਤੀ 'ਮਾਲਤੀਮਾਧਵ' ਵਿਚ ਸਾਮਾਜਿਕ ਨਾਟਕ ਤੇ ਪ੍ਰੇਮ ਦੇ ਵਿਸ਼ੇ ਵਲ ਮੁੜੇ। ਇਸ ਵਿਚ ਉਨ੍ਹਾਂ ਨੇ ਬਹੁ-ਪਤਨੀਵਾਦ ਦੀ ਪ੍ਰਥਾ ਨੂੰ ਰੱਦ ਕਰਕੇ ਆਪਣੇ ਪ੍ਰਧਾਨ ਤੇ ਅਪ੍ਰਧਾਨ ਨਾਇਕਾਂ ਨੂੰ ਇਕ ਪਤਨੀਵ੍ਰਤੀ ਦੱਸਿਆ। ਉਨ੍ਹਾਂ ਨੇ ਮੌਜ-ਮੇਲੇ ਨੂੰ ਕੋਈ ਥਾਂ ਨਹੀਂ ਦਿੱਤੀ। ਪਰੰਪਰਾਗਤ ਵਿਦੂਸ਼ਕ[6] ਦਾ ਤਿਆਗ ਕੀਤਾ ਤੇ ਪ੍ਰੇਮ ਦੇ ਵਿਸ਼ੇ ਦਾ ਪ੍ਰਾਮਾਣਿਕ ਚਿਤ੍ਰਣ ਕੀਤਾ। ਭਵਭੂਤੀ ਨੇ ਜਿਸ ਗੰਭੀਰ ਸੁਰ ਵਿਚ ਇਸ ਪ੍ਰੇਮ-ਪ੍ਰਧਾਨ-ਸੁਖਾਂਤ ਨਾਟਕ ਨੂੰ ਲਿਖਿਆ, ਜਿਵੇਂ ਉਨ੍ਹਾਂ ਨੇ ਆਪਣੇ ਦੂਜੇ ਨਾਟਕਾਂ ਨੂੰ ਲਿਖਿਆ ਸੀ, ਉਹ ਸੰਭਵਤਾ ਉਨ੍ਹਾਂ ਦੇ ਆਪਣੇ ਸੁਭਾਉ ਦੇ ਅਨੁਕੂਲ ਸੀ। ਫਿਰ ਵੀ ਇਹ ਇਕ ਨਵਾਂ ਪ੍ਰਯੋਗ ਸੀ। 'ਉੱਤਰਰਾਮਚਰਿਤ' ਵਿਚ ਭਵਭੂਤੀ ਨੇ ਇਕ ਹੋਰ ਯਤਨ ਕੀਤਾ। ਉਨ੍ਹਾਂ ਨੇ ਸਾਰੇ ਨਾਟਕੀ ਕਾਰਜ ਨੂੰ ਕਰੁਣਾਰਸ ਦੇ ਚੁਫੇਰੇ ਘੁਮਾ-ਇਆ। ਨਿਹਸੰਸੇ, ਰਾਮਕਥਾ ਨੇ ਹੀ ਉਨ੍ਹਾਂ ਨੂੰ ਇਸ ਪ੍ਰਕਾਰ ਦਾ ਪ੍ਰਯੋਗ ਕਰਨ ਵਿਚ ਸਹਾਇਤਾ ਦਿੱਤੀ, ਕਿਸੇ ਦੂਸਰੀ ਕਥਾ ਦਾ ਨਾਟਕੀ ਰੂਪ ਵਿਚ ਇਸ ਤਰ੍ਹਾਂ ਚਿਤ੍ਰਣ ਸੰਭਵ ਨਹੀਂ ਸੀ। ਪਰ ਇਸ ਕਾਰਣ ਉਨ੍ਹਾਂ ਦੇ ਕੰਮ ਦਾ ਮੁੱਲ ਘਟ ਨਹੀਂ ਜਾਂਦਾ। ਇਹ ਪੱਕਾ ਪਤਾ ਨਹੀਂ ਕਿ ਭਵਭੂਤੀ ਦੇ ਨਾਟਕਾਂ ਨੂੰ ਸਮਕਾਲੀ ਰਸਿਕ ਤੇ ਪਾਰਖੂ ਲੋਕਾਂ ਦੀ ਪ੍ਰਸ਼ੰਸਾ ਮਿਲੀ ਜਾਂ ਨਹੀਂ, ਕਦਾਚਿਤ ਨਹੀਂ। ਉਨ੍ਹਾਂ ਦੀ ਅਸਫਲਤਾ ਦਾ ਸਾਹਿਤਕ ਇਤਿਹਾਸ ਲਈ ਕੋਈ ਮਹੱਤਵ ਨਹੀਂ ਹੈ। ਉਨ੍ਹਾਂ ਦੇ ਗੰਭੀਰ ਉੱਦੇਸ਼ ਤੇ ਸਾਹਸਪੂਰਣ ਪ੍ਰਯੋਗ ਆਪਣੇ ਆਪ ਵਿਚ ਮਹੱਤਵਪੂਰਣ ਹਨ।

ਭਵਭੂਤੀ ਦੇ ਵਿਸ਼ੇ-ਤੱਤ ਨਾਟਕ ਦੀ ਥਾਂ ਲੰਮੇਰੀ ਕਵਿਤਾ ਲਈ ਵਧੇਰੇ ਢੁੱਕਵੇਂ ਹਨ। ਪਰ ਆਪਣੇ ਨਾਟਕੀ ਢਾਂਚੇ ਨੂੰ ਪੂਰੀ ਤਰ੍ਹਾਂ ਸੰਗਠਿਤ ਕਰਨ ਤੇ ਆਪਣੇ ਵਿਸ਼ੇ-ਤੱਤ ਨੂੰ ਇਕ ਨਿਰੰਤਰ ਕੇਂਦ੍ਰੀ ਲੜੀ ਵਿਚ ਪਰੋਣ ਦੀ ਜਾਚ ਉਨ੍ਹਾਂ ਨੂੰ ਹੈ। ਆਪਣੇ ਪਹਿਲੇ ਨਾਟਕ ਵਿਚ ਰਾਮ ਦੀ ਜੀਵਨ ਕਥਾ ਨੂੰ ਏਕਤਾਬੱਧ ਕਰਨ ਦੇ ਉਨ੍ਹਾਂ ਦੇ ਯਤਨ ਦਾ ਵਰਣਨ ਪਹਿਲਾਂ ਕੀਤਾ ਜਾ ਚੁੱਕਿਆ ਹੈ। 'ਮਾਲਤੀਮਾਧਵ' ਅਨੇਕ ਸੰਜੋਗਾਂ ਤੇ ਘਟਨਾਵਾਂ ਦੀ ਇਕ ਅਜਿਹੀ ਰਚਨਾ ਹੈ, ਜਿਸ ਨੂੰ ਭਵਭੂਤੀ ਤਰਕ-ਸੰਗਲੀ

6. ਪ੍ਰਕਰਣ ਵਿਚ ਵਿਦੂਸ਼ਕ ਹੁੰਦਾ ਹੈ। ਦੇਖੋ : ਮ੍ਰਿਛਕਟਿਕ'। ਰਾਮ ਕਥਾ ਸੰਬਧੀ ਨਾਟਕਾਂ ਵਿਚ ਵਿਦੂਸ਼ਕ ਦੀ ਆਸ ਨਹੀਂ ਕੀਤੀ ਜਾ ਸਕਦੀ। ਪਰ ਦੋ ਉੱਤਰਕਾਲੀ ਨਾਟਕਾਂ ਵਿਚ ਇਹ ਪਾਤਰ ਹੈ। (੧੩ਵੀਂ ਸਦੀ ਈਸਵੀ ਦੇ ਪੂਰਵਾਰਧ ਵਿਚ ਗੁਜਰਾਤ ਦੇ ਵਸਤੁਪਾਲ ਦੇ ਸੰਰਖਿਅਤ ਮਿੱਤਰ) ਸੋਮੇਸ਼ਵਰ ਕ੍ਰਿਤ 'ਉੱਲ ਘਰਾਘਵ' ਵਿਚ ਰਾਮ ਦੇ ਨਰਮ-ਮਿੱਤਰ ਦੇ ਰੂਪ ਵਿਚ ਵਿਦੂਸ਼ਕ ਹੈ; (੧੦ਵੀਂ ਸਦੀ ਈ. ਦੇ ਪੂਰਵਾਰਧ ਵਿਚ) ਮਹਾਦੇਵ ਦੇ 'ਅਦਭੁਤ-ਦਰਪਣ' ਵਿਚ ਵਿਦੂਸ਼ਕ ਨੂੰ ਰਾਵਣ ਦੇ ਮਹਿਚਰ ਦੇ ਰੂਪ ਵਿਚ ਦਸਿਆ ਗਿਆ ਹੈ।



ਨਾਲ ਬੰਨ੍ਹ ਕੇ ਰਖਣ ਦਾ ਯਤਨ ਕਰਦੇ ਹਨ। ਇਨ੍ਹਾਂ ਦੋਹਾਂ ਨਾਟਕਾਂ ਵਿਚ ਭਵਭੂਤੀ ਦਾ ਯਤਨ ਸਦਾ ਸਫਲ ਨਹੀਂ ਰਿਹਾ; ਇਨ੍ਹਾਂ ਵਿਚ ਖ਼ਾਮੀਆਂ ਹਨ। ਪਰ 'ਉੱਤਰ-ਰਾਮਚਰਿਤ' ਇਕ ਵੱਖਰੀ ਸ਼੍ਰੇਣੀ ਵਿਚ ਆਉਂਦਾ ਹੈ। ਇਕ ਕੇਂਦ੍ਰੀ ਵਿਸ਼ੇ ਤੇ ਨਿਸ਼ਚਿਤ ਨਾਟਕੀ ਸਮਸਿਆ ਦੀ ਧਾਰਣਾ ਨੇ ਇਸ ਨਾਟਕ ਨੂੰ ਇਕਰੂਪਤਾ ਪ੍ਰਦਾਨ ਕੀਤੀ ਹੈ, ਜਿਸ ਨਾਲ ਨਾਟਕ ਦੇ ਹਰੇਕ ਅੰਕ ਦਾ ਕਾਰਜ ਨਾਟਯਵਸਤੂ ਨੂੰ ਵਿਕਸਿਤ ਕਰਨ ਤੇ ਕੇਂਦ੍ਰੀ ਮੰਤਵ ਦੀ ਪ੍ਰਾਪਤੀ ਹਿੱਤ ਸਹਾਇਕ ਹੁੰਦਾ ਹੈ।

ਭਵਭੂਤੀ ਰਸ-ਭਾਵਾਂ ਦੇ ਵਿਸਤ੍ਰਿਤ ਵਰਣਨ ਵਲ ਰੁਚੀ ਰਖਦੇ ਹਨ। ਕਵਿਤਾ ਦੇ ਰੂਪ ਵਿਚ ਅਜਿਹੇ ਵਰਣਨ ਮਨਮੋਹਕ ਹੋ ਸਕਦੇ ਹਨ। ਜੇ ਲੇਖਕ ਔਚਿਤਯ ਦੇ ਸਿਧਾਂਤ ਨੂੰ ਮੰਨ ਕੇ ਚਲੇ ਤਾਂ ਇਹ ਵਰਣਨ ਰਸ-ਭਾਵ-ਦਰਸ਼ਨ ਦੇ ਰੂਪ ਵਿਚ ਸਾਹਿਤ ਦੇ ਵਿਸ਼ੇਸ਼ ਗੁਣ ਨੂੰ ਉਜਾਗਰ ਕਰ ਸਕਦੇ ਹਨ। ਅਸੀਂ ਦੇਖ ਹੀ ਚੁਕੇ ਹਾਂ ਕਿ ਭਵਭੂਤੀ ਦੇ ਲੇਖਨ ਵਿਚ ਅਕਸਰ ਅਤਿਰੇਕਤਾ ਦਿੱਸਦੀ ਹੈ। ਫਿਰ ਵੀ 'ਉੱਤਰਰਾਮਚਰਿਤ' ਵਿਚ ਭਾਵਨਾਮਈ ਚਿਤ੍ਰਣ ਉਤਨਾ ਹੀ ਜ਼ਰੂਰੀ ਜਾਪਦਾ ਹੈ, ਜਿਤਨਾ ਅਨਿਵਾਰੀ। ਇਸ ਨਾਟਕ ਵਿਚ ਭਾਵਨਾਵਾਂ ਦਾ ਟਕਰਾਓ ਹੁੰਦਾ ਹੈ। ਇਕ ਪਾਸੇ ਰਾਮ ਪ੍ਰਤੀ ਸਹਾਨਭੂਤੀ ਹੈ ਤੇ ਦੂਜੇ ਪਾਸੇ ਗੁੱਸਾ, ਲੱਜਾ ਤੇ ਉਦਾਸੀ। ਇਹ ਭਾਵਨਾਵਾਂ ਰਾਮ ਦੇ ਕਰਮ ਤੋਂ ਜਨਮਦੀਆਂ ਹਨ ਤੇ ਸਾਰੇ ਨਾਟਕੀ ਦ੍ਰਿਸ਼ਾਂ ਨੂੰ ਓਤ-ਪੋਤ ਕਰ ਲੈਂਦੀਆਂ ਹਨ। ਇਨ੍ਹਾਂ ਭਾਵਨਾਵਾਂ ਦਾ ਚਿਤ੍ਰਣ ਕਰਨ ਵਾਲਾ ਸਾਹਿਤਕ-ਕੌਸ਼ਲ ਪ੍ਰਭਾਵਸ਼ਾਲੀ ਹੈ। ਪਰ ਜਿਥੇ ਪਹਿਲੇ ਨਾਟਕਾਂ ਵਿਚ ਇਹ ਕੌਸ਼ਲ ਹੀ ਸਾਨੂੰ ਪ੍ਰਭਾਵਿਤ ਕਰਦਾ ਹੈ; ਉਦਾਹਰਣ ਵਜੋਂ, 'ਮਾਲਤੀਮਾਧਵ' ਵਿਚ ਕਰੁਣਾ ਚਿਤ੍ਰਣ, ਉਥੇ 'ਉੱਤਰਰਾਮਚਰਿਤ' ਵਿਚ ਰਾਮ ਦੀ ਕਰੁਣਾ ਸਾਡੇ ਹਿਰਦੇ ਨੂੰ ਜਕੜ ਲੈਂਦੀ ਹੈ।[7] ਇਸ ਤਰ੍ਹਾਂ ਕਲਾ ਤੇ ਸ਼ਿਲਪ ਦਾ ਅੰਤਰਸਪਸ਼ਟ ਹੋ ਜਾਂਦਾ ਹੈ।

ਇਸ ਸਬੰਧ ਵਿਚ ਮਨਵਚਨੀ ਦਾ ਪ੍ਰਯੋਗ ਵੀ ਉਲੇਖਨੀ ਹੈ। ਇਹ ਕੋਈ ਨਵੀਂ ਵਿਧੀ ਨਹੀਂ ਹੈ। ਕਾਲੀਦਾਸ ਨੇ 'ਵਿਕ੍ਰਮੋਰਵਸ਼ੀਯ' ਦੇ ਚੌਥੇ ਅੰਕ ਵਿਚ ਇਸ ਦਾ ਪ੍ਰਯੋਗ ਕੀਤਾ ਸੀ; ਤੇ ਭਵਭੂਤੀ ਨੇ ਮਿਲਦੀ-ਜੁਲਦੀ ਸਥਿਤੀ ਦਾ ਵਰਣਨ ਕਰਨ ਲਈ 'ਮਾਲਤੀਮਾਧਵ' ਵਿਚ ਇਸ ਦਾ ਅਨੁਸਰਣ ਕੀਤਾ ਹੈ। ਫਿਰ ਵੀ, ਜੇ ਸਹੀ ਪ੍ਰਯੋਗ ਕੀਤਾ ਜਾਵੇ, ਤਾਂ ਮਨਵਚਨੀ ਬਹੁਤ ਪ੍ਰਭਾਵੀ ਹੋ ਸਕਦੀ ਹੈ। ਉਹ ਸ਼ਰੀਰਕ ਗਤੀ ਨੂੰ ਤਾਂ ਲਮਕਾਂਦੀਆਂ ਪ੍ਰਤੀਤ ਹੁੰਦੀਆਂ ਹਨ, ਪਰ ਜਿਨ੍ਹਾਂ ਪੀੜਾਂ ਤੇ ਸੰਕ੍ਰਾਂਤੀਆਂ ਵਿਚੋਂ ਮਾਨਵ ਮਨ ਗੁਜ਼ਰਦਾ ਹੈ, ਉਨ੍ਹਾਂ ਦੇ ਉਹ ਗਤਿਸ਼ੀਲ ਪ੍ਰਦਰਸ਼ਨ ਹੁੰਦੀਆਂ ਹਨ। 'ਮਹਾਵੀਰਚਰਿਤ' ਦੇ ਪੰਜਵੇਂ ਅੰਕ ਵਿਚ ਭਵਭੂਤੀ ਬਾਲੀ ਤੋਂ ਇਕ ਲੰਮੀ ਮਨਵਚਨੀ ਬੁਲਵਾਉਂਦੇ ਹਨ; ਰਾਮ ਦੇ ਪੱਖ ਤੇ ਰਾਵਣ ਦੇ ਵਿਰੋਧ ਵਿਚ ਦੋਫਾੜ ਹੋਏ ਉਸ ਦੇ ਮਨ ਨੂੰ ਇਹ ਭਲੀ-ਭਾਂਤ ਪ੍ਰਗਟ ਕਰਦੀ ਹੈ। 'ਉੱਤਰਰਾਮਚਰਿਤ'

7. ਪਰੰਪਰਾਗਤ ਨਿਰਣਾ ਹੈ—

कारुण्यं भवभूतिरेव तनुते ।

ਵਿਚ, ਕਹਾਣੀ ਦੇ ਮਹੱਤਵਪੂਰਣ ਮੋੜਾਂ ਉਤੇ, ਰਾਮ ਦੀਆਂ ਤਿੰਨ ਮਨਵਚਨੀਆਂ ਹਨ : ਜਦੋਂ ਰਾਮ ਨੂੰ ਸੀਤਾ ਤਿਆਗ ਦਾ ਘਾਤਕ ਨਿਰਣਾ ਲੈਣਾ ਪੈਂਦਾ ਹੈ (ਅੰਕ-੧), ਜਦੋਂ ਬਾਰਾਂ ਵਰ੍ਹਿਆਂ ਬਾਦ ਰਾਮ ਦੰਡਕ ਵਣ ਦੇ ਜਨਸਥਾਨ ਵਿਚ ਮੁੜ ਕੇ ਜਾਂਦੇ ਹਨ (ਅੰਕ-੨), ਤੇ ਜਦੋਂ ਉਹ ਲਵ-ਕੁਸ਼ ਨੂੰ ਮਿਲਦੇ ਹਨ (ਅੰਕ-੬)। ਇਹ ਪ੍ਰਸੰਨਤਾ ਦੀ ਗੱਲ ਹੈ ਕਿ ਭੌਤਿਕ ਘਟਨਾਵਾਂ ਦੀ ਚਕਾਚੌਂਧ ਤੇ ਅਲੰਕਾਰਿਕ ਅਭਿਵਿਅਕਤੀ ਤੋਂ ਪਰ੍ਹਾਂ ਹੱਟ ਕੇ ਭਵਭੂਤੀ ਮਨੋਵਿਗਿਆਨਿਕ ਕਥਨ ਤੇ ਮਾਨਵ-ਮਨ ਦੀ ਭਾਸ਼ਾ ਵਲ ਮੁੜ ਜਾਂਦੇ ਹਨ।

'ਉੱਤਰਰਾਮਚਰਿਤ' ਵਿਚ ਭਵਭੂਤੀ ਦੀ ਸ਼ਿਲਪਕਾਰੀ ਨਿਸ਼ਚਿਤ ਰੂਪ ਵਿਚ ਚਮਕ ਉਠਦੀ ਹੈ। ਇਸ ਨਾਟਕ ਵਿਚ ਜੇ ਤਰਕ ਘਟਨਾਵਾਂ ਦਾ ਕ੍ਰਮ ਨਿਸ਼ਚਿਤ ਕਰਦਾ ਹੈ, ਤਾਂ ਮਨੋਵਿਗਿਆਨ ਕਿਸੇ ਸਥਾਨ ਜਾਂ ਦ੍ਰਿਸ਼ ਵਿਚ ਪਾਤਰਾਂ ਦੇ ਮਿਲਾਪ ਨੂੰ ਵਿਸ਼ਵਾਸ ਯੋਗ ਬਣਾਉਂਦਾ ਹੈ ਤੇ ਕਿਸੇ ਵੀ ਦ੍ਰਿਸ਼ ਨੂੰ ਗਤਿਸ਼ੀਲ ਬਣਾ ਦੇਣ ਵਾਲੀ ਭਾਵਨਾ ਨਾਟਕੀ ਸੰਵਾਦਾਂ ਵਿਚ ਇਕ ਵਿਸ਼ੇਸ਼ ਮਹੱਤਵ ਤੇ ਪ੍ਰਭਾਵ ਭਰ ਦਿੰਦੀ ਹੈ। ਵਰਣਨ, ਕਥਨ, ਨੇ ਪਥ ਜਿਹੇ ਵਸਤੂ ਵਿਕਾਸ ਦੇ ਉਪਾਇ, ਜਿਨ੍ਹਾਂ ਦਾ ਪਹਿਲੇ ਨਾਟਕਾਂ ਵਿਚ ਖੁਲ੍ਹ ਕੇ ਪ੍ਰਯੋਗ ਕੀਤਾ ਗਿਆ ਹੈ, 'ਉੱਤਰਰਾਮਚਰਿਤ' ਵਿਚ ਵੀ ਪੂਰੀ ਤਰ੍ਹਾਂ ਤਿਆਗੇ ਨਹੀਂ ਗਏ; ਪਰ ਉਹ ਸੀਮਿਤ ਹਨ; ਤੇ ਜਿਥੇ ਕਿਤੇ ਵੀ ਵਰਤੇ ਗਏ ਹਨ, ਉਥੇ ਕੇਵਲ ਕਥਾ ਵਿਕਾਸ ਦੀ ਕੜੀ ਜੋੜਨ ਦੀ ਥਾਂ ਉਹ ਨਾਟਕੀ ਮੰਤਵ ਦੀ ਪੂਰਤੀ ਲਈ ਵਧੇਰੇ ਉਪਯੋਗੀ ਸਿੱਧ ਹੋਏ ਹਨ। ਉਦਾਹਰਣ ਵਜੋਂ, ਚਿਤਰਵੀਥੀ ਦ੍ਰਿਸ਼ ਦਾ ਵਿਵਰਣ ਵਾਸਤਵ ਵਿਚ ਅਤੀਤ ਦੀਆਂ ਯਾਦਾਂ ਨੂੰ ਜਗਾਉਣ ਵਾਲਾ, ਪਾਤਰਾਂ ਦੇ ਵਿਅਕਤਿਗਤ ਭਾਵੁਕ ਗੁਣ ਸੁਭਾਉ ਤੇ ਪ੍ਰਕ੍ਰਿਤੀ ਦੀ ਝਲਕ ਦੇਣ ਵਾਲਾ ਤੇ ਭਾਵੀ ਘਟਨਾ ਤੋਂ ਅਸੰਗਤ ਰੰਗੀਨ ਪੂਰਵਾਭਾਸ ਹੈ। ਦੂਜੇ ਤੇ ਤੀਜੇ ਅੰਕਾਂ ਦੇ ਪ੍ਰਕ੍ਰਿਤੀ-ਵਰਣਨ ਦਾ ਉੱਦੇਸ਼ ਜਾਣੇ-ਪਛਾਣੇ ਦ੍ਰਿਸ਼ਾਂ ਤੇ ਧੁਨੀਆਂ ਨਾਲ ਰਾਮ ਦਾ ਪੁਨਰਪਰਿਚਯ ਤੇ ਚਿਰਕਾਲ ਤੋਂ ਉਪੇਖਿਆ ਦੀ ਚਾਦਰ ਹੇਠ ਢਕੇ ਸੰਪਰਕਾਂ ਨੂੰ ਮੁੜ ਜਗਾਉਣਾ ਹੈ। ਇਨ੍ਹਾਂ ਵਰਣਨਾਂ ਦਾ ਆਪਣਾ ਇਕ ਕਾਵਿਗਤ ਮੁੱਲ ਹੈ; ਤੇ ਇਸ ਤੋਂ ਵੀ ਵੱਧ ਉਹ ਅਜਿਹੇ ਕਲਾਤਮਕ ਪ੍ਰੇਰਣ ਹਨ, ਜਿਹੜੇ ਬਾਰਾਂ ਵਰ੍ਹਿਆਂ ਦੀ ਵਿੱਥ ਨੂੰ ਸੁੰਦਰ ਢੰਗ ਨਾਲ ਭਰਦੇ ਹਨ। ਲਵ ਤੇ ਚੰਦਰਕੇਤੂ ਦੇ ਯੁੱਧ ਦਾ ਵਰਣਨ ਸੰਸਕ੍ਰਿਤ ਨਾਟਯ-ਸ਼ਾਸਤਰ ਦੇ ਨਿਯਮਾਂ ਦਾ ਅਨੁਸਾਰੀ ਹੈ। ਪਰ ਇਹ ਵਰਣਨ ਬਹੁਤਾ ਲੰਮਾ ਨਹੀਂ। ਅਭਿਵਿਅਕਤੀ ਦਾ ਕਾਵਿ-ਆਤਮਕ ਗੁਣ ਹੀ ਵੀਰਤਾ, ਪ੍ਰਸ਼ੰਸਾ ਤੇ ਅਸ਼ਚਰਜ ਦੀ ਭਾਵਨਾ ਨੂੰ ਸਾਕਾਰ ਕਰ ਦਿੰਦਾ ਹੈ। ਪ੍ਰਵੇਸ਼ਕਾ ਦੀ ਸੀਮਿਤ ਲੰਬਾਈ, ਉਨ੍ਹਾਂ ਦਾ ਅਵਿਵਿਅੰਜਨਾਤਮਕ ਮਹੱਤਵ ਤੇ ਨਾਟਕ ਵਿਚ ਭਾਵਨਾਤਮਕ ਸਮਤੋਲ ਦੇ ਉਪਾਇ ਦੇ ਰੂਪ ਵਿਚ ਉਨ੍ਹਾਂ ਦਾ ਪ੍ਰਯੋਗ—ਇਹ ਸਭ ਭਵਭੂਤੀ ਦੀ ਵਿਕਸਿਤ ਤਕਨੀਕ ਤੇ ਪ੍ਰਵੀਣਤਾ ਦੇ ਪ੍ਰਮਾਣ ਹਨ।

ਭਵਭੂਤੀ ਦੇ ਦਰਸ਼ਕਾਂ ਦੀ ਰੁਚੀ ਦੇ ਆਧਾਰ ਉਤੇ ਉਨ੍ਹਾਂ ਦੇ ਉਪਰ-ਪ੍ਰਾਕ੍ਰਿਤਿਕ ਪ੍ਰਯੋਗ ਨੂੰ ਕਦਾਚਿਤ ਨਿਆਇਸੰਗਤ ਮੰਨਿਆ ਜਾ ਸਕਦਾ ਹੈ। ਅਦਭੁਤ-ਰਸ ਨੂੰ



ਸਿਧਾਂਤ ਰੂਪ ਤੇ ਉਸੇ ਤਰ੍ਹਾਂ ਮੰਚ-ਪ੍ਰਦਰਸ਼ਨ ਦੇ ਪ੍ਰਭਾਵਸ਼ਾਲੀ ਪੱਖ ਤੋਂ ਵੀ ਮਾਨਤਾ ਪ੍ਰਾਪਤ ਸੀ। 'ਮਾਲਤੀਮਾਧਵ' ਵਿਚ ਕਪਾਲਕੁੰਡਲਾ ਆਪਣੇ ਜਾਦੂ ਨਾਲ ਮਾਲਤੀ ਨੂੰ ਚੁੱਕ ਕੇ ਲੈ ਜਾਂਦੀ ਹੈ; ਸੌਦਾਮਿਨੀ ਉਸੇ ਤਰ੍ਹਾਂ ਯੋਗ-ਸ਼ਕਤੀ ਨਾਲ ਉਸ ਨੂੰ ਬਚਾਉਂਦੀ ਹੈ। ਪਰ ਮਾਨਵੀ ਭਾਵਨਾਵਾਂ ਤੇ ਸਬੰਧਾਂ ਦੇ ਇਸ ਨਾਟਕ ਵਿਚ ਉਪਰ-ਪ੍ਰਾਕ੍ਰਿਤਿਕ ਪ੍ਰਯੋਗ ਅਸੰਗਤ ਲਗਦਾ ਹੈ, ਖਾਸ ਕਰਕੇ ਇਸ ਲਈ ਕਿ ਉਸ ਨੂੰ ਵਸਤੂ ਯੋਜਨਾ ਦੇ ਸਾਧਨ ਰੂਪ ਵਿਚ ਵਰਤਿਆ ਗਿਆ ਹੈ। ਰਾਮਕਥਾ ਵਿਚ ਕੁਝ ਪਾਤਰ ਸੁਤੇ-ਸਿੱਧ ਦੈਵੀ ਜਾਂ ਰਾਕਸ਼ੀ ਹਨ। ਇਸ ਪਰੰਪਰਾਗਤ ਆਖਿਆਨ-ਕਥਾ ਦੇ ਵਿਅਕਤੀਆਂ ਦੇ ਸਿਰਾਂ ਉਦਾਲਿਉਂ ਦਿੱਵ-ਆਭਾ-ਮੰਡਲ ਨੂੰ ਹਟਾਉਣਾ ਕਦਾਚਿਤ ਕਿਸੇ ਵੀ ਕਲਾਕਾਰ ਲਈ ਸੰਭਵ ਨਹੀਂ ਸੀ। 'ਮਹਾਵੀਰਚਰਿਤ' ਵਿਚ ਭਵਭੂਤੀ ਪਾਰਲੌਕਿਕ-ਤੱਤਾਂ ਤੋਂ ਕੰਮ ਲੈਣ ਦਾ ਕੋਈ ਯਤਨ ਨਹੀਂ ਕਰਦੇ। ਉਨ੍ਹਾਂ ਨੂੰ ਰਖਿਆ ਅਵੱਸ਼ ਗਿਆ ਹੈ ਤੇ ਯਥਾਸੰਭਵ ਵਰਣਨਾਂ ਵਿਚ ਜਾਂ ਨੇਪਥਕਥਨਾਂ ਵਿਚ ਪ੍ਰਸਤੁਤ ਕੀਤਾ ਗਿਆ ਹੈ। 'ਉੱਤਰਰਾਮਚਰਿਤ' ਵਿਚ ਵੀ ਇਸੇ ਸਾਧਨ ਦਾ ਪ੍ਰਯੋਗ ਕੀਤਾ ਗਿਆਂ ਹੈ। ਭਾਗੀਰਥੀ ਤੇ ਪ੍ਰਿਥਵੀ ਨੇਪਥ ਤੋਂ ਜ਼ਿੰਭਕਸ਼ਸਤਰਾਂ ਦੀ ਸ਼ਕਤੀ ਦਾ ਕੇਵਲ ਵਰਣਨ ਕਰਦੀਆਂ ਹਨ। ਜਿਥੋਂ ਤਕ ਰਾਮ, ਸੀਤਾ, ਅਰੁੰਧਤੀ, ਵਾਲਮੀਕਿ, ਜਨਕ ਤੇ ਵਿਦਿਆਧਰ-ਦੰਪਤੀ ਦਾ ਪ੍ਰਸ਼ਨ ਹੈ, ਉਨ੍ਹਾਂ ਦੀ ਪਾਰਲੌਕਿਕਤਾ ਨੂੰ ਸ਼ਰਧਾ ਦੇ ਪ੍ਰਤੀਕ ਰੂਪ ਵਿਚ ਜਾਂ ਉਨ੍ਹਾਂ ਦੀ ਉੱਚੀ ਪਦਵੀ ਦੇ ਮਰਮ ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ। ਤਮਸਾ, ਮੁਰਲਾ ਤੇ ਜ਼ਿੰਭਕਸ਼ਸਤਰਾਂ (ਗਰਭ ਨਾਟਕ ਵਿਚ) ਦਾ ਮਾਨਵੀਕਰਣ ਕੀਤਾ ਗਿਆ ਹੈ; ਉਹ ਮਨੁੱਖਾਂ ਦੀ ਬੋਲੀ ਬੋਲਦੇ ਹਨ, ਡੂੰਘੀ ਸੋਚ ਵਿਚ ਡੁੱਬੇ ਮਨੁੱਖਾਂ ਵਾਕਰ ਸੋਚਦੇ ਤੇ ਕੰਮ ਕਰਦੇ ਹਨ। ਤੀਜੇ ਅੰਕ ਵਿਚ ਸੀਤਾ ਦੀ ਉਪਸਥਿਤੀ, ਪਰ ਰਾਮ ਤੇ ਵਾਸੰਤੀ ਲਈ ਉਸ ਦਾ ਅਦ੍ਰਿਸ਼ਟ ਰਹਿਣਾ, ਇਸ ਵਿਚ ਅਦਭੁਤ-ਰਸ ਦਾ ਸਪਰਸ਼ ਹੈ। ਪਰ ਇਹ ਇਕ ਅਭਿਨੈ-ਯੁਕਤੀ ਹੈ ਕਿਉਂਕਿ ਦਰਸ਼ਕ ਸੀਤਾ ਤੇ ਤਮਸਾ ਨੂੰ ਦੇਖਦੇ ਹਨ; ਉਨ੍ਹਾਂ ਦੀਆਂ ਗੱਲਾਂ ਸੁਣਦੇ ਹਨ। ਨਾਟਕ ਦੀ ਸਮਾਪਤੀ ਤੋਂ ਕੁਝ ਚਿਰ ਪਹਿਲਾਂ ਗਰਭ ਨਾਟਕ ਵਿਚ ਨਦੀ ਦੇ ਜਲ ਵਿਚੋਂ ਸੀਤਾ ਦੇ ਨਿਕਲਣ ਦਾ ਅਸਚਰਜ ਵੀ ਇਸੇ ਤਰ੍ਹਾਂ ਦੀ ਨਾਟਕੀ-ਆਵਸ਼ਕਤਾ ਹੈ, ਜਿਵੇਂ ਅਪਸਰਾਵਾਂ ਰਾਹੀਂ ਵਾਲਮੀਕਿ ਦੇ ਨਾਟਕ ਦਾ ਅਭਿਨੈ ਤੇ ਸਰਵਲੋਕਾਂ ਦੇ ਦਰਸ਼ਕਾਂ ਦੀ ਉਪਸਥਿਤੀ। ਫਿਰ ਵੀ ਉਨ੍ਹਾਂ ਨੂੰ ਸੂਚਨਾ ਰਾਹੀਂ ਪ੍ਰਸਤੁਤ ਕੀਤਾ ਗਿਆ ਹੈ। ਨਾਟਕਕਾਰ ਦੀ ਨਾਟਕੀ ਯੋਜਨਾ ਦਾ ਇਕ ਮਹੱਤਵਪੂਰਣ ਭਾਗ ਹੋਣ ਕਾਰਣ ਦਰਸ਼ਕਾਂ ਨੇ ਲੌਕਿਕ ਤੇ ਉਪਰਲੌਕਿਕ ਦੇ ਇਸ ਮੇਲ ਨੂੰ ਸ੍ਵੀਕਾਰ ਕਰ ਲਿਆ ਹੋਵੇਗਾ। ਕਿਵੇਂ ਵੀ ਹੋਵੇ, ਉਹ ਪਰੰਪਰਾਗਤ ਕਥਾ ਦੇ ਮੂਲ-ਤੱਤ ਦੇ ਪ੍ਰਤਿਕੂਲ ਨਹੀਂ ਹੈ। ਕੁਲ ਮਿਲਾ ਕੇ, ਭਵਭੂਤੀ ਹੁਣ ਇਸ ਗੱਲ ਵਲ ਚੇਕਸ ਲਗਦੇ ਹਨ ਕਿ ਕਲਾਤਮਿਕ ਢਾਂਚੇ ਵਿਚ ਉਪਰਲੌਕਿਕਤਾ ਦਾ ਸਹੀ-ਸਹੀ ਪ੍ਰਯੋਗ ਕੀਤਾ ਜਾਵੇ। ਉਨ੍ਹਾਂ ਨੇ ਉਸ ਦੇ ਗੂਹੜੇ ਰੰਗਾਂ ਨੂੰ ਹਲਕਾ ਕਰਨ ਦਾ ਯਤਨ ਕੀਤਾ ਹੈ ਤੇ ਜਿਥੋਂ ਤਕ ਹੋ ਸਕਿਆ ਹੈ ਅਨਿਵਾਰੀ ਉਪਰਲੌਕਿਕਤਾ ਨੂੰ ਵਿਸ਼ਵਾਸ ਯੋਗ ਲੌਕਿਕਤਾ ਬਣਾਨ ਦਾ ਯਤਨ ਕੀਤਾ ਹੈ।

'ਉੱਤਰਰਾਮਚਰਿਤ' ਵਿਚ ਭਵਭੂਤੀ ਸੂਖਮ ਕਲਾਤਮਕ ਯੁਕਤੀਆਂ ਵਰਤਦੇ ਹਨ, ਜਿਨ੍ਹਾਂ ਤੋਂ ਇਹ ਪਤਾ ਲਗਦਾ ਹੈ ਕਿ ਸਾਹਿਤ ਸਿਰਜਨਾ ਲਈ ਉਹ ਅੰਤਰ-ਮੁਖ ਹੋ ਗਏ ਹਨ। ਇਨ੍ਹਾਂ ਵਿਚੋਂ ਇਕ ਤਾਂ ਨਾਟਕੀ ਵਿਅੰਗ ਹੈ, ਜਿਹੜਾ ਵਾਸਤਵ ਵਿਚ ਸਮੁੱਚੇ ਨਾਟਕ ਵਿਚ ਵਿਆਪਕ ਹੈ। ਉਦਾਹਰਣ ਹਿੱਤ—ਲਛਮਣ ਦਾ ਅਗਨੀ-ਪਰੀਖਿਆ ਦਾ ਨਿਸਚਿੰਤ ਉਲੇਖ ਤੇ ਰਾਮ ਦੀ ਤੁਰੰਤ ਘੋਸ਼ਣਾ ਕਿ ਉਹ ਤੁਹਮਤ ਉਤੇ ਵਿਸ਼ਵਾਸ ਨਹੀਂ ਕਰਦੇ (ਅੰਕ ੧-੧੩-੧੪); ਰਾਮ ਦਾ ਸੀਤਾ ਨੂੰ ਇਹ ਵਿਸ਼ਵਾਸ ਦਿਵਾਉਣਾ ਕਿ ਉਸ ਦੇ ਮਨ ਵਿਚ ਵਿਛੋੜੇ ਦਾ ਭੈ ਕੇਵਲ ਚਿਤਰ ਨੂੰ ਦੇਖ ਕੇ ਉਪਜਿਆ ਹੈ ਤੇ ਨਿਰਮੂਲ ਹੈ (ਅੰਕ ੧); ਮੌਕਾ ਉਡੀਕਦੇ, ਹੋਰ ਵੱਡੇਰੇ ਤੇ ਹਿਰਦੇ ਵੇਧਕ ਕਲੇਸ਼ ਤੋਂ ਕੁਝ ਦੇਰ ਪਹਿਲਾਂ ਰਾਮ ਤੇ ਸੀਤਾ ਦਾ ਆਪਣੇ ਅਤੀਤ ਦੀਆਂ ਯਾਦਾਂ ਨਾਲ ਭਾਵੁਕ ਹੋ ਕੇ ਚਿੰਬੜੇ ਰਹਿਣਾ (ਅੰਕ ੧); ਉਹ ਨਾਟਕੀ ਸੰਯੋਗ[8] ਜਿਸ ਵਿਚ ਰਾਮ ਦੇ ਸ਼ਬਦਾਂ ਦਾ ਮੇਲ ਦੁਰਮੁਖ ਦੇ ਆਉਣ ਦੀ ਸੂਚਨਾ ਦੇਣ ਵਾਲੀ ਪ੍ਰਤਿਹਾਰੀ ਦੇ ਸ਼ਬਦਾਂ ਨਾਲ ਹੋ ਜਾਂਦਾ ਹੈ ਤੇ ਜਿਸ ਤੋਂ ਵਿਜੋਗ ਦੀ ਕੰਬਾ ਦੇਣ ਵਾਲੀ ਅਭਿਵਿਅੰਜਨਾ ਨਿਕਲਦੀ ਹੈ (ਅੰਕ ੧-੩੯); ਸੀਤਾ ਦਾ ਇਹ ਪ੍ਰੀਤ-ਭਿੰਨਾ ਹਠ ਕਿ ਗੰਗਾ ਦੇ ਕਿਨਾਰੇ ਰਾਮ ਵੀ ਉਸ ਨਾਲ ਜਾਣ ਤੇ ਰਾਮ ਦਾ ਪ੍ਰੇਮ-ਗੁੱਧਾ ਨਹੋਰਾ ਕਿ ਇਹ ਕਲਪਨਾ ਸੀਤਾ ਦਾ ਪੱਥਰ ਦਿਲ ਹੀ ਕਰ ਸਕਦਾ ਹੈ ਕਿ ਰਾਮ ਉਸ ਨੂੰ ਇਕੱਲੀ ਤੋਰ ਦੇਣਗੇ (ਅੰਕ ੧); ਉਹ ਅਤਿ ਤ੍ਰਾਸਮਈ ਸਥਿਤੀ ਜਦੋਂ ਰਾਮ ਨੂੰ ਸੀਤਾ ਦਾ ਤਿਆਗ ਉਸ ਸਮੇਂ ਕਰਨਾ ਪੈਂਦਾ ਹੈ, ਜਦੋਂ ਉਹ ਪੂਰੇ ਵਿਸ਼ਵਾਸ ਤੇ ਪ੍ਰੇਮ ਨਾਲ ਰਾਮ ਦੀਆਂ ਬਾਹਾਂ ਵਿਚ ਹੀ ਸੌਂ ਗਈ ਸੀ (ਅੰਕ ੧); ਛਾਇਆ-ਸੀਤਾ ਦੀ ਉਪਸਥਿਤੀ ਦਾ ਉਹ ਸਾਰਾ ਦ੍ਰਿਸ਼ (ਅੰਕ ੩); ਜਿਥੇ ਰਾਮ, ਸੀਤਾ ਦੇ ਹੱਥ ਦਾ ਸਪਰਸ਼ ਤਾਂ ਅਨੁਭਵ ਕਰਦੇ ਹਨ, ਪਰ ਉਸ ਨੂੰ ਦੇਖ ਨਹੀਂ ਸਕਦੇ—ਹੋਣੀ ਦੇ ਨਿਰਦਈ ਵਿਅੰਗ ਦਾ ਉਦਾਹਰਣ ਹੈ। ਵਾਸਤਵ ਵਿਚ, ਕੇਵਲ ਕੁਝ ਪਾਤਰਾਂ ਤੋਂ ਛੁੱਟ ਬਾਕੀ ਸਾਰਿਆਂ ਦਾ ਇਹ ਵਿਸ਼ਵਾਸ ਵੀ ਕਿ ਸੀਤਾ ਮਰ ਚੁੱਕੀ ਹੈ, ਇਕ ਪ੍ਰਕਾਰ ਦਾ ਵਿਅੰਗ ਹੀ ਹੈ, ਜਿਹੜਾ ਤੀਜੇ ਅੰਕ ਤੋਂ ਲੈ ਕੇ ਅੰਤਿਮ ਅੰਕ ਤਕ ਵਿਦਮਾਨ ਹੈ। ਪਿਆਰਾ ਜਿਹਾ ਇਕ ਵਿਅੰਗ ਹੋਰ ਵੀ ਹੈ। ਇਸ ਦੇ ਉਦਾਹਰਣ ਹਨ—ਲਵ ਦਾ ਇਹ ਕਹਿਣਾ ਕਿ ਉਹ ਵਾਲਮੀਕਿ ਦਾ ਪੁੱਤਰ ਹੈ (ਅੰਕ ੪); ਲਵ ਦਾ ਰਾਮ ਦੇ ਵਿਰੁੱਧ ਅੱਗ ਉਗਲਦੇ ਜਨਕ ਦਾ ਪੱਖ ਪੂਰਨਾ (ਅਕ ੪-੨੪) ਤੇ ਆਪਣੇ ਭੋਲੇਪਨ ਨਾਲ ਰਾਮ ਦੀ ਵੀਰਤਾ ਦੇ ਕਰਤਵ ਵਿਚ ਨਘੋਚਾਂ ਕੱਢਣੀਆਂ (ਅੰਕ ੫, ੩੨, ੩੪); ਸੁਮੰਤਰ ਦਾ ਇਹ ਸੋਚਣਾ ਕਿ ਜੇ ਰਾਮ ਇਸ ਅਗਿਆਤ ਬਾਲਕ ਲਵ ਦੀ ਵੀਰਤਾ ਨੂੰ ਦੇਖਦੇ ਤਾਂ ਉਨ੍ਹਾਂ ਦਾ ਹਿਰਦਾ ਪਿਆਰ ਨਾਲ ਪੰਘਰ ਜਾਂਦਾ (ਅੰਕ ੫); ਰਾਮ ਦੇ ਹੰਝੂਆਂ ਬਾਰੇ ਕੁਸ਼ ਦਾ ਬੇਲਾਗ ਸਪਸ਼ਟੀਕਰਣ (ਅੰਕ ੬, ੩੦); ਗਰਭ ਨਾਟਕ ਨੂੰ ਦੇਖਦੇ ਸਮੇਂ ਰਾਮ ਦੀਆਂ ਉਦੋਂ ਤਕ ਦੀਆਂ ਪ੍ਰਤਿਕ੍ਰਿਆਵਾਂ ਜਦੋਂ

8. ਪ੍ਰਵਿਧੀ ਦੀ ਦ੍ਰਿਸ਼ਟੀ ਤੋਂ ਇਹ ਪਤਾਕਾਸਥਾਨਕ ਕਹਾਉਂਦਾ ਹੈ।
ਦੇਖੋ : ਭਰਤ : 'ਨਾਟਯਸ਼ਾਸਤਰ', ੧੯, ੩੭



ਤਕ ਉਨ੍ਹਾਂ ਨੂੰ ਵਾਸਤਵਿਕਤਾ ਦਾ ਗਿਆਨ ਨਹੀਂ ਹੋ ਜਾਂਦਾ (ਅੰਕ ੭); ਇਸ ਪ੍ਰਕਾਰ ਦੇ ਨਾਟਕੀ ਵਿਅੰਗ (ਸੁਖਦਾਇਕ ਦੇ ਦੁਖਦਾਇਕ ਵੀ) ਸਦਾ ਪ੍ਰਭਾਵ ਉਤਪਾਦਕ ਸਿੱਧ ਹੁੰਦੇ ਹਨ।[9]

## ਲੇਖਨ ਦੇ ਦੋਸ਼

ਭਵਭੂਤੀ ਦੇ ਲੇਖਨ ਵਿਚ ਦੋਸ਼ ਬਿਲਕੁਲ ਸਪਸ਼ਟ ਹਨ। ਕੁਝ ਦਰਸ਼ਕ ਘਟਨਾਵਾਂ ਦੇ ਟਕਰਾਓ ਤਕ ਪਹੁੰਚਾਣ ਵਾਲੇ ਤਿੱਖੇ ਭੌਤਿਕ ਕਾਰਜ ਨਾਲ ਭਰਿਆ ਨਾਟਕ ਪਸੰਦ ਕਰਦੇ ਹਨ; ਪਰ ਕੁਝ ਦੂਜੇ ਦਰਸ਼ਕ ਨਾਟਕ ਵਿਚ ਸੂਖਮਭਾਵੀ ਕਾਵਿ ਤੇ ਡੂੰਘੀ ਭਾਵੁਕਤਾ ਦੇ ਗੁਣਾਂ ਦੇ ਪ੍ਰਸ਼ੰਸਕ ਹੁੰਦੇ ਹਨ। ਭਵਭੂਤੀ ਦੇ 'ਮਹਾਵੀਰਚਰਿਤ' ਤੇ 'ਮਾਲਤੀਮਾਧਵ' ਪਹਿਲੇ ਪ੍ਰਕਾਰ ਦੇ ਦਰਸ਼ਕਾਂ ਨੂੰ ਪ੍ਰਸੰਨ ਕਰ ਸਕਦੇ ਹਨ ਤੇ 'ਉੱਤਰਰਾਮਚਰਿਤ' ਦੂਜੇ ਪ੍ਰਕਾਰ ਦੇ ਦਰਸ਼ਕਾਂ ਨੂੰ। ਪਰ ਆਪਣੇ ਨਾਟਯਲੇਖਨ ਵਿਚ ਭਵਭੂਤੀ ਨੇ ਪ੍ਰਸਤੁਤੀਕਰਣ ਲਈ ਇਕ ਨਵੀਂ ਸ਼ੈਲੀ ਵਰਤੀ ਹੈ, ਜਿਹੜੀ ਉਨ੍ਹਾਂ ਨੂੰ ਬਾਣਭੱਟ ਤੇ ਤਤਕਾਲੀ ਗੱਦ ਲੇਖਕਾਂ ਤੋਂ ਪੈਤ੍ਰੀ ਰੂਪ ਵਿਚ ਮਿਲੀ ਜਾਪਦੀ ਹੈ। ਸੰਸਕ੍ਰਿਤ ਨਾਟਕਾਂ ਵਿਚ, ਸਦਾ ਗੱਦ ਤੇ ਪਦ ਦਾ ਮਿਲਵਾਂ ਪ੍ਰਯੋਗ ਕੀਤਾ ਗਿਆ ਹੈ। ਪਰ ਪਦਾਂ ਵਿਚ ਖਾਸ ਕਰਕੇ ਵਰਣਨ ਕਰਨ ਸਮੇਂ, ਜੇ ਬੋਝਲ ਸ਼ਬਦਾਂ ਤੇ ਅਲੰਕਾਰਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ, ਤਾਂ ਨਾਟਕਕਾਰ ਸੰਵਾਦਾਂ ਵਿਚ ਗੱਦ ਨੂੰ ਸਰਲ ਤੇ ਸਹਿਜ ਰਖਣ ਦਾ ਯਤਨ ਕਰਦਾ ਹੈ ਤਾਂ ਜੋ ਇਹ ਬੋਲਚਾਲ ਦੀ ਹੀ ਭਾਸ਼ਾ ਰਹੇ, ਸਾਹਿਤਕ ਤੇ ਪੰਡਿਤਾਊ ਭਾਸ਼ਾ ਨਾ ਵਰਤੀ ਜਾਵੇ। ਭਾਸ ਤੋਂ ਲੈ ਕੇ ਹਰਸ਼ ਤਕ, ਭਵਭੂਤੀ ਦੇ ਪੂਰਵਗਾਮੀ ਨਾਟਕਕਾਰਾਂ ਦੇ ਨਾਟਕਾਂ ਵਿਚ ਇਹ ਗੁਣ ਹੈ। ਭਵਭੂਤੀ ਨੇ ਹੀ ਕਦਾਚਿਤ ਇਹ ਪਰੰਪਰਾ ਚਲਾਈ, ਜਿਸ ਵਿਚ ਨਾਟਕ ਦੀ ਰਚਨਾ ਇਉਂ ਕੀਤੀ ਗਈ, ਜਿਵੇਂ ਉਹ ਸਾਹਿਤਕ ਰਚਨਾ ਦਾ ਇਕ ਅਜਿਹਾ ਅਭਿਆਸ ਹੋਵੇ ਜਿਥੇ ਕਾਵਿਗਤ ਅਲੰਕਾਰਾਂ, ਰਸ-ਭਾਵਾਂ ਤੇ ਭਾਸ਼ਾ ਦੇ ਪ੍ਰਯੋਗ ਲਈ ਕਵੀ ਦੇ ਕੌਸ਼ਲ ਉਤੇ ਪੂਰਾ-ਪੂਰਾ ਧਿਆਨ ਰਖਿਆ ਜਾਵੇ। ਪਿਛਲੇ ਨਾਟਕਾਂ ਵਿਚ ਇਹ ਸਾਰੇ ਗੁਣ ਹਨ। ਸਮੇਂ ਦੀ ਦ੍ਰਿਸ਼ਟੀ ਤੋਂ ਦੇਖੀਏ ਤਾਂ ਇਉਂ ਜਾਪਦਾ ਹੈ ਕਿ ਭਵਭੂਤੀ ਨੇ ਨਾਟਕ ਨਹੀਂ ਸਗੋਂ ਨਾਟਕਵਿਤਾਵਾਂ ਲਿਖਣ ਵਿਚ ਪਹਿਲ ਕੀਤੀ ਹੈ। ਇਸ ਵਿਸ਼ੇ ਵਿਚ ਗੱਦਕਾਰ ਦੰਡੀ, ਸੁਬੰਧੂ ਤੇ ਬਾਣਭੱਟ ਦੁਆਰਾ ਮਾਨਤਾ ਪ੍ਰਾਪਤ ਸਾਹਿਤਕ ਰੀਤੀਆਂ ਤੋਂ ਭਵਭੂਤੀ ਬਹੁਤ ਪ੍ਰਭਾਵਿਤ ਹੋਏ ਹੋਣਗੇ; ਜਿਵੇਂ ਨਾਟਕ ਦੇ ਖੇਤਰ ਵਿਚ ਉਨ੍ਹਾਂ ਨੇ ਆਪਣੇ ਉੱਤਰਾਧਿਕਾਰੀਆਂ ਨੂੰ ਪ੍ਰਭਾਵਿਤ ਕੀਤਾ। ਭਵਭੂਤੀ ਨੇ ਸੰਵਾਦਾਤਮਕ ਢਾਂਚੇ ਦਾ ਪ੍ਰਯੋਗ ਕੀਤਾ; ਪਰ ਇਕ ਕਥਾਕਾਰ ਵਾਂਕਰ ਆਪਣੇ ਗੱਦ-ਪਦ ਨੂੰ ਵਿਸਤਾਰਸਹਿਤ ਅਲੰਕਾਰਾਂ ਨਾਲ ਸ਼ਿੰਗਾਰਿਆ। ਉਨ੍ਹਾਂ ਨੇ 'ਉੱਤਰ-ਰਾਮਚਰਿਤ' ਵਿਚ ਕਈ ਅਤਿਰੇਕਤਾਵਾਂ ਨੂੰ ਨਿਯੰਤ੍ਰਿਤ ਕਰ ਲਿਆ ਹੈ। ਆਪਣੇ ਨਾਟਕ ਦੇ ਵਿਸ਼ੇਸ਼ ਵਿਵਰਣਾਂ ਵਿਚ ਵਰਤੇ ਕਲਾ-ਕੌਸ਼ਲ ਲਈ ਭਵਭੂਤੀ ਨੂੰ ਆਲੋਚਕਾਂ ਨੇ ਸਲਾਹਿਆ ਹੈ; ਜਿਵੇਂ ਕਿ ਪਹਿਲੇ ਅੰਕ ਵਿਚ ਨਾਟਕੀ ਵਿਅੰਗ, ਤੀਜੇ ਅੰਕ

9. ਦੇਖੋ : ਭਟ : 'ਉਤਰਰਾਮਚਰਿਤ' ਪ੍ਰਸਤਾਵਨਾ, ਪੰ ੧੩੪-੧੩੫।

ਵਿਚ ਸੀਤਾ ਦੇ ਅਟਕ-ਅਟਕ ਕੇ ਰਾਮ ਨੂੰ ਸਪਰਸ਼ ਕਰਨ ਦੇ ਚਿਤ੍ਰਣ ਦੀ ਮ੍ਰਿਦੁਤਾ, ਅੰਤਿਮ ਅੰਕ ਵਿਚ ਲਵ ਦੀ ਸੁੰਦਰ ਛਵੀ ਤੇ ਗਰਭ ਨਾਟਕ ਦਾ ਸਰਲ, ਪਰ ਹਿਰਦੇ-ਸਪਰਸ਼ੀ ਪ੍ਰਦਰਸ਼ਨ। ਫਿਰ ਵੀ ਇਹ ਠੀਕ ਹੈ ਕਿ 'ਉੱਤਰਰਾਮਚਰਿਤ' ਰੰਗਮੰਚੀ ਨਾਟਕ ਨਾਲੋਂ ਨਾਟਕੀ-ਕਾਵਿ ਦੇ ਰੂਪ ਵਿਚ ਵਧੇਰੇ ਸਫ਼ਲ ਰਿਹਾ ਹੈ— ਦਰਸ਼ਕ ਦੀ ਅਪੇਖਿਆ ਪਾਠਕ ਨੂੰ ਵਧੇਰੇ ਆਨੰਦ ਪ੍ਰਦਾਨ ਕਰਦਾ ਹੈ।

ਭਵਭੂਤੀ ਦੀ ਨਾਟਕੀ ਤਰੁਟੀ ਕਵੀ ਦੇ ਰੂਪ ਵਿਚ ਉਨ੍ਹਾਂ ਦੀ ਸ਼ਕਤੀ ਹੈ।[10] ਆਪਣੇ ਸੁਭਾਉ, ਸਹਿਜ ਯੋਗਤਾ ਤੇ ਤਤਕਾਲੀ ਸਾਹਿਤਕ ਪ੍ਰਵ੍ਰਿਤੀਆਂ ਦੇ ਕਾਰਣ ਭਵਭੂਤੀ ਕਦੇ ਵੀ ਇਕ ਨਾਟਕਕਾਰ ਦੀ ਤਟਸਥਤਾ ਤੇ ਸੰਜਮ ਨਾਲ ਆਪਣੇ ਨਾਟਕੀ ਕਥਾਨਕਾਂ ਨੂੰ ਪ੍ਰਸਤੁਤ ਨਹੀਂ ਕਰ ਸਕੇ। ਉਨ੍ਹਾਂ ਦਾ ਕਵੀ ਮਨ ਨਾਟਕੀ ਪੱਖ ਤੋਂ ਉਨ੍ਹਾਂ ਨੂੰ ਵਿਚਲਿਤ ਕਰ ਦਿੰਦਾ ਸੀ। ਸਿੱਟੇ ਵਜੋਂ ਉਨ੍ਹਾਂ ਦੇ ਸਮੁੱਚੇ ਲੇਖਨ ਵਿਚ ਦੋ ਖ਼ੂਬੀਆਂ ਆ ਗਈਆਂ—(੧) ਸਾਹਿਤਕ ਪ੍ਰਫੁੱਲਤਾ ਤੇ ਚਮਕ-ਦਮਕ ਦੀ ਅਧਿਕਤਾ, (੨) ਭਾਵਾਂ ਦੀ ਅਤਿਰੇਕਤਾ। ਪਹਿਲੀ ਨਾਲ ਨਾਟਕਾਂ ਵਿਚ ਲੋੜੀਂਦੇ ਸੰਵਾਦ ਨਸ਼ਟ ਹੋ ਗਏ; ਤੇ ਦੂਜੀ ਨਾਲ ਉਨ੍ਹਾਂ ਦੇ ਦ੍ਰਿਸ਼ ਭਾਵੁਕਤਾ ਵਿਚ ਲਿਟਦੇ ਜਾਪਦੇ ਹਨ। ਦੋਵੇਂ ਇਕੱਠੇ ਨਾਟਯ-ਲੇਖਨ ਲਈ ਹਾਨੀਕਾਰਕ ਸਨ, ਕਿਉਂਕਿ ਉਨ੍ਹਾਂ ਨੇ ਪਾਤਰਾਂ ਦੀਆਂ ਨਿੱਜੀ ਵਿਸ਼ੇਸ਼ਤਾਵਾਂ ਖੋਹ ਲਈਆਂ ਤੇ ਅਕਸਰ ਅਤਿ ਡੂੰਘੀ ਭਾਵਨਾ ਨੂੰ ਵੀ ਕੇਵਲ ਸਾਹਿਤਕ ਪ੍ਰਦਰਸ਼ਨ ਬਣਾ ਦਿੱਤਾ ਤੇ ਵਾਸਤਵਿਕ ਅਨੁਭੂਤੀ ਦੀ ਵਿਅੰਜਨਾ ਨਾ ਹੋ ਸਕੀ।

ਇਹ ਦੋਸ਼ ਉਨ੍ਹਾਂ ਦੇ ਪਹਿਲੇ ਦੋ ਨਾਟਕਾਂ ਵਿਚ ਵਧੇਰੇ ਦਿਸਦਾ ਹੈ। ਇਨ੍ਹਾਂ ਵਿਚ ਪਾਤਰ ਥੋੜੇ ਜਾਂ ਬਹੁਤੇ ਆਦਰਸ਼ ਤੇ ਪ੍ਰਤਿਮਾਨ ਹਨ। ਉਨ੍ਹਾਂ ਦਾ ਵਿਅਕਤਿਤਵ ਸੀਮਿਤ ਹੈ। ਪਰਸ਼ੁਰਾਮ ਤੇ ਸ਼ਤਾਨੰਦ ਵਿਅਕਤਿਗਤ ਲੱਛਣਾਂ ਦਾ ਪ੍ਰਗਟਾਵਾ ਕਰਦੇ ਹਨ ਪਰ ਪਹਿਲਾ ਵਿਅਕਤਿਚਿਤਰ ਇਸ ਪਾਤਰ ਦੇ ਹਦੋਂ ਵੱਧ, ਬੇਲੋੜੇ, ਅਸੱਭਯ ਭਾਸ਼ਾ ਪ੍ਰਯੋਗ ਸਦਕਾ ਦੂਸ਼ਿਤ ਹੋ ਗਿਆ ਹੈ ਤੇ ਦੂਜੇ ਨੂੰ ਵਿਗਸਣ ਦਾ ਮੌਕਾ ਹੀ ਨਹੀਂ ਮਿਲਿਆ। ਆਪਣੇ ਸਾਮਾਜਿਕ ਨਾਟਕ ਵਿਚ ਵੀ, ਜਿਥੇ ਲੇਖਕ ਆਪਣੀ ਕਲਪਨਾ ਸ਼ਕਤੀ ਨੂੰ ਦਿਲ ਖੋਲ੍ਹ ਕੇ ਵਰਤ ਸਕਦਾ ਹੈ, ਭਵਭੂਤੀ ਨੇ ਵਿਅਕਤੀ ਦੀ ਥਾਂ ਪ੍ਰਤਿਮਾਨ ਸਿਰਜੇ ਹਨ; ਸੰਭਵਤਾ ਸੰਸਕ੍ਰਿਤ 'ਨਾਟਯ-ਸ਼ਾਸਤਰ ਦੀਆਂ ਪਰੰਪਰਾਵਾਂ ਦਾ ਅਨੁਸਰਣ ਕਰਕੇ। ਮਕਰੰਦ ਇਕ ਦਿਲਚਸਪ ਪਾਤਰ ਬਣ ਸਕਦਾ ਸੀ ਪਰ ਉਸ ਦੀ ਭੂਮਿਕਾ ਗੌਣ ਕਰ ਦੇਣ ਕਾਰਣ ਉਸ ਦੇ ਕਾਰਜ ਪਰਦੇ ਪਿਛੇ ਹੋ ਜਾਂਦੇ ਹਨ ਤੇ ਦਰਸ਼ਕਾਂ ਨੂੰ ਉਸ ਦੇ ਚਰਿੱਤਰ ਨੂੰ ਕਾਰਜਰੂਪ ਵਿਚ ਵੇਖਣ ਦਾ ਅਵਸਰ ਹੀ ਨਹੀਂ ਮਿਲਦਾ। ਕਾਮੰਦਕੀ ਕਾਲੀਦਾਸ ਦੇ 'ਮਾਲਵਿਕਾਗਨਿਮਿਤ੍ਰ' ਦੀ ਪਰਿਵ੍ਰਾਜਿਕਾ ਦਾ ਪ੍ਰਤਿਰੂਪ ਹੈ; 'ਕਾਮਸੂਤ੍ਰ' ਵਿਚ ਵੀ ਦੂਤੀ ਦੇ ਰੂਪ ਵਿਚ ਭਿਕਸ਼ੁਣੀਆਂ ਦੇ ਨਿਯੁਕਤ ਕੀਤੇ ਜਾਣ ਦਾ ਵਰਣਨ ਹੈ। ਇਸ ਪ੍ਰੇਮ-ਪ੍ਰਧਾਨ-ਸੁਖਾਂਤ-ਨਾਟਕ ਦੀ ਇਹ ਵਾਸਤਵਿਕ ਸੂਤ੍ਰਧਾਰ ਹੋ ਸਕਦੀ ਸੀ। ਪਰ ਸੰਯੋਗਾਂ ਤੇ ਉਸ ਦੀ ਆਪਣੀ ਭਾਵੁਕਤਾ ਨੇ ਉਸ ਦੀ ਭੂਮਿਕਾ ਵਿਗਾੜ ਦਿੱਤੀ

10. ਦੇਖੋ : ਭਟ : ਉਤਰਰਾਮਚਰਿਤ' ਪ੍ਰਸਤਾਵਨਾ ਪੰ. ੧੩੫



ਹੈ। ਨਾਟਕ ਦੇ ਸਮਾਪਤ ਹੋਣ ਤੋਂ ਕੁਝ ਚਿਰ ਪਹਿਲਾਂ ਮਾਲਤੀ ਦੇ ਅਦ੍ਰਿਸ਼ ਹੋ ਜਾਣ ਕਾਰਣ ਕਾਮੰਦਕੀ ਦਾ ਫੁੱਟ-ਫੁੱਟ ਕੇ ਰੋਣਾ ਦੁਖ ਉਤੇ ਕਾਬੂ ਨਾ ਪਾ ਸਕਣਾ, ਉਸ ਦੇ ਭਿਕਸ਼ੁਣੀ ਹੋਣ ਨਾਲ ਮੇਲ ਨਹੀਂ ਖਾਂਦਾ ਤੇ ਨਾ ਹੀ ਉਸ ਦੀ ਪ੍ਰਸੰਨਚਿੱਤਤਾ ਤੇ ਸੂਝ-ਬੂਝ ਦੇ ਅਨੁਕੂਲ ਹੈ ਜਿਸ ਨੂੰ ਨਾਟਕਕਾਰ ਨੇ ਉਸਦੀ ਵਿਸ਼ੇਸ਼ਤਾ ਦੱਸਿਆ ਹੈ। 'ਉੱਤਰਰਾਮਚਰਿਤ' ਵੀ, ਜਿਸ ਵਿਚ ਪਹਿਲਾਂ ਦੱਸੇ ਅਨੁਸਾਰ ਇਨ੍ਹਾਂ ਵਿਚੋਂ ਕਈ ਦੋਸ਼ ਮ੍ਰਿਦੂ ਕਰ ਦਿੱਤੇ ਗਏ ਹਨ, ਭਵਭੂਤੀ ਦੇ ਲੇਖਨ ਦੀਆਂ ਅਤਿਰੇਕਤਾਵਾਂ ਤੋਂ ਪੂਰਣ ਰੂਪ ਮੁਕਤ ਨਹੀਂ ਹੈ। ਉਦਾਹਰਣ ਵਜੋਂ, ਰਾਮ ਦੀ ਮਨੋਭਾਵਨਾ ਸੱਚੀ ਹੈ ਜੋ ਹਿਰਦੇ ਦੀ ਡੂੰਘਾਈ ਤੋਂ ਉਪਜਦੀ ਹੈ, ਪਰ ਹੰਝੂਆਂ ਤੇ ਮੂਰਛਾਵਾਂ ਦੀ ਅਧਿਕਤਾ, ਦੁਖ ਦੇ ਸੱਪ ਤੇ ਦਿਲ ਦੇ ਟੁਟਣ ਦਾ ਬਾਰ-ਬਾਰ ਉਲੇਖ ਅਕਸਰ ਮਾਨਵ ਮਨ ਨੂੰ ਘੇਰਨ ਤੇ ਵਿਚਲਿਤ ਕਰਨ ਵਾਲੇ ਵਾਸਤਵਿਕ ਕਰੁਣ-ਰਸ ਦੀ ਅਪੇਖਿਆ ਇਕ ਪ੍ਰਵਿਧੀ, ਸਾਹਿਤਕ ਅਭਿਵਿਅਕਤੀ ਦਾ ਇਕ ਢੰਗ, ਬਣ ਜਾਂਦਾ ਹੈ। ਇਸ ਨਾਟਕ ਵਿਚ ਅਨੇਕ ਪਾਤਰ ਹਨ; ਪਰ ਰਾਮ, ਸੀਤਾ, ਵਾਸੰਤੀ, ਲਵ ਤੇ ਕੁਝ ਹਦ ਤਕ ਜਨਕ ਤੇ ਬੁਧਿਮਾਨ ਵਿਦਿਆਰਥੀ ਸੌਧਾਤਕੀ ਨੂੰ ਛੱਡ ਕੇ ਮੁਸ਼ਕਿਲ ਨਾਲ ਹੀ ਕਿਸੇ ਦਾ ਸਹੀ ਚਰਿਤ੍ਰ-ਚਿਤ੍ਰਣ ਕੀਤਾ ਗਿਆ ਹੈ। ਇਸ ਨਾਟਕ ਵਿਚ ਭਵਭੂਤੀ ਦੀ ਭਾਸ਼ਾ ਸ਼ਲਾਘਾਯੋਗ ਹੈ; ਚੌਥੇ ਅੰਕ ਦੀ ਤੇ ਉਸੇ ਤਰ੍ਹਾਂ ਗਰਭ-ਨਾਟਕ ਦੀ ਸੰਵਾਦ ਰਚਨਾ ਭਵਭੂਤੀ ਦੀ ਇਕ ਵੱਡੀ ਪ੍ਰਾਪਤੀ ਹੈ। ਅਲੰਕ੍ਰਿਤ ਗੱਦ ਤੇ ਪਦ ਪ੍ਰਤੀ ਭਵਭੂਤੀ ਦੀ ਰੁਚੀ ਅਕਸਰ ਹਸਤਾਖੇਪ ਕਰਦੀ ਹੈ। ਪਹਿਲੇ ਅੰਕ ਵਿਚ ਸੀਤਾ ਤੋਂ ਬੁਲਵਾਇਆ ਗਿਆ ਔਖਾ ਗੱਦ ਭਾਸ਼ਣ ਤੇ ਛੇਵੇਂ ਅੰਕ ਦੇ ਆਰੰਭ ਵਿਚ ਵਿਦਿਆਧਰ-ਦੰਪਤੀ ਦੀ ਆਲੰਕਾਰਿਕ ਭਾਸ਼ਾ ਨਾਟਯ-ਲੇਖਨ ਵਿਚ ਖਿਮਾਂ ਯੋਗ ਨਹੀਂ।

ਸਚ ਤਾਂ ਇਹ ਹੈ ਕਿ ਭਵਭੂਤੀ ਵਿਚ ਉਸ ਆਤਮਸੰਜਮ ਦੀ ਕਮੀ ਹੈ ਜਿਹੜਾ ਸਾਹਿਤਕ ਕਲਾ ਦਾ ਅਤਿ ਆਵਸ਼ੱਕ ਗੁਣ ਹੈ।[11] ਸੰਵਾਦ-ਲੇਖਨ, ਵਿਵਰਣ, ਵਰਣਨ ਤੇ ਭਾਵ-ਅਭਿਵਿਅੰਜਨਾ ਵਿਚ ਭਵਭੂਤੀ ਦਾ ਆਪਣੇ ਆਪ ਉਤੇ ਕਾਬੂ ਨਹੀਂ ਰਹਿੰਦਾ। ਉਹ ਆਪਣੇ ਲੇਖਨ ਤੋਂ ਆਪਣੇ ਆਪ ਨੂੰ ਵੱਖ ਨਹੀਂ ਕਰ ਸਕਦੇ ਜਦੋਂ ਕਿ ਨਾਟਯ-ਲੇਖਨ ਵਿਚ ਵਸਤੁਨਿਸ਼ਠਤਾ ਤੇ ਤਟਸਥਤਾ ਲੋੜੀਦੀ ਹੈ। ਭਵਭੂਤੀ ਆਪਣੀ ਰਚਨਾ ਵਿਚ ਪ੍ਰਵੇਸ਼ ਕਰ ਕੇ ਆਤਮਸ਼ਲਾਘਾ ਵਿਚ ਜੁਟ ਜਾਂਦੇ ਹਨ। ਇਸੇ ਨੂੰ ਭਵਭੂਤੀ ਦੀ ਹਉਮੈ ਕਿਹਾ ਜਾਂਦਾ ਹੈ। 'ਮਾਲਤੀਮਾਧਵ' ਵਿਚ ਉਹ ਉੱਤਮ ਨਾਟਕ ਦੇ ਗੁਣਾਂ ਦਾ ਉਲੇਖ ਕਰਦੇ ਹਨ ਭਾਵ ਇਹ ਕਿ ਇਹ ਸਭ ਗੁਣ ਉਨ੍ਹਾਂ ਦੀ ਰਚਨਾ ਵਿਚ ਉਪਲਬਧ ਹਨ।[12] ਉਹ ਆਪਣੀ ਵਸਤੂ ਯੋਜਨਾ ਦੀ ਪ੍ਰਸ਼ੰਸਾ ਕਰਦੇ ਹੋਏ ਕਹਿੰਦੇ ਹਨ ਕਿ ਉਨ੍ਹਾਂ ਦੇ ਨਾਟਕ ਵਾਕੁਰ ਉਜਲ ਤੇ ਅਦਭੁਤ ਰਚਨਾ ਹੋਰ ਕਿਤੇ ਘੱਟ ਹੀ ਮਿਲੇਗੀ।[13]

11. ਦੇਖੋ : ਭਟ : 'ਉਤਰਰਾਮਚਰਿਤ', ਪ੍ਰਸਤਾਵਨਾ।

12. ਤੁਲਨਾ भूम्ना रसानां गहनाः प्रयोगाः सौहार्दहृद्यानि विचेष्टितानि ।
औद्धत्यमायोजितकामसूत्रं चित्रा कथा वाचि विदग्धता च ॥ ਭਾ.ਭਾ ੧.੪

13. ਤੁਲਨਾ अहो सरसरमणीयता संविधानकस्य । ਭਾ.ਭਾ੬.੧੩
अस्ति वा कुतश्चिदेवंभूतमद्भुतं विचित्ररमणीयोज्ज्वलं प्रकरणम् । ,, ੧੦.੨੩

ਉਹ ਵਾਣੀ ਉਤੇ ਆਪਣੇ ਪੂਰਣ ਅਧਿਕਾਰ ਦਾ ਕਥਨ ਕਰਕੇ ਨਹੀਂ ਥਕਦੇ ।[14] 'ਉੱਤਰਰਾਮਚਰਿਤ' ਵਿਚ ਵੀ ਵਾਸੰਤੀ ਦਾ ਭਾਵੁਕ ਹੋ ਕੇ ਰੋ ਪੈਣਾ ਤੇ ਮੂਰਛਿਤ ਹੋ ਜਾਣਾ ਕਵੀ ਲਈ ਭਾਵ ਅਭਿਵਿੰਜਨਾ ਤੇ ਪਦ-ਰਚਨਾ-ਕੌਸ਼ਲ ਦੇ ਪ੍ਰਗਟਾਵੇ ਦਾ ਬਹਾਨਾ ਬਣ ਜਾਂਦਾ ਹੈ ।[15] ਤੇ ਤਮਾਸਾ ਦੀ ਇਹ ਟਿੱਪਣੀ—'ਆਹਾ ! ਕਿਹੋ ਜਿਹਾ ਘਟਨਾਕ੍ਰਮ ਹੈ !' ਤੇ ਅਗਲੇ ਪਦ ਵਿਚ ਇਹ ਕਥਨ ਕਿ ਕਰੁਣ-ਰਸ ਜੀਵਨ ਵਿਚ ਸੰਚਰਿਤ ਤੇ ਵਿਆਪਕ ਰਹਿੰਦਾ ਹੈ[16]—ਇਹ ਵਿਸ਼ੇਸ਼ ਸੰਦਰਭ ਨਾਲ ਉਤਨਾ ਹੀ ਸੰਬੰਧ ਰਖਦੇ ਹਨ ਜਿਤਨਾ ਇਹ ਪ੍ਰਗਟ ਕਰਦੇ ਹਨ ਕਿ ਭਵਭੂਤੀ ਕਿਵੇਂ ਆਪਣੀ ਰਚਨਾ ਵਿਚ ਪ੍ਰਵਿਸ਼ਟ ਹੋ ਜਾਂਦੇ ਹਨ । ਇਹ ਭਾਵ ਨਹੀਂ ਕਿ ਭਵਭੂਤੀ ਆਪਣੀ ਤੁਲਨਾ ਵਾਣੀ ਦੇ ਸੁਆਮੀ ਬ੍ਰਹਮਾ ਨਾਲ ਕਰਦੇ ਹਨ ਜਾਂ ਵਾਲਮੀਕਿ ਨਾਲ; ਕਿਉਂਕਿ 'ਉਤਰ-ਰਾਮਚਰਿਤ' ਦੀ ਪ੍ਰਸਤਾਵਨਾ ਦੇ ਇਕ ਪਦ ਦੇ ਦੋ ਅਰਥ ਹੋ ਸਕਦੇ ਹਨ[17]; ਤੇ ਕਿਉਂਕਿ ਗਰਭ ਨਾਟਕ, ਜਿਸ ਦੇ ਰਚਨਾਕਾਰ ਵਾਲਮੀਕਿ ਕਹੇ ਗਏ ਹਨ, ਵਾਸਤਵ ਵਿਚ ਭਵਭੂਤੀ ਦੀ ਰਚਨਾ ਹੈ । ਦੇਵਤਿਆਂ ਅੱਗੇ ਝੁਕਣ ਲਈ ਤੇ ਭਗਤੀਭਾਵ ਰਖਣ ਲਈ ਭਵਭੂਤੀ ਵਿਚ ਚੋਖੀ ਸ਼ਰਧਾ ਹੈ ਤੇ ਵਾਲਮੀਕਿ ਦੇ ਪ੍ਰਤੀ ਉਨ੍ਹਾਂ ਦਾ ਆਦਰ ਵੀ ਅਪ੍ਰਤਖ ਨਹੀਂ । ਇਸ ਲਈ ਭਵਭੂਤੀ ਦੇ ਸਵ੍ਹਾਭਿਮਾਨ ਨੂੰ ਪ੍ਰਗਟ ਕਰਨ ਲਈ ਇਨ੍ਹਾਂ ਸੰਕੇਤਾਂ ਦੀ ਪੁਣ-ਛਾਣ ਕਰਨ ਦੀ ਬਹੁਤੀ ਲੋੜ ਨਹੀਂ । ਫਿਰ ਵੀ ਇਸ ਵਿਚ ਕੋਈ ਸੰਦੇਹ ਨਹੀਂ ਕਿ ਭਵਭੂਤੀ ਇਤਨੇ ਵਿਅਕਤਿਨਿਸ਼ਠ ਤੇ ਅਭਿਮਾਨੀ ਹਨ ਕਿ ਆਪਣੇ ਆਪ ਨੂੰ ਆਪਣੇ ਲੇਖਨ ਤੋਂ ਵੱਖ ਨਹੀਂ ਰਖ ਸਕਦੇ । ਉਨ੍ਹਾਂ ਦੀ ਪੁਨਰੁਕਤੀ ਨੂੰ ਉਨ੍ਹਾਂ ਦੇ ਅਭਿਮਾਨ ਦਾ ਪ੍ਰਤਿਬਿੰਬ ਕਿਹਾ ਜਾ ਸਕਦਾ ਹੈ । ਜਦੋਂ ਲੇਖਕ ਆਪਣੇ ਪਹਿਲੇ ਨਾਟਕ ਵਿਚੋਂ ਪੂਰੇ-ਪੂਰੇ ਪਦ, ਪਦਾਂਸ਼, ਵਾਕ ਤੇ ਵਾਕਾਂਸ਼ਾਂ ਦਾ ਪੁਨਰਪ੍ਰਯੋਗ ਕਰਦਾ ਹੈ, ਤਾਂ ਉਸ ਦਾ ਇਹੀ ਅਰਥ ਨਿਕਲਦਾ ਹੈ ਕਿ ਉਹ ਆਪਣੇ ਲੇਖਨ ਨੂੰ ਪਿਆਰ

14. ਤੁਲਨਾ—

वश्यवाचः कवेर्वाक्यम् .... । 'ਮਹਾਵੀਰ ਚਰਿਤ' ੧.੪ ।
भवभूतिः... स्वकृतिम् एवंगुणभूयसीम् अस्माकं हस्ते समर्पितवान् ।

'ਮਾਲਤੀਮਾਧਵ' ਪ੍ਰਸਤਾਵਨਾ

15. ਤੁਲਨਾ— यं ब्रह्माणमियं देवी वाग्वश्येवानुवर्तते । 'ਉਤਰਰਾਮਚਰਿਤ' ੧.੨ ।'
स्थाने वाक्यनिवृत्तिर्मोहश्च । 'ਉਤਰਰਾਮਚਰਿਤ' ੩.੨੬ ।

16. ਤੁਲਨਾ अहो संविधानकम् ।
एको रसः करुण एव निमित्तभेदाद्
भिन्नः पृथक् पृथगिवाश्रयते विवर्तान् । 'ਉਤਰਰਾਮਚਰਿਤ' ੩.੪੭ ।

17. ਤੁਲਨਾ—ਉਪਰੋਕਤ ਟਿਪਣੀ ਕ੍ਰਮ ਅੰਕ ੧੪; 'ਉਤਰਰਾਮਚਰਿਤ', (੧.੨) ਵਿਚ 'ਬ੍ਰਹਮਾਣਮ' ਦਾ ਅਰਥ ਬ੍ਰਹਮਾ ਵੀ ਹੋ ਸਕਦਾ ਹੈ ਉਸੇ ਤਰ੍ਹਾਂ ਬ੍ਰਾਹਮਣ ਕਵੀ ਭਵਭੂਤੀ ਵੀ ।



ਕਰਦਾ ਹੈ ।[18]

ਪਰੰਪਰਾਵਾਦੀ ਆਲੋਚਕਾਂ ਨੇ ਵੀ ਇਹ ਅਨੁਭਵ ਕੀਤਾ ਹੈ ਕਿ ਹੇਠ ਲਿਖੇ ਔਗਣਾਂ ਕਾਰਣ ਭਵਭੂਤੀ ਦੀ ਨਾਟਯ-ਕਲਾ ਦਾ ਮੁਲ ਘਟ ਗਿਆ ਹੈ—(ਕ) ਭਾਵਨਾਤਮਕ ਤੇ ਕਾਵਿਆਤਮਕ ਅਤਿਰੇਕਤਾਵਾਂ ਤੇ ਮੰਚ ਉਤੇ ਕਾਰਜ ਦੀ ਘਾਟ, ਅਲੰਕ੍ਰਿਤ, ਬੋਝਲ ਤੇ ਸੰਯੁਕਤ ਵਾਕ-ਰਚਨਾ, ਜਿਸ ਵਿਚ ਸੋਹਲ ਇਸਤ੍ਰੀ ਪਾਤਰ ਵੀ ਕਠਿਨਾਈ ਨਾਲ ਕਠੋਰ ਸੰਵਾਕਾਂ ਦਾ ਉੱਚਾਰਣ ਕਰਦੇ ਹਨ (ਗ) ਪ੍ਰੇਮੀਆਂ ਦੁਆਰਾ ਆਤਮਘਾਤ ਕਰਨ ਦੇ ਦਾਅਵੇ ਤੇ ਮੂਰਛਾ ਜਿਹੀਆਂ ਯੁਕਤੀਆਂ ਦੀ ਮੁੜ-ਮੁੜ ਵਰਤੋਂ । ਇਸ ਆਲੋਚਨਾ ਦੀ ਸਚਾਈ ਉਸ ਵੇਲੇ ਵੀ ਸਾਹਮਣੇ ਆਉਂਦੀ ਹੈ ਜਦੋਂ ਅਸੀਂ ਭਵਭੂਤੀ ਦੇ ਨਾਟਕਾਂ ਦੀ ਤੁਲਨਾ ਭਾਸ, ਕਾਲੀਦਾਸ ਤੇ ਸ਼ੂਦ੍ਰਕ ਜਿਹੇ ਸੰਸਕ੍ਰਿਤ ਦੇ ਮਹਾਨ ਨਾਟਕਕਾਰਾਂ ਨਾਲ ਕਰਦੇ ਹਾਂ ।

ਪਰ ਭਵਭੂਤੀ ਦੇ ਲੇਖਨ ਵਿਚਲੀਆਂ ਕਈ ਗੱਲਾਂ ਤਾਂ ਸੰਸਕ੍ਰਿਤ ਨਾਟਕਾਂ ਦੇ ਆਮ ਲੱਛਣਾਂ ਨਾਲ ਮਿਲਦੀਆਂ ਹਨ । ਸਾਹਿਤਕ ਸਜਾਵਟ ਵਿਚ ਬਦਲ ਜਾਣ ਵਾਲੀ ਨਾਟਯ-ਸ਼ੈਲੀ; ਭਾਵੁਕਤਾ, ਤੁਲਨਾਤਮਕ ਰੂਪ ਵਿਚ ਵਿਸ਼ਾਲ ਕਥਾਪਟ, ਪਾਤਰਾਂ ਦੀ ਅਧਿਕ ਸੰਖਿਆ, ਕਾਰਜ ਦੀ ਥਾਂ ਭਾਵ-ਚਿਤ੍ਰਣ ਉਤੇ ਬਲ; ਅਜਿਹੀ ਨਾਟਕੀ ਯੋਜਨਾ ਜਿਹੜੀ ਸੰਘਰਸ਼ ਦੇ ਰੋਮਾਂਚ ਦੀ ਥਾਂ ਭਾਵਨਾਤਮਕ ਪ੍ਰਤਿਕ੍ਰਿਆ ਪੈਦਾ ਕਰਨ ਵਲ ਪ੍ਰਵ੍ਰਿਤ ਹੋਵੇ—ਇਹ ਗੱਲਾਂ ਸੰਸਕ੍ਰਿਤ ਦੇ ਵਧੇਰੇ ਨਾਟਕਾਂ ਵਿਚ ਆਮ ਪਾਈਆਂ ਜਾਂਦੀਆਂ ਹਨ; ਅੰਤਰ, ਸ਼੍ਰੇਣੀ ਵਿਚ ਨਹੀਂ, ਕੇਵਲ ਘੱਟ ਵੱਧ ਹੋਣ ਵਿਚ ਹੈ । ਇਸ ਲਈ ਭਵਭੂਤੀ ਦੀਆਂ ਅਤਿਰੇਕਤਾਵਾਂ ਦਾ ਸਪਸ਼ਟੀਕਰਣ ਹੋਣਾ ਜ਼ਰੂਰੀ ਹੈ । ਮੇਰਾ ਵਿਚਾਰ ਹੈ ਕਿ ਕੁਝ ਤਾਂ ਕਵੀ ਦੇ ਨਿੱਜੀ ਸੁਭਾਉ ਕਾਰਣ ਤੇ ਕੁਝ ਉਨ੍ਹਾਂ ਦੇ ਯੁਗ ਦੀਆਂ ਪਰਿਸਥਿਤੀਆਂ ਕਾਰਣ ਇਉਂ ਹੋਇਆ । ਸੁਭਾਉ ਤੋਂ ਅਤਿ-ਅੰਤ ਸੰਵੇਦਨਸ਼ੀਲ ਤੇ ਭਾਵੁਕ ਹੋਣ ਕਾਰਣ, ਉਨ੍ਹਾਂ ਦੇ ਸਾਹਿਤਕ ਕ੍ਰਿਆ-ਕਲਾਪ ਨੂੰ ਹੀਣੀ ਨਜ਼ਰ ਨਾਲ ਵੇਖਣ ਵਾਲੇ ਸਬੰਧੀਆਂ, ਪਰਿਚਿਤਾਂ ਤੇ ਜਨਮਭੂਮਵਾਸੀਆਂ ਦੇ ਵਿਰੋਧ ਤੋਂ ਭਵਭੂਤੀ ਨੇ ਮਾਨਸਿਕ ਤਨਾਉ ਦਾ ਅਨੁਭਵ ਕੀਤਾ ਹੋਵੇਗਾ, ਰਾਜਕੀ ਸੁਰਖਿਆ ਵਾਕੁਰ ਗੌਰਵਤਾ ਪ੍ਰਦਾਨ ਕਰਨ ਵਾਲੇ ਆਸਰੇ ਤੋਂ ਬਿਨਾਂ ਉਨ੍ਹਾਂ ਦਾ ਭੀਤਰੀ ਤਨਾਓ ਤੇ ਸੰਘਰਸ਼ ਵੱਧ ਗਿਆ ਹੋਵੇਗਾ । ਫਿਰ ਵੀ ਆਪਣੀ ਕਾਵਿ-ਸ਼ਕਤੀ ਵਿਚ ਉਨ੍ਹਾਂ ਦੇ ਆਤਮਵਿਸ਼ਵਾਸ ਨੇ ਉਨ੍ਹਾਂ ਨੂੰ ਵੈਦਿਕ ਪੰਡਿਤਾਈ ਤੇ ਪਰੋਹਿਤੀ ਦੀ ਕੁਲ ਪਰੰਪਰਾ ਦਾ ਹੌਂਸਲੇ ਨਾਲ ਵਿਰੋਧ ਕਰਨ ਦੀ ਸਮਰੱਥਾ ਦਿੱਤੀ । ਸਾਹਿਤ ਹੀ ਇਕ ਅਜਿਹਾ ਸੰਭਾਵਿਤ ਖੇਤਰ ਸੀ,ਜਿਥੇ ਉਹ ਆਪਣੇ ਵਿਚਾਰਾਂ ਦਾ ਖੁਲ੍ਹਾ ਪ੍ਰਗਟਾਵਾ ਕਰ ਸਕਦੇ ਸਨ ਤੇ ਆਪਣੇ ਵਧਦੇ ਤਨਾਓ ਨੂੰ ਢਿੱਲਾ ਕਰ ਸਕਦੇ ਸਨ । ਭਾਵਨਾਤਮਕ ਅਤੀਆਂ ਸੰਭਵਤਾ ਅਜਿਹੀ ਮਨੋਵਿਗਿਆਨਿਕ ਦਸ਼ਾ ਦਾ ਹੀ ਸਿੱਟਾ ਹਨ । ਦੂਜੇ ਪਾਸੇ, ਉਨ੍ਹਾਂ

18. ਟੋਡਰਮੱਲ ਨੇ 'ਦਿ ਮਹਾਵੀਰ-ਚਰਿਤ'; ਸੰ. ; ਵਿਚ ਭਵਭੂਤੀ ਦੇ ਸਾਰੇ ਨਾਟਕਾਂ ਵਿਚ ਉਪਲਬਧ ਪੁਨਰੁਕਤੀਆਂ ਦੀ ਇਕ ਵਿਸਤ੍ਰਿਤ ਸੂਚੀ ਤਿਆਰ ਕੀਤੀ ਹੈ; ਦੇਖੋ ਪ੍ਰਸਤਾਵਨਾ, ਪੰ. xi-xiiii

ਦੇ ਯੁਗ ਦੀਆਂ ਸਾਹਿਤਕ ਪਰੰਪਰਾਵਾਂ, ਕਲਪਨਾ ਤੇ ਭਾਵ ਦੇ ਸੁਧ ਸਮਤੋਲ ਵਾਲੀ ਪ੍ਰਵਾਹਮਈ, ਮਨੋਹਾਰੀ, ਪੂਰਵ ਯੁਗ ਦੀ ਸਾਹਿਤਕ ਅਭਿਵਿਅਕਤੀ ਦੀ ਤੁਲਨਾ ਵਿਚ ਬਹੁਤ ਪ੍ਰਬੁਧ, ਅਲੰਕਾਰਕ ਤੇ ਕਲਪਨਾਮਈ ਲੇਖਨ-ਸ਼ੈਲੀ ਵਲ ਸਪਸ਼ਟ ਰੂਪ ਵਿਚ ਝੁਕ ਗਈਆਂ ਸਨ। ਸੰਭਵ ਹੈ ਭਵਭੂਤੀ ਆਪਣੇ ਯੁਗ ਦੀਆਂ ਇਨ੍ਹਾਂ ਪ੍ਰਵ੍ਰਿਤੀਆਂ ਤੋਂ ਮੁਕਤ ਨਾ ਹੋ ਸਕੇ ਹੋਣ ਤੇ ਉਨ੍ਹਾਂ ਨੇ ਆਪਣੇ ਨਾਟਯ-ਲੇਖਨ ਵਿਚ ਇਨ੍ਹਾਂ ਦਾ ਅਨੁਸਰਣ ਕੀਤਾ। ਇਕ ਹੋਰ ਗੱਲ ਵੀ ਹੈ, ਜਿਸ ਦਾ ਸਬੰਧ ਮੰਚ ਦੀ ਪ੍ਰਵਿਧੀ ਨਾਲ ਹੈ। ਇਹ ਅਨੁਮਾਨ ਕਰਨਾ ਸੰਭਵ ਹੈ ਕਿ ਇਸ ਸਮੇਂ ਤਕ ਅਰਥਾਤ ਸੱਤਵੀਂ ਸਦੀ ਈਸਵੀ ਵਿਚ, ਮੰਚਨ ਤੇ ਪ੍ਰਸਤੁਤੀਕਰਣ ਦੀਆਂ ਪ੍ਰਵਿਧੀਆਂ ਮਾਨਤਾ ਪ੍ਰਾਪਤ ਮੰਚ ਯੁਕਤੀਆਂ ਤੇ ਪਰੰਪਰਾਵਾਂ ਦੇ ਰੂਪ ਵਿਚ ਪ੍ਰਤਿਸ਼ਠਿਤ ਹੋ ਗਈਆਂ ਹੋਣਗੀਆਂ। ਭਾਵਨਾਤਮਕ ਪ੍ਰਦਰਸ਼ਨਾਂ ਦੀ ਅਧਿਕਤਾ ਕਦਾਚਿਤ ਲੋਕਰੁਚੀ ਦਾ ਅੰਗੀਕਾਰ ਸੀ, ਇਕ ਪ੍ਰਕਾਰ ਦੀ ਸੰਤੁਸ਼ਟੀ, ਜਿਸ ਨੂੰ ਖੁਲ੍ਹੇ ਮੰਚ ਉਤੇ ਖੇਡੇ ਜਾਣ ਵਾਲੇ ਨਾਟਕਾਂ ਨੂੰ ਦੇਖਣ ਲਈ ਆਏ ਹੋਏ ਵਿਹਲ ਵਿਚ ਰੰਗ ਮਨਾਉਣ ਵਾਲੇ ਲੋਕ ਚਾਹੁੰਦੇ ਸਨ ਤੇ ਦੁਖਿਆਰੇ ਪਾਤਰਾਂ ਦਾ ਮੁੜ-ਮੁੜ ਅਚੇਤ ਹੋਣਾ ਕਦਾਚਿਤ ਕਰੁਣ-ਰਸ ਨੂੰ ਮੰਚ ਉਤੇ ਪ੍ਰਸਤੁਤ ਕਰਨ ਤੇ ਦਰਸ਼ਕਾਂ ਨੂੰ ਰੁਆ ਦੇਣ ਦਾ ਪਰੰਪਰਾਗਤ ਢੰਗ ਸੀ। ਇਸ ਗੱਲ ਨੂੰ ਧਿਆਨ ਵਿਚ ਰਖਦੇ ਹੋਏ, ਇਹ ਕਲਪਨਾ ਕਰਨੀ ਸੰਭਵ ਹੈ ਕਿ ਲਵ ਦੇ ਜ੍ਰਿੰਭਕ-ਸ਼ਸਤਰਾਂ ਦੇ ਪ੍ਰਯੋਗ ਤੇ ਚੰਦਰਕੇਤੁ ਦੀ ਸੇਨਾ ਉਤੇ ਉਸ ਦੇ ਪ੍ਰਭਾਵ ਦਾ ਮੰਚ ਉਤੇ ਕਿਵੇਂ ਪ੍ਰਦਰਸ਼ਨ ਕੀਤਾ ਗਿਆ ਹੋਵੇਗਾ—ਨਰਤਕਾਂ ਦਾ ਇਕ ਦਲ ਜ੍ਰਿੰਭਕ-ਸ਼ਸਤਰਾਂ ਦਾ ਪ੍ਰਤੀਕ ਬਣਿਆ ਹੋਵੇਗਾ ਤੇ ਦੂਜਾ ਸੇਨਾ ਦਾ। ਸ਼ਸਤਰਾਂ ਦੀ ਮਾਰ ਤੇ ਸਿੱਟੇ ਵਜੋਂ ਸੁੱਤੀ ਸੇਨਾ ਨੂੰ ਮੂਕ ਨ੍ਰਿਤ-ਨਾਟ ਰਾਹੀਂ ਪ੍ਰਦਰਸ਼ਿਤ ਕੀਤਾ ਗਿਆ ਹੋਵੇਗਾ। ਮੰਚ ਨੂੰ ਨਿਯੰਤ੍ਰਿਤ ਕਰਨ ਵਾਲੀਆਂ ਇਸ ਪ੍ਰਕਾਰ ਦੀਆਂ ਵਿਧੀਆਂ ਤੇ ਪਰੰਪਰਾਵਾਂ ਦੀ ਪਿੱਠਭੂਮੀ ਵਿਚ ਇਹ ਅਨੁਮਾਨ ਕੀਤਾ ਜਾ ਸਕਦਾ ਹੈ ਕਿ ਨਾਟਕ-ਕਾਰ ਉਸੇ ਅਨੁਸਾਰ ਆਪਣੀਆਂ ਪਾਂਡੁਲਿਪੀਆਂ ਤਿਆਰ ਕਰਨ ਲਗ ਪਏ ਹੋਣਗੇ ਤੇ ਨਾਲ ਹੀ ਅਭਿਨੈ ਤੇ ਪ੍ਰਦਰਸ਼ਨ ਦੇ ਨਿਰਦੇਸ਼ਾਂ ਦਾ ਵੀ ਸਮਾਵੇਸ਼ ਕਰਨ ਲਗੇ ਹੋਣਗੇ। ਆਧੁਨਿਕ ਦਰਸ਼ਕਾਂ ਦੀ ਪ੍ਰਤਿਕ੍ਰਿਆ ਦੇ ਆਧਾਰ ਉਤੇ ਸੰਸਕ੍ਰਿਤ ਨਾਟਕਾਂ ਦਾ ਮੁੱਲਾਂਕਣ ਕਰਨਾ ਇਕ ਵੱਡੀ ਭੁੱਲ ਹੋਵੇਗੀ। ਸੰਸਕ੍ਰਿਤ ਨਾਟਕਾਂ ਦਾ ਨ੍ਰਿਤ-ਆਯੋਜਨ ਵਾਸਤਵ ਵਿਚ ਦੂਸ਼ਿਤ ਲੇਖਨ ਤੇ ਅਣਵਾਸਤਵਿਕ ਮੰਚ ਦੇ ਕਾਰਣ ਨਹੀਂ ਹੈ। ਇਹ ਤਤਕਾਲੀ ਮਾਨਤਾ ਪ੍ਰਾਪਤ ਮੁੱਲਾਂ ਤੇ ਪਰੰਪਰਾਵਾਂ ਰਾਹੀਂ ਨਿਸ਼ਚਿਤ ਕੀਤਾ ਜਾਂਦਾ ਹੈ ਤੇ ਇਸ ਨਾਲ, ਮੈਂ ਆਸ ਕਰਦਾ ਹਾਂ, ਸੰਸਕ੍ਰਿਤ ਨਾਟਕਾਂ ਨੂੰ ਆਮ ਕਰਕੇ ਤੇ ਭਵਭੂਤੀ ਦੇ ਨਾਟਕਾਂ ਨੂੰ ਖਾਸ ਕਰਕੇ, ਸਮਝਣ ਤੇ ਪਰਖਣ ਦਾ ਸਹੀ ਢੰਗ ਲਭੇਗਾ।[19]

---

19. ਵਿਸਤਾਰ ਹਿਤ ਦੇਖੋ : ਭਟ : 'ਉਤਰਰਾਮਚਰਿਤ', ਪ੍ਰਸਤਾਵਨਾ, ਪੰ. ੧੪੦-੧੪੨ ਤੇ ਦੇਖੋ : ਭਟ : 'ਸੰਸਕ੍ਰਿਤ ਡ੍ਰਾਮਾ', ਕਰਨਾਟਕ ਵਿਸ਼ਵ ਵਿਦਿਆਲਯ, ਧਾਰਵਾੜ; ੧੯੭੪, ਪੰ ੬੩-੬੫। ਤੇ ਭਟ : 'ਭਰਤ-ਨਾਟਯ-ਮੰਜਰੀ'; ਭੰਡਾਰਕਰ ਓਰਿਏਂਟਲ ਰਿਸਰਚ ਇੰਸਟੀਚਯੂਟ, ਪੂਣੇ, ੧੯੭੫; ਪੰ. xcii-cviii



## ਭਵਭੂਤੀ ਦੀ ਕਵਿਤਾ

ਭਵਭੂਤੀ ਦੇ ਲੇਖਨ ਦੇ ਸਪਸ਼ਟ ਦੋਸ਼ ਕਵੀ ਦੇ ਰੂਪ ਵਿਚ ਉਨ੍ਹਾਂ ਦੀ ਉਸ ਪ੍ਰਤਿਭਾ ਨੂੰ ਧੁੰਧਲਾ ਨਹੀਂ ਸਕਦੇ, ਜਿਹੜੀ ਕੁਝ ਗੱਲਾਂ ਵਿਚ ਅਸਾਧਾਰਣ ਹੈ।

ਜੇ ਉਹ ਅਭਿਵਿਅਕਤੀ ਉਤੇ ਆਪਣੇ ਅਧਿਕਾਰ ਦੀ ਚਰਚਾ ਕਰਦੇ ਹਨ, ਤਾਂ ਇਹ ਅਨੁਚਿਤ ਨਹੀਂ ਹੈ। ਭਵਭੂਤੀ ਇਕ ਪ੍ਰਭਾਵਕ ਸ਼ਬਦਾਵਲੀ ਦਾ ਪ੍ਰਯੋਗ ਕਰਦੇ ਹਨ; ਭਾਵੇਂ ਉਹ ਅਕਸਰ ਅਪ੍ਰਚਲਿਤ ਸ਼ਬਦ ਜਾਂ ਵਾਕਾਂਸ਼ ਵਲ ਰੁਚੀ ਦਰਸਾਉਂਦੇ ਹਨ। ਉਨ੍ਹਾਂ ਦੀ ਭਾਸ਼ਾ ਆਮ ਕਰਕੇ ਬੋਝਲ ਤੇ ਅਲੰਕ੍ਰਿਤ ਹੈ, ਫਿਰ ਵੀ ਉਸ ਦੀ ਸਮ੍ਰਿਧੀ ਤੇ ਭਵ ਦੀ ਪ੍ਰਸ਼ੰਸਾ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ। ਇਸ ਪਿੱਠਭੂਮੀ ਉਤੇ (ਉੱਤਰਰਾਮਚਰਿਤ ਵਿਚ) ਵਾਲਮੀਕਿ ਆਸ਼ਰਮ ਵਿਚ ਲਵ, ਵਿਦਿਆਰਥੀਆਂ ਤੇ ਅਤਿਥੀਆਂ ਦੇ ਸੰਵਾਦ ਤੇ ਗਰਭ ਨਾਟਕ ਦੇ ਸੰਵਾਦਾਂ ਦੀ ਭਾਸ਼ਾ ਦਾ ਸਹਿਜ ਪ੍ਰਵਾਹ ਤੇ ਅਤਿ ਸਰਲਤਾ ਵੀ ਉਲੇਖਨੀ ਹੈ। ਇਸ ਦਾ ਭਾਵ ਇਹ ਹੈ ਕਿ ਗੌਡੀ ਰੀਤੀ ਦੇ ਜਿਸ ਕਵੀ ਨੂੰ ਸਮਾਸਯੁਕਤ ਤੇ ਅਲੰਕ੍ਰਿਤ ਭਾਸ਼ਾ ਦਾ ਪ੍ਰਯੋਗ ਕਰਨ ਤੇ ਆਮ ਕਰਕੇ ਪਾਂਡਿੱਤਪੂਰਣ ਰਚਨਾ ਦੀ ਆਦਤ ਹੈ, ਉਹ ਪ੍ਰਭਾਵਸ਼ਾਲੀ ਸਰਲਤਾ ਨਾਲ ਵੀ ਲਿਖ ਸਕਦਾ ਹੈ ਤੇ ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਕਵੀ ਦਾ ਭਾਸ਼ਾ ਉਤੇ ਪੂਰਾ ਅਧਿਕਾਰ ਹੈ ਤੇ ਉਹ ਉਸ ਨੂੰ ਆਪਣੀ ਲੋੜ ਅਨੁਸਾਰ ਢਾਲ ਕੇ ਵਰਤ ਸਕਦਾ ਹੈ। ਜਦੋਂ ਭਵਭੂਤੀ ਬੋਝਲ ਭਾਸ਼ਾ ਦਾ ਉਪਯੋਗ ਕਰ ਰਹੇ ਹੁੰਦੇ ਹਨ, ਤਾਂ ਵੀ ਵਿਸ਼ੇਸ਼ ਪ੍ਰਭਾਵ ਪੈਦਾ ਕਰਨ ਵਾਲੀ ਉਨ੍ਹਾਂ ਦੀ ਯੋਗਤਾ ਉਲੇਖਨੀ ਹੁੰਦੀ ਹੈ। ਉਹ ਨਦੀ ਕਿਨਾਰੇ ਰੁਖਾਂ ਉਤੇ ਬੈਠੇ ਥਕੇ ਕਬੂਤਰਾਂ ਦੀ ਮਿੱਠੀ-ਮਿੱਠੀ ਗੁਟਰ ਗੂੰ[20] ਨੂੰ ਜਾਂ ਧਨੁਸ਼ ਦੀ ਡੋਰੀ ਦੀ ਟੁਣਕਾਰ[21] ਤੇ ਉਸ ਦੇ ਘੁੰਘਰੂਆਂ ਦੀ ਝਣਕਾਰ ਨੂੰ ਸ਼ਬਦਾਂ ਵਿਚ ਬੰਨ੍ਹ ਸਕਦੇ ਹਨ। ਇਸ ਪ੍ਰਕਾਰ ਦੇ ਨਾਦ ਅਨੁਕਰਣਾਤਮਕ ਸ਼ਬਦ-ਪ੍ਰਭਾਵਾਂ ਤੋਂ ਛੁੱਟ ਭਵਭੂਤੀ ਦੀ ਕਾਰੀਗਰੀ ਉਸ ਸਮੇਂ ਵੀ ਦ੍ਰਿਸ਼ਟਿਗੋਚਰ ਹੁੰਦੀ ਹੈ, ਜਦੋਂ ਉਹ ਨਾ ਕੇਵਲ ਸ਼ਬਦ ਸਗੋਂ ਵਿਸ਼ੇਸ਼ ਅਨੁਭੂਤੀ ਜਾਂ ਭਾਵ ਨੂੰ ਅਭਿਵਿਅਕਤ ਕਰਨ ਹਿੱਤ ਸ਼ਬਦ ਤੇ ਧੁਨੀ ਨੂੰ ਇਕ-ਰੂਪ ਕਰ ਦਿੰਦੇ ਹਨ। ਉਦਾਹਰਣ ਵਜੋਂ, ਦ੍ਵੰਦ ਯੁਧ ਲਈ ਚੰਦਰਕੇਤੁ ਦੇ ਸਾਹਮਣੇ ਖੜਾ ਹੋ ਕੇ ਲਵ ਅਨੁਰਾਗ ਤੇ ਵੈਰ ਦੇ ਸੰਘਰਸ਼ ਨੂੰ ਵਿਅਕਤ ਕਰਦਾ ਹੈ। ਇਸ ਨੂੰ ਵਰਣਨ ਕਰਨ ਵਾਲੇ ਪਦ[22] ਦੀ ਰਚਨਾ ਇਸ ਪ੍ਰਕਾਰ ਕੀਤੀ ਗਈ ਹੈ ਕਿ ਪੂਰਵਾਰਧ ਵਿਚ ਕੋਮਲ ਵਿਅੰਜਨਾਂ ਤੇ ਅਨੁਪ੍ਰਾਸ ਰਾਹੀਂ ਪਿਆਰ ਤੇ ਆਨੰਦ ਦਾ ਭਾਵ ਵਿਅਕਤ ਹੁੰਦਾ ਹੈ; ਤੇ ਉੱਤਰਾਰਧ ਵਿਚ

---

20. कूजत्क्लान्तकपोतकुक्कुटकुलाः कूले कुलायद्रुमाः । — ਉਤਰਰਾਮਚਰਿਤ ੨.੯ ਘ।

21. रणत्करणझणझणत्क्वणितकिङ्किणीकं धनुः । ध्वनद्गुरुगुणाटनीकृतकरालकोलाहलम् ॥ — ਉਤਰਰਾਮਚਰਿਤ ੬.੧ ਕਧ।

22. 'ਉਤਰਰਾਮਚਰਿਤ', ਪ.੨੬।

ਕਠੋਰ ਵਿਅੰਜਨਾਂ ਤੇ ਸੰਯੁਕਤ ਅੱਖਰਾਂ ਰਾਹੀਂ ਯੋਧਾਭਾਵ ਵਿਅਕਤ ਹੁੰਦਾ ਹੈ। ਭਵਭੂਤੀ ਦੇ ਪਹਿਲੇ ਨਾਟਕ ਵਿਚ ਇਸੇ ਤਰ੍ਹਾਂ ਦੇ ਇਕ ਪਦ ਵਿਚ ਰਾਮ ਦੇ ਮਨ ਵਿਚ ਵੀਰਤਾ ਦੀ ਭਾਵਨਾ, ਜਦੋਂ ਉਹ ਪਰਸ਼ੁਰਾਮ ਦੀ ਵੰਗਾਰ ਦੇ ਸਨਮੁਖ ਹਨ ਤੇ ਅਨੁਰਾਗ ਦੀ ਪ੍ਰਬਲ ਭਾਵਨਾਂ, ਜਦੋਂ ਉਹ ਸੀਤਾ ਦੇ ਨਿਕਟ ਹਨ, ਅਭਿਵਿਅੰਜਿਤ ਹੁੰਦੀ ਹੈ।[23]

ਕਾਵਿ-ਕੌਸ਼ਲ ਤੇ ਭਾਸ਼ਾ ਉਤੇ ਲੇਖਕ ਦੇ ਅਧਿਕਾਰ ਦਾ ਦੂਜਾ ਪ੍ਰਮਾਣ ਹੈ ਵਿਵਿਧ ਛੰਦਾਂ ਦਾ ਕੁਸ਼ਲਤਾ ਨਾਲ ਪ੍ਰਯੋਗ। ਆਪਣੇ ਪਹਿਲੇ ਨਾਟਕ ਤੋਂ ਲੈ ਕੇ ਅੰਤਿਮ ਨਾਟਕ ਤਕ ਭਵਭੂਤੀ ਵਿਭਿੰਨ ਛੰਦਾਂ ਨੂੰ ਇਕਸਮ ਸਹਿਜ ਨਾਲ ਵਰਤਦੇ ਹਨ। ਇਹ ਘੱਟੋ-ਘੱਟ ਇਕ ਉਦਾਹਰਣ ਹੈ, ਜਿਥੇ ਅਸਾਧਾਰਣ ਲੰਮੀ ਛੰਦ-ਰਚਨਾ ਤੇ ਭਵਭੂਤੀ ਦੀ ਗੌੜੀ ਰੀਤੀ ਨੇ ਮਿਲ ਕੇ ਅਜਿਹਾ ਪ੍ਰਭਾਵ ਪੈਦਾ ਕੀਤਾ ਹੈ, ਜਿਹੜਾ ਵਰਣਿਤ ਤਾਂਡਵ ਨ੍ਰਿਤ ਦੀ ਧੁਨੀ ਤੇ ਰੌਦ੍ਰਤਾ ਨਾਲ ਇਕ-ਮਿਕ ਹੋ ਜਾਂਦਾ ਹੈ। ਛੰਦਾਂ ਉਤੇ ਭਵਭੂਤੀ ਦਾ ਅਧਿਕਾਰ 'ਉੱਤਰਰਾਮਚਰਿਤ' ਵਿਚ ਵਿਸ਼ੇਸ਼ ਕਰਕੇ ਦ੍ਰਿਸ਼ਟਿਗੋਚਰ ਹੈ, ਜਿਥੇ ਵਿਸ਼ੇਸ਼ ਭਾਵ ਨੂੰ ਪ੍ਰਗਟ ਕਰਨ ਲਈ ਵਿਸ਼ੇਸ਼ ਛੰਦ ਦੀ ਉਚਿਤ ਚੋਣ ਕੀਤੀ ਗਈ ਹੈ।[25] ਹਰਿਣੀ ਤੇ ਖਾਸ ਕਰਕੇ ਸ਼ਿਖਰਿਣੀ ਦਾ ਪ੍ਰਯੋਗ (ਜਿਸ ਵਿਚ ਇਸ ਨਾਟਕ ਦੇ ਲਗਭਗ ੩੦ ਪਦ ਰਚੇ ਗਏ ਹਨ) ਛੰਦ ਦੀ ਵਿਧਿਵਤ ਰਚਨਾ ਦੇ ਤੇ ਵਿਸ਼ੇਸ਼ ਭਾਵ ਨੂੰ ਪ੍ਰਗਟ ਕਰਨ ਦੀ ਉਸ ਦੀ ਲੈ-ਸ਼ਕਤੀ ਦੇ ਸੂਖਮ ਗਿਆਨ ਨੂੰ ਦਰਸਾਂਦਾ ਹੈ। ਸ਼ਿਖਰਿਣੀ ਵਿਚ ਸੁਭਾਵਿਕ ਤੇ ਮੰਦਗਤੀ ਹੁੰਦੀ ਹੈ, ਜੇ ਇਸ ਦਾ ਪ੍ਰਯੋਗ ਸਾਵਧਾਨੀ ਨਾਲ ਕੀਤਾ ਜਾਵੇ ਤਾਂ ਇਹ ਮਿੱਠੀ ਪ੍ਰੀਤ ਤੇ ਹਿਰਦੇ ਸਪਰਸ਼ੀ ਕਰੁਣਾ ਜਿਹੀਆਂ ਡੂੰਘੀਆਂ ਪ੍ਰਭਾਵਸ਼ਾਲੀ ਭਾਵਨਾਵਾਂ ਨੂੰ ਅਭਿ-ਵਿਅਕਤ ਕਰ ਸਕਦੀ ਹੈ। ਭਵਭੂਤੀ ਨੇ ਇਹ ਕੰਮ ਇਤਨੇ ਪ੍ਰਭਾਵ-ਉਤਪਾਦਕ ਢੰਗ ਨਾਲ ਕੀਤਾ ਹੈ ਕਿ ਇਸ ਲਈ ਇਕ ਉੱਤਰਕਾਲੀ ਅਲੰਕਾਰ-ਸ਼ਾਸਤਰੀ ਨੇ ਦਿਲ ਖੋਲ੍ਹ ਕੇ ਉਨ੍ਹਾਂ ਦੀ ਪ੍ਰਸ਼ੰਸਾ ਕੀਤੀ ਹੈ।[26]

ਪਰ ਇਹ ਭਵਭੂਤੀ ਦੀ ਕਵਿਤਾ ਦਾ ਬਾਹਰੀ ਪੱਖ ਹੈ। ਉਨ੍ਹਾਂ ਵਿਚ ਸੱਚੇ ਕਵੀ

---

23. 'ਮਹਾਵੀਰਚਰਿਤ', ੨.੨੨। ਤੇ ਤੁਲਨਾ : 'ਮਹਾਵੀਰਚਰਿਤ' ੨.੩੩; ਜਿਥੇ ਪਹਿਲੀਆਂ ਤਿੰਨ ਸਤਰਾਂ ਵੀਰਤਾ ਦੀ ਭਾਵਨਾ ਨੂੰ ਅਭਿਵਿਅੰਜਿਤ ਕਰਦੀਆਂ ਹਨ ਤੇ ਚੋਥੀ ਸਤਰ, ਕੋਮਲ ਵਿਅੰਜਨਾਂ ਰਾਹੀਂ ਭਗਤੀ ਦੀ ਭਾਵਨਾ ਨੂੰ।
24. 'ਮਹਾਵੀਰਚਰਿਤ ੫.੨੩।
25. ਇਹ ਗਲ 'ਮਹਾਵੀਰਚਰਿਤ' ਵਿਚ ਵੀ ਮਿਲਦੀ ਹੈ। ਤੁਲਨਾ—੩.੪੩, ੩.੪੮ ਇਤਿਆਦਿ ਜਿਥੇ ਵੱਡੇ ਸਮਾਸਾਂ ਤੇ ਲੰਬੇ ਛੰਦਾਂ ਦਾ ਪ੍ਰਯੋਗ ਰੋਸ ਤੇ ਵੀਰਤਾ ਨੂੰ ਅਭਿਵਿਅੰਜਿਤ ਕਰਨ ਲਈ ਕੀਤਾ ਗਿਆ ਹੈ।
26. ਖੇਮੇਂਦ੍ਰ ਆਪਣੇ 'ਸੁਵ੍ਰਿਤਤਿਲਕ' (੩.੩੩) ਵਿਚ ਕਹਿੰਦੇ ਹਨ—

भवभूतेः शिखरिणी निरर्गलतरङ्गिणी । रुचिरा घनसंदर्भे या मयूरीव नृत्यति ॥



ਯੋਗ ਉਤਨੀ ਹੀ ਮਾਤ੍ਰਾ ਵਿਚ ਕਲਪਨਾ ਤੇ ਨਿਰੀਖਣ ਸ਼ਕਤੀ ਹੈ, ਜਿਤਨੀ ਕਾਲੀਦਾਸ ਵਿਚ ਸੀ। ਭਵਭੂਤੀ ਦੇ ਸ਼ਬਦ-ਚਿਤਰ ਇਤਨੇ ਸ਼ੁਧ ਤੇ ਵਾਸਤਵਿਕ ਵਿਵਰਣ ਨਿਬੱਧ ਕਰਦੇ ਹਨ ਕਿ ਉਹ ਚਿਤ੍ਰਕਾਰ ਲਈ ਪ੍ਰਤਿਮਾਨ ਬਣ ਸਕਦੇ ਹਨ। ਇਸ ਸੰਦਰਭ ਵਿਚ ਉਲੇਖਨੀ ਹੈ, ਰਾਮ ਦੁਆਰਾ ਪ੍ਰਸਤੁਤ ਪਰਸ਼ੁਰਾਮ ਦਾ ਚਿਤਰ[27]; ਕਸ਼ਤ੍ਰੀ ਵਿਦਿਆਰਥੀ ਦੇ ਰੂਪ ਵਿਚ ਲਵ ਦਾ ਚਿਤਰ[28] ਜਾਂ ਸੁੰਦਰ ਬਾਲੜੀ ਦੇ ਰੂਪ ਵਿਚ ਸੀਤਾ ਦਾ ਚਿਤਰ;[29] ਪਰ ਅਧਿਕ ਆਕਰਸ਼ਕ ਤੇ ਸਜੀਵ ਵਿਵਰਣਾਂ ਨਾਲ ਯੁਕਤ ਹੈ, ਆਪਣੇ ਪਾਲਤੂ ਮੋਰ ਨੂੰ ਨੱਚਣਾ ਸਿਖਾਉਂਦੀ, ਸੀਤਾ ਦਾ ਸ਼ਬਦ ਚਿਤਰ—ਆਪਣੇ ਭਰਵਟਿਆਂ ਨੂੰ ਨਚਾਉਂਦੀ ਹੋਈ, ਚੱਕਰ ਕੱਢਕੇ ਮੋਰ ਨਾਲ ਆਪਣੀਆਂ ਅੱਖਾਂ ਨੂੰ ਵੀ ਚੁਫੇਰੇ ਗੋਲ-ਗੋਲ ਘੁਮਾਉਂਦੀ ਹੋਈ ਤੇ ਗਿੱਧਾ ਪਾ ਕੇ ਨ੍ਰਿਤ ਲਈ ਤਾਲ ਦਿੰਦੀ ਹੋਈ।[30]

ਭਵਭੂਤੀ ਦਾ ਪ੍ਰਕ੍ਰਿਤੀ ਵਰਣਨ ਇਹ ਪ੍ਰਗਟ ਕਰਦਾ ਹੈ ਕਿ ਪ੍ਰਕ੍ਰਿਤੀ ਦਾ ਇਕੋ ਪੁਤਰ ਕਾਲੀਦਾਸ ਨਹੀਂ ਹੈ; ਸਗੋਂ ਦੂਜਾ ਵੀ ਹੈ, ਭਵਭੂਤੀ। ਪਰ ਦੋਹਾਂ ਵਿਚ ਇਕ ਅੰਤਰ ਹੈ। ਕਾਲੀਦਾਸ ਪ੍ਰਕ੍ਰਿਤੀ ਦੇ ਕੋਮਲ ਤੇ ਮਧੁਰ ਰੂਪਾਂ ਦਾ ਵਰਣਨ ਕਰਨ ਵਿਚ ਅਧਿਕ ਰੁਚੀ ਦਰਸਾਂਦੇ ਹਨ—ਨਰਮ ਵੇਲਾਂ ਤੇ ਫੁੱਲ; ਕੋਮਲ ਪੱਤੇ ਤੇ ਕਮਲ ਨਾਲ; ਵਗਦੀਆਂ ਨਦੀਆਂ ਤੇ ਸ਼ਾਂਤ ਸਰੋਵਰ; ਛਾਇਆਦਾਰ ਰੁੱਖਾਂ ਦੇ ਝੁਰਮਟ ਤੇ ਠੰਡੀ ਹਵਾ; ਸੁਹਣਾ ਚੰਦ ਤੇ ਚੰਦਨ ਦੀ ਠੰਡੀ ਸੁਗੰਧ। ਇਹ ਬਿੰਬ ਭਵਭੂਤੀ ਦੇ ਪ੍ਰੇਮ-ਕਾਵਿ ਵਿਚ ਮਿਲਦੇ ਤਾਂ ਜ਼ਰੂਰ ਹਨ; ਪਰ ਪ੍ਰਕ੍ਰਿਤੀ ਦੇ ਭੜਕੀਲੇ, ਡਰਾਉਣੇ ਤੇ ਗੂਹਜਮਈ ਰੂਪਾਂ ਦਾ ਚਿਤ੍ਰਣ ਕਰਨ ਵਲ ਉਨ੍ਹਾਂ ਦੀ ਰੁਚੀ ਵਧੇਰੇ ਹੈ। ਜੇ ਕਾਲੀਦਾਸ ਦੇ ਕਾਵਿ ਵਿਚ ਪ੍ਰਕ੍ਰਿਤੀ ਸ਼ਾਂਤ ਆਨੰਦ ਦੀ ਕਲਪਣਾ ਤਰੰਗ ਵਿਚ ਲੀਨ ਹੈ ਤਾਂ ਭਵਭੂਤੀ ਦੇ ਕਾਵਿ ਵਿਚ ਉਹ ਚੇਤਨਾ ਤੇ ਭਾਵਨਾ ਨਾਲ ਭਰੀ ਹੋਈ ਨਾਦ ਤੇ ਉਦਵੇਗ ਨਾਲ ਗਰਜਦੀ ਹੈ। ਉਹ ਪ੍ਰਕ੍ਰਿਤੀ ਦੇ ਅਜਿਹੇ ਚਿੱਤਰ ਪ੍ਰਸਤੁਤ ਕਰਦੇ ਹਨ, ਜਿਨ੍ਹਾਂ ਵਿਚ ਠਾਠ-ਬਾਠ ਤੇ ਅਕਸਰ ਰੋਮਾਂਚਕ ਤੇ ਵਿਸਮਾਦਕਾਰੀ ਸੁੰਦਰਤਾ ਰਹਿੰਦੀ ਹੈ—ਜਿਵੇਂ 'ਉੱਤਰਰਾਮਚਰਿਤ' ਦੇ ਦੂਜੇ ਤੇ ਤੀਜੇ ਅੰਕਾਂ ਵਿਚ ਪੰਚਵਟੀ ਤੇ ਦੰਡਕ ਵਣ ਦਾ ਵਰਣਨ ਜਾਂ 'ਮਾਲਤੀਮਾਧਵ' ਦੇ ਪੰਜਵੇਂ ਅੰਕ ਵਿਚ ਸ਼ਮਸ਼ਾਨ ਭੂਮੀ ਦਾ ਵਰਣਨ। ਬੀਭਤਸ-ਰਸ ਦੇ—ਜਿਸ ਨੂੰ ਅਲੰਕਾਰ-ਸ਼ਾਸਤ੍ਰੀਆਂ ਨੇ ਤਾਂ ਰਸਾਂ ਦੀ ਗਿਣਤੀ ਵਿਚ ਰਖਿਆ ਹੈ, ਪਰ ਕਵੀਆਂ ਨੇ ਜਿਸ ਤੋਂ ਅਕਸਰ ਸੰਕੋਚ ਕੀਤਾ ਹੈ—ਵਰਣਨ ਵਿਚ ਵੀ ਭਵਭੂਤੀ, ਕਦਾਚਿਤ ਅਦੁਤੀ ਹਨ। ਉਹ ਤਾੜਕਾ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ ਉਸ ਨੇ ਅੰਤੜੀਆਂ ਵਿਚ ਪਰੋਈ ਕਪਾਲ-ਮਾਲਾ ਗਲ ਵਿਚ ਤੇ ਹੱਡੀਆਂ ਦੇ ਬਣੇ ਕੰਗਣ ਬਾਹਾਂ ਵਿਚ ਪਾਏ ਹੋਏ ਸਨ।

---

27. 'ਮਹਾਵੀਰਚਰਿਤ', ੨.੨੬।
28. 'ਉਤਰਰਾਮਚਰਿਤ', ੪.੨੬
29. ਉਥੇ ਹੀ ੪.੪।
30. 'ਉਥੇ ਹੀ ੩.੧੯।

ਤਾਟਕਾ ਦੇ ਸਰੀਰ ਦੀ ਹਿਲਜੁਲ ਨਾਲ ਉਹ ਆਪਸ ਵਿਚ ਖਹਿ ਕੇ ਡਰਾਉਣੀ ਖੜ-ਖੜ ਪੈਦਾ ਕਰ ਰਹੇ ਸਨ, ਪੀ ਕੇ, ਉਲਟੀ ਕੀਤੇ ਗਾਹੜੇ-ਚਿੱਕ ਲਹੂ ਨਾਲ ਉਸਦੀਆਂ ਲਟਕਦੀਆਂ ਭਾਰੀਆਂ ਛਾਤੀਆਂ ਲਿਬੜੀਆਂ ਹੋਈਆਂ ਸਨ ।[31] ਇਸੇ ਪ੍ਰਕਾਰ ਦਾ ਵਰਣਨ ਉਸ ਪ੍ਰੇਤ ਦਾ ਹੈ, ਜਿਹੜਾ ਸ਼ਮਸ਼ਾਨ-ਭੂਮੀ ਵਿਚ ਲਾਸ਼ ਦਾ ਕੱਚਾ ਮਾਸ ਖਾ ਕੇ ਤੇ ਫੇਰ ਜੋੜਾਂ ਤੇ ਹੱਡੀਆਂ ਨਾਲ ਜੁੜੀਆਂ ਮਾਸ ਦੀਆਂ ਬੋਟੀਆਂ ਨੂੰ ਨੋਚ-ਨੋਚ ਕੇ ਕੱਢਦਾ ਹੈ ।[32] ਜੇ ਭਵਭੂਤੀ ਅਜਿਹੇ ਬੀਭਤਸ ਤੇ ਡਰਾਉਣੇ ਵਿਵਰਣ ਇੰਨ-ਬਿੰਨ ਚਿਤ੍ਰਿਤ ਕਰ ਸਕਦੇ ਹਨ, ਤਾਂ ਇਸ ਗੱਲ ਵਿਚ ਕੋਈ ਅਸ-ਚਰਜ ਨਹੀਂ ਕਿ ਉਨ੍ਹਾਂ ਨੇ ਉਨ੍ਹਾਂ ਵਣਾਂ ਦੀ ਜੀਵਿਤ ਵਾਸਤਵਿਕਤਾ ਦਾ ਯਥਾਤੱਥ ਚਿਤ੍ਰਣ ਕੀਤਾ, ਜਿਥੇ ਜੰਗਲੀ ਜਾਨਵਰਾਂ ਦੀਆਂ ਆਵਾਜ਼ਾਂ ਗੂੰਜਦੀਆਂ ਹਨ, ਸੱਪ ਅੱਗ ਉਗਲਦੇ ਹਨ, ਸੁੱਤੇ ਪਏ ਅਜਗਰਾਂ ਦੇ ਚੋਂਦੇ ਪਸੀਨੇ ਨੂੰ ਪਿਆਸੇ ਗਿਰਗਟ ਪੀਂਦੇ ਹਨ;[33] ਜੰਗਲੀ ਰਿੱਛਾਂ ਦੀ ਥੁੱਕਾਂ-ਭਰੀ ਗੁਰਰਾਹਟ ਪਹਾੜੀ ਗੁਫ਼ਾਵਾਂ ਵਿਚ ਗੂੰਜਦੀ ਹੈ; ਮਿੱਧੀ ਹੋਈ ਸੱਲਕੀ ਦੀ ਤਿੱਖੀ ਗੰਧ ਚੁਪਾਸੇ ਫੈਲਦੀ ਹੈ;[34] ਬਾਂਸਾਂ ਦੇ ਝੁਰਮੁਟ ਵਿਚ ਕਾਂਵਾਂ ਦੀ ਕਾਂ ਕਾਂ ਨੂੰ ਉਲੂਆਂ ਦੀ ਚੀਕ ਚੁਪ ਕਰਵਾ ਦਿੰਦੀ ਹੈ; ਕੂਕਦੇ ਮੋਰਾਂ ਤੋਂ ਡਰ ਕੇ ਵੱਡੇ-ਵੱਡੇ ਸੱਪ ਚੰਦਨ-ਰੁੱਖਾਂ ਦੇ ਤਣਿਆਂ ਉਤੇ ਤੜਪਣ ਲਗਦੇ ਹਨ;[35] ਦੱਖਣੀ ਦਿਸ਼ਾ ਦੇ ਰਪਬਤਾਂ ਦੀਆਂ ਟੀਸੀਆਂ ਨੀਲੇ ਬੱਦਲਾਂ ਨੂੰ ਛੋਂਹਦੀਆਂ ਹਨ ਤੇ ਉਨ੍ਹਾਂ ਦੀਆਂ ਸੰਨ੍ਹਾਂ, ਵਗਦੀ ਗੋਦਾਵਰੀ ਦੇ ਕਲ-ਕਲ ਨਾਦ ਨਾਲ ਗੂੰਜਦੀਆਂ ਹਨ । ਨਦੀਆਂ ਦੇ ਸੰਗਮਾਂ ਉਤੇ ਚੰਚਲ ਤੇ ਵਿਸ਼ਾਲ ਤਰੰਗਾਂ ਬੜੀ ਉਚਾਈ ਤਕ ਉਠਦੀਆਂ ਹਨ ਤੇ ਪਰਸਪਰ ਪ੍ਰਤਿਘਾਤ ਨਾਲ ਖਿੰਡੇ ਜਲਕਣਾਂ ਦੇ ਝਰਨੇ ਬਣਾਉਂਦੀਆਂ ਹੋਈਆਂ ਸੰਗਮਾਂ ਨੂੰ ਰੌਲੇ ਨਾਲ ਭਰਦੀਆਂ ਹਨ ।[36]

ਭਵਭੂਤੀ ਦੀ ਅਦਭੁਤ ਕਾਵਿ-ਸ਼ਕਤੀ ਉਨ੍ਹਾਂ ਦੇ ਰਸ-ਭਾਵ ਵਰਣਨ ਵਿਚ ਵੇਖਣ ਯੋਗ ਹੈ । ਉਹ ਰਾਮ ਤੇ ਸੀਤਾ ਦੇ ਸ਼ਾਂਤ ਪ੍ਰੇਮ ਆਨੰਦ ਦਾ ਵਰਣਨ ਕਰਦੇ ਹੋਏ ਕਹਿੰਦੇ ਹਨ ਕਿ ਜਦੋਂ ਉਨ੍ਹਾਂ ਨੇ ਪ੍ਰੇਮ-ਭਰਿਆ ਆਲਿੰਗਨ ਕੀਤਾ ਹੋਇਆ ਸੀ, ਗਲ੍ਹ ਨਾਲ ਗਲ੍ਹ ਜੋੜੀ, ਘੁਸਰ-ਮੁਸਰ ਕਰਦੇ; ਬੇਸਿਰ-ਪੈਰ ਪ੍ਰੇਮ-ਅਲਾਪ ਵਿਚ ਲੀਨ ਸਨ, ਉਦੋਂ ਉਨ੍ਹਾਂ ਨੂੰ ਸਮੇਂ ਦਾ ਬੋਧ ਨਹੀਂ ਸੀ ਰਿਹਾ, ਇਥੋਂ ਤਕ ਕਿ ਰਾਤ ਮੁੱਕ ਗਈ ਸੀ, ਪਰ ਉਨ੍ਹਾਂ ਦੀ ਗੱਲ ਨਹੀਂ ਸੀ ਮੁੱਕੀ ।[37] ਗੋਦਾਵਰੀ ਦੇ ਕਿਨਾਰੇ ਤੋਂ ਦੇਰ ਲਾ ਕੇ ਮੁੜੀ ਤੇ ਰਾਮ ਦੇ ਚਿਹਰੇ ਤੋਂ ਝਲਕਦੀ ਨਾਰਾਜ਼ੀ ਤੋਂ ਡਰ ਕੇ ਆਪਣੀਆਂ ਕਮਲ ਦੀ ਕਲੀ ਜਿਹੀਆਂ ਹਥੇਲੀਆਂ ਜੋੜ ਕੇ ਰਾਮ ਦੇ ਮੂਹਰੇ ਖੜੀ, ਡਰੀ,

31. 'ਮਹਾਵੀਰਚਰਿਤ', ੧.੩੫ ।
32. 'ਮਾਲਤੀਮਾਧਵ'; ੫.੧੬ ।
33. 'ਉਤਰਰਾਮਚਰਿਤ', ੨.੧੬ ।
34. ਉਥੇ ਹੀ ੨.੨੧ ।
35. ਉਥੇ ਹੀ, ੨.੨੯ ।
36. ਉਥੇ ਹੀ ੨.੩੦ ।
37. ਉਥੇ ਹੀ ੧.੨੭ ।



ਘਬਰਾਈ ਸੀਤਾ ਦਾ ਭਵਭੂਤੀ ਨੇ ਬਹੁਤ ਹੀ ਸੁਹਣਾ ਚਿਤ੍ਰਣ ਕੀਤਾ ਹੈ ।[38] ਜਦੋਂ ਭਾਵਨਾਵਾਂ ਦੇ ਸੰਘਰਸ਼ ਦਾ ਵਰਨਣ ਕਰਨਾ ਹੁੰਦਾ ਹੈ, ਤਾਂ, ਜਿਵੇਂ ਅਸੀਂ ਪਹਿਲਾਂ ਵੀ ਦੇਖ ਚੁਕੇ ਹਾਂ, ਭਵਭੂਤੀ ਆਪਣੀ ਸ਼ਬਦ-ਯੋਜਨਾ ਦੀ ਸਾਵਧਾਨੀ ਨਾਲ ਚੋਣ ਕਰਕੇ ਛੰਦ ਦੀ ਲੈ ਦੀ ਸਹਾਇਤਾ ਨਾਲ ਵਿਵਿਧ ਪ੍ਰਕਾਰ ਦੇ ਉਪਯੋਗ ਕਰਦੇ ਹਨ, ਪਰ ਕਦੀ-ਕਦੀ ਉਹ ਇਕ ਹੀ ਪ੍ਰਭਾਵ ਉਪਜਾਣ ਲਈ ਵਿਵਰਣ ਉਤੇ ਵਿਵਰਣ ਲੱਦ ਦਿੰਦੇ ਹਨ । ਇਸ ਦਾ ਨਾ ਭੁਲਣ ਵਾਲਾ ਉਦਾਹਰਣ ਹੈ ਤਮਸਾ ਰਾਹੀਂ ਪ੍ਰਸਤੁਤ ਸੀਤਾ ਦਾ ਇਹ ਸ਼ਬਦ-ਚਿਤਰ ਜਿਸ ਵਿਚ ਰਾਮ ਦੀ ਪੀੜਾ ਨੂੰ ਦੇਖ ਕੇ ਸੀਤਾ ਦਾ ਹਿਰਦਾ ਪਰਸਪਰ ਵਿਰੋਧੀ ਭਾਵਨਾਵਾਂ ਨਾਲ ਚੀਰਿਆ ਜਾਂਦਾ ਹੈ। ਤਮਸਾ ਸੀਤਾ ਨੂੰ ਕਹਿੰਦੀ ਹੈ[39] :—

ਹਿਰਦਾ ਤੇਰਾ ਉਦਾਸੀਨ ਨਿਰਾਸ਼ਾ ਕਾਰਣ
ਤਿਆਗ ਵਧੀਕੀ ਸਹਿਕੇ ਅਤਿ ਗੁੱਸੇ ਨਾਲ ਭਰਿਆ
ਚਿਰੀਂ ਵਿਛੁੰਨੇ ਸੱਜਣਾ ਨੂੰ ਤੱਕ ਸੁੰਨ ਜਿਹਾ
ਪਿਆਰੇ ਦੇ ਰਸ-ਭਿੰਨੇ ਬੋਲ ਨੂੰ ਸੁਣ ਕੇ ਖਿੜਿਆ
ਪੀੜਾ ਜਰਦੇ ਪ੍ਰੀਤਮ ਨੂੰ ਤੱਕ ਕੇ ਕੁਮਲਾਇਆ
ਪ੍ਰੇਮ ਨਾਲ ਪੰਘਰਿਆ ਜਾਪੇ ਇਸ ਪੱਲ ਤੇਰਾ ਹਿਰਦਾ।

ਹਿਰਦੇ ਦੀ ਡੂੰਘਾਈ ਵਿਚੋਂ ਨਿਕਲਣ ਵਾਲੇ ਭਾਵ ਨੂੰ ਪ੍ਰਭਾਵਕ ਸ਼ਬਦਾਂ ਵਿਚ ਵਿਅਕਤ ਕਰਨ ਦੀ ਭਵਭੂਤੀ ਦੀ ਸਮਰੱਥਾ ਅਦੁਤੀ ਹੈ। ਕਦੇ ਤਾਂ ਉਹ ਬਿੰਬਾਵਲੀ ਦਾ ਪ੍ਰਯੋਗ ਕਰਦੇ ਹਨ, ਜਿਵੇਂ ਰਾਮ ਦੇ ਦੁੱਖ ਦਾ ਵਰਨਣ ਕਰਦੇ ਹੋਏ—ਹਿਰਦੇ ਵਿਚ ਗੱਡੇ, ਤਿਰਛੇ, ਭਖਦੇ ਲੋਹੇ ਦੇ ਕਿੱਲ, ਵਿਹੁਲੇ-ਡੰਗ ਤੇ ਹਿਰਦੇ ਨੂੰ ਵਿੰਨ੍ਹ ਦੇਣ ਵਾਲੇ ਬਾਣ ਦੇ ਬਿੰਬ;[40] ਜਾਂ ਸੀਤਾ ਦੇ ਹੱਥ ਦੇ ਸਪਰਸ਼ ਤੋਂ ਮਿਲੀ ਰਾਮ ਦੀ ਖ਼ੁਸ਼ੀ ਦਾ ਵਰਣਨ ਕਰਦੇ ਹੋਏ ਹਰਿਚੰਦਨ ਦੇ ਪੱਤਿਆਂ ਦੇ ਰਸ ਦਾ ਛਿੜਕਣ, ਪੀਠੀਆਂ ਹੋਈਆਂ ਚੰਦਰਮਾ ਦੀਆਂ ਕਿਰਣਾਂ ਦੇ ਨਵੇਂ ਅੰਕੁਰਾਂ ਦਾ ਲੇਪ, ਸੰਜੀਵਨੀ ਬੂਟੀ ਦੇ ਰਸ ਦੇ ਬਿੰਬ;[41] ਤੇ ਕਦੀ-ਕਦੀ ਇਕੋ ਭਾਵ ਨੂੰ ਵਿਵਿਧ ਰੂਪਾਂ ਵਿਚ ਵਿਅਕਤ ਕਰਨ ਲਈ ਕਾਵਿ-ਕਲਪਨਾ ਦੀ ਇਕ ਲੜੀ ਦਾ ਪ੍ਰਯੋਗ ਕਰਦੇ ਹਨ : ਜਿਵੇਂ ਮਾਧਵ ਕਹਿੰਦਾ ਹੈ—ਮਾਲਤੀ ਉਸ ਦੇ ਹਿਰਦੇ ਵਿਚ ਸਥਾਈ ਰੂਪ ਵਿਚ ਇਉਂ ਰਹਿੰਦੀ ਹੈ, ਜਿਵੇਂ ਉਹ ਉਸ ਵਿਚ ਲੀਨ, ਪ੍ਰਤਿਬਿੰਬਤ, ਲਿਖਿਤ, ਖੁਣੀ ਹੋਈ, ਜੜੀ ਹੋਈ, ਵੱਜ੍ਰ-ਲੇਪ ਨਾਲ ਚਿਮੋੜੀ ਹੋਈ, ਡੂੰਘੀ ਗੱਡੀ ਹੋਈ, ਕਾਮਦੇਵ ਦੇ ਪੰਜ ਬਾਣਾਂ ਰਾਹੀਂ ਉਸ ਨਾਲ ਜੋੜੀ ਹੋਈ ਤੇ ਨਿਰੰਤਰ ਚਿੰਤਨ ਦੇ ਸੂਖਮ ਧਾਗੇ ਨਾਲ

38. 'ਉਤਰਰਾਮਚਰਿਤ', ੩.੩੭ ।
39. ਉਥੇ ਹੀ ੩.੧੩ ।
40. ਉਥੇ ਹੀ ੩.੩੫ ।
41. ਉਥੇ ਹੀ ੩.੧੧ । 'ਮਾਲਤੀਮਾਧਵ', ੩.੧੬, ਵਿਚ ਵੀ ਅਜੇਹੀ ਹੀ ਬਿੰਬਾਵਲੀ ਹੈ ।

ਉਸ ਨਾਲ ਸਿਊਂ ਦਿੱਤੀ ਗਈ ਹੋਵੇ ।[42] ਪਰ ਬਹੁਤ ਵਾਰੀ ਭਵਭੂਤੀ ਅਲੰਕਾਰਮਈ ਅਭਿਵਿਅਕਤੀ ਨੂੰ ਪਾਸੇ ਕਰਕੇ ਸਿੱਧੇ-ਸਾਦੇ ਸ਼ਬਦਾਂ ਵਿਚ ਭਾਵਅਨੁਭੂਤੀ ਨੂੰ ਨਿਬੱਧ ਕਰ ਦਿੰਦੇ ਹਨ । ਰਾਮ ਕਹਿੰਦੇ ਹਨ[43] :—

ਦੁੱਖ ਦੀ ਆਰੀ ਹਿਰਦਾ ਚੀਰੇ
ਪਰ ਹਿਰਦਾ ਦੋ-ਫਾੜ ਨਾ ਹੋਵੇ
ਬਿਹਬਲ ਦੇਹ ਸੁਧ-ਬੁਧ ਤੋਂ ਆਕੀ
ਪਰ ਪ੍ਰਾਣਾਂ ਨੂੰ ਗਲ ਨਾਲ ਲਾਵੇ
ਅੱਗ ਹਿਦੇ ਦੀ ਕਾਇਆ ਫੂਕੇ
ਪਰ ਇਸ ਦੀ ਨਾ ਸੁਆਹ ਬਣਾਵੇ
ਨਿਯਤੀ ਗੁੱਝੀਆਂ ਸੱਟਾਂ ਮਾਰੇ
ਤੋੜੇ ਨਾ ਜੀਵਨ ਦੀ ਡੋਰ ।

ਇਹ ਗੱਲ ਵਾਸਤਵ ਵਿਚ ਪ੍ਰਸ਼ੰਸਾ ਯੋਗ ਹੈ ਕਿ ਜਿਹੜਾ ਕਵੀ ਅਲੰਕ੍ਰਿਤ ਤੇ ਧੁਨੀ-ਆਤਮਿਕ ਵਾਕਾਂਸ਼ਾਂ ਨੂੰ ਵਰਤਣ ਦੇ ਲੋਭ ਨੂੰ ਛੱਡ ਨਹੀਂ ਸਕਦਾ, ਉਹੀ ਕਦੀ-ਕਦੀ ਹਿਰਦੇ-ਸਪਰਸ਼ੀ ਜਾਂ ਡੂੰਘੀ ਭਾਵਨਾ ਨੂੰ ਵਿਕਅਤ ਕਰਨ ਲਈ ਭਾਸ਼ਾ ਦੀ ਮਨੋਹਰ ਸਰਲਤਾ ਦਾ ਸਹਾਰਾ ਲੈਂਦਾ ਹੈ । ਉਦਾਹਰਣ ਵਜੋਂ, ਉਹ ਸਰਲ ਪਦ ਵੇਖੋ ਜਿਨ੍ਹਾਂ ਨਾਲ ਮਾਧਵ-ਮਾਲਤੀ ਦੇ ਪ੍ਰਤੀ ਆਪਣੀਆਂ ਭਾਵਨਾਵਾਂ ਨੂੰ ਵਿਅਕਤ ਕਰਦਾ ਹੈ[44] ਜਾਂ ਮਾਲਤੀ ਦੀ ਇਹ ਦ੍ਰਿੜ੍ਹ ਉਕਤੀ ਕਿ ਉਹ ਜਿਉਂਦੇ-ਜੀ ਮੌਤ ਦੇ ਮੂੰਹ ਵਿਚ ਚਲੀ ਜਾਵੇਗੀ, ਪਰ ਆਪਣੇ ਮਾਤਾ-ਪਿਤਾ ਨੂੰ ਦੁੱਖੀ ਨਹੀਂ ਕਰੇਗੀ ।[45] ਸੀਤਾ ਤਿਆਗ ਦੇ ਨਿਰਣੇ ਸਮੇਂ ਰਾਮ ਦੇ ਮਨ ਵਿਚ ਜਿਹੜਾ ਝੱਖੜ ਝੁਲਦਾ ਹੈ, ਉਸ ਨੂੰ ਭਵਭੂਤੀ ਨੇ ਛੋਟੇ-ਛੋਟੇ, ਸਾਰ-ਭਰੇ ਵਾਕਾਂ ਵਿਚ ਵਿਅਕਤ ਕੀਤਾ ਹੈ ।[46] ਇਸੇ ਤਰ੍ਹਾਂ ਵਾਸੰਤੀ ਦੇ ਮਨ ਦੀ ਪੀੜਾ ਇਨ੍ਹਾਂ ਸ਼ਬਦਾਂ ਵਿਚ ਵਿਅਕਤ ਹੋਈ ਹੈ ।[47]

ਮੰਨਿਆਂ, ਹੇ ਕਠੋਰ ! ਆਪ ਨੂੰ ਜਸ ਪਿਆਰਾ ਹੈ,
ਇਸ ਤੋਂ ਵੱਡਾ ਵੀ ਕੋਈ ਅਪਜਸ ਹੋ ਸਕਦਾ ਸੀ ?
ਮ੍ਰਿਗਨੈਣੀ ਸੀਤਾ 'ਤੇ ਵਣ ਵਿਚ ਕੀ-ਕੀ ਬਣੀਆਂ ?
ਉਚਰੋ, ਸੁਆਮੀ ! ਉਚਰੋ, ਆਪ ਕੀ ਸੋਚ ਰਹੇ ਹੋ ?

ਇਹ ਕਹਿਣਾ ਉਚਿਤ ਨਹੀਂ ਕਿ ਭਵਭੂਤੀ ਵਿਚ ਉਹ ਅਭਿਵਿਅੰਜਨਾ ਸ਼ਕਤੀ ਨਹੀਂ ਹੈ, ਜਿਸ ਉਤੇ ਕਾਲੀਦਾਸ ਦਾ ਪੂਰਾ ਅਧਿਕਾਰ ਹੈ । ਦੋਹਾਂ ਕਵੀਆਂ ਵਿਚ ਸੰਭਵਤਾ

42. ਮਾਲਤੀਮਾਧਵ' ੫.੧੦ ।
43. 'ਉਤਰਰਾਮਚਰਿਤ', ੩.੩੧ ।
44. 'ਮਾਲਤੀਮਾਧਵ', ੧.੨੧,੩੬ ।
45. ਉਥੇ ਹੀ ੨.੨ ।
46. 'ਉਤਰਰਾਮਚਰਿਤ' ੧.੪੬ ।
47. ਉਥੇ ਹੀ ੩.੨੭ ।



ਇਹੀ ਅੰਤਰ ਹੈ ਕਿ ਰਸ-ਭਾਵ ਦਾ ਵਰਣਨ ਕਰਦੇ ਸਮੇਂ ਭਵਭੂਤੀ ਅਭਿਧਾ ਅਰਥਾਤ ਸਪਸ਼ਟ ਅਭਿਵਿਅਕਤੀ ਦਾ ਸਹਾਰਾ ਲੈਂਦੇ ਹਨ ਜਦ ਕਿ ਕਾਲੀਦਾਸ ਪ੍ਰਭਾਵ ਉਤਪਾਦਕ ਵਿਅੰਜਨਾ ਨਾਲ ਹੀ ਸੰਤੁਸ਼ਟ ਹੋ ਜਾਂਦੇ ਹਨ । 'ਉੱਤਰਰਾਮਚਰਿਤ' ਵਿਚ ਕਾਵਿਗਤ ਵਿਅੰਜਨਾ ਤੇ ਡੂੰਘੀ ਅਨੁਭੂਤੀ ਦੇ ਅਨੇਕ ਉਦਾਹਰਣ (ਵਾਸੰਤੀ ਦੇ ਉਪਰੋਕਤ ਸ਼ਬਦਾਂ ਵਾਕਰ) ਪਦ ਵਿਚ ਹੀ ਨਹੀਂ ਸਗੋਂ ਗੱਦ ਵਿਚ ਵੀ ਮਿਲਦੇ ਹਨ ।[48]

ਭਵਭੂਤੀ ਦਾ ਸੁਭਾਉ ਉਨ੍ਹਾਂ ਨੂੰ ਮਨ-ਮਰਜ਼ੀ ਕਰਨ ਵਲ ਲੈ ਜਾਂਦਾ ਹੈ, ਕਾਵਿਗਤ ਸੰਜਮ ਵਲ ਨਹੀਂ । ਇਸ ਨਾਲ ਸਗੋਂ ਹੋਰ ਵੀ ਅਤਿਰੇਕਤਾ ਪੈਦਾ ਹੁੰਦੀ ਹੈ । ਪਰ ਉਨ੍ਹਾਂ ਦੇ ਸੁਭਾਓ ਦੀ ਗੰਭੀਰਤਾ ਉਨ੍ਹਾਂ ਨੂੰ ਕਿਸੇ ਵੀ ਗੱਲ ਦੀ ਜੜ ਤਕ ਪਹੁੰਚਾਂਦੀ ਹੈ । ਭਵਭੂਤੀ ਦੇ ਸੁਭਾਓ ਦਾ ਇਹ ਵੀ ਇਕ ਲੱਛਣ ਹੈ ਕਿ ਉਨ੍ਹਾਂ ਨੂੰ ਹਾਸਾ-ਮਜ਼ਾਕ ਪਸੰਦ ਨਹੀਂ । ਪਰ ਇਹ ਵੀ ਸੱਚ ਹੈ ਕਿ ਆਪਣੀ ਗੰਭੀਰਤਾ ਬਿਨਾ ਭਵਭੂਤੀ ਮਾਨਵੀ ਭਾਵਨਾਵਾਂ ਦੀ ਡੂੰਘਾਈ ਤਕ ਖੋਜ ਨਹੀਂ ਸੀ ਕਰ ਸਕਦੇ । ਉਦਾਹਰਣ ਵਜੋਂ, ਬੱਚੇ ਤੋਂ ਮਿਲਣ ਵਾਲੀ ਖ਼ੁਸ਼ੀ ਦਾ ਸੰਸਕ੍ਰਿਤ ਕਾਵਿ ਵਿਚ ਅਕਸਰ ਵਰਣਨ ਕੀਤਾ ਗਿਆ ਹੈ । ਪਰ ਇਹ ਭਵਭੂਤੀ ਦੀ ਹੀ ਖ਼ੂਬੀ ਹੈ ਕਿ ਉਨ੍ਹਾਂ ਨੇ ਉਸ ਆਨੰਦ ਅਨੁਭੂਤੀ ਦੇ ਆਧਾਰ ਉਤੇ ਇਕ ਪ੍ਰਕਾਰ ਦੇ ਦਰਸ਼ਨ ਦੀ ਸਿਰਜਨਾ ਕੀਤੀ ਹੈ ਤੇ ਇਹ ਕਿਹਾ ਹੈ ਕਿ ਬੱਚਾ ਸੰਸਾਰਕ ਜੀਵਨ ਨੂੰ ਸਿਊਣ ਤੇ ਸੁਰਖਿਅਤ ਰਖਣ ਵਾਲਾ ਇਕ ਪ੍ਰੇਮ-ਸੂਤ੍ਰ ਹੈ—ਉਹ ਪ੍ਰੇਮ-ਆਨੰਦ ਦੀ ਅਜਿਹੀ ਗੰਢ ਹੈ ਜੋ ਪ੍ਰੇਮੀ ਦੰਪਤੀ ਨੂੰ ਬੰਨ੍ਹਦੀ ਹੈ ।[49] ਵਿਵਾਹਿਤ ਪ੍ਰੇਮ ਦੇ ਪ੍ਰੌਢ ਆਨੰਦ ਦਾ ਦੂਜੇ ਕਵੀ ਵੀ ਉਲੇਖ ਕਰਦੇ ਹਨ, ਪਰ ਕੇਵਲ ਭਵਭੂਤੀ ਹੀ ਉਸ ਪ੍ਰੇਮ ਦੀ ਅਮਰਤਾ ਨੂੰ ਸਪਸ਼ਟ ਸ਼ਬਦਾਂ ਵਿਚ ਨਿਬੱਧ ਕਰ ਸਕਦੇ ਹਨ, ਜਿਹੜਾ ਦੋ ਆਤਮਾਵਾਂ ਵਿਚ ਏਕਤਾ ਸਥਾਪਿਤ ਕਰਕੇ ਹਿਰਦੇ ਨੂੰ ਸ਼ਾਂਤ ਕਰਦਾ ਹੈ ਤੇ ਅਜਿਹਾ ਆਕਰਸ਼ਣ ਉਪਜਾਉਂਦਾ ਹੈ, ਜਿਸ ਨੂੰ ਵਿਰਧ ਅਵਸਥਾ ਵੀ ਘਟਾ ਨਹੀਂ ਸਕਦੀ ।[50]

48. ਉਦਾਹਰਣ : ਵਜੋਂ ਸੀਤਾ ਦੀ ਰਾਮ ਬਾਰੇ ਇਹ ਉਕਤੀ— 'ਉਤਰਰਾਮਚਰਿਤ', ੩.੭,

(दृष्ट्वा अपरिहीनधर्मो खलु स राजा । (अपि गृहे, अपि अनामयमस्याः प्रजापालनस्य मातुः ।

ਜਨਕ ਦਾ ਆਪਣੀ ਪ੍ਰਿਯ ਸਹੇਲੀ ਤੇ ਕੁੜਮਣੀ ਕੌਸ਼ਲਿਆ ਬਾਰੇ ਕੰਚੁਕੀ ਨੂੰ ਇਹ ਪੁੱਛਣਾ—

(ਉਹੀ ੪.੧੦) ਬਿਰਧ ਕੰਚੁਕੀ ਦਾ ਰਾਮ ਨੂੰ ਆਪਣੀ ਪੁਰਾਣੀ ਆਦਤ ਅਨੁਸਾਰ ਸੰਬੋਧਿਤ ਕਰਨਾ ਤੇ ਫੇਰ ਡਰ ਕੇ ਭੁਲ ਸੁਧਾਰਨੀ—

(कञ्चुकी—रामभद्र...। (इत्यर्धोक्ते साशङ्कम् ) महाराज।

(ਉਹੀ ੧.੯) ਵੇਖੋ : ਭਟ ਦੇ 'ਉਤਰਰਾਮਚਰਿਤ', ਦੀ ਭੂਮਿਕਾ ਤੇ ਟਿੱਪਣੀਆਂ ।
49. ਵੇਖੋ : 'ਉਤਰਰਾਮਚਰਿਤ', ੩.੧੭, ੬.੨੨ ।
50. ਉਥੇ ਹੀ, ੧.੩੯ ।

ਇਸ ਲਈ ਦੋਸ਼ਾਂ ਦੇ ਬਾਵਜੂਦ ਵੀ ਕਵੀ ਦੇ ਰੂਪ ਵਿਚ ਭਵਭੂਤੀ ਦੀ ਅਸਾਧਾਰਣ ਸ਼ਕਤੀ ਨੂੰ ਮੰਨਣਾ ਪਵੇਗਾ। ਕਰੁਣ-ਰਸ ਉੱਤੇ ਉਨ੍ਹਾਂ ਦਾ ਪੂਰਣ ਅਧਿਕਾਰ ਮੰਨਿਆ ਜਾਂਦਾ ਹੈ।[51] ਭਾਵਨਾਵਾਂ ਦੇ ਕਾਵਿਆਤਮਿਕ ਵਰਣਨ ਦੀ ਥਾਂ ਉਨ੍ਹਾਂ ਦੇ ਡੂੰਘੇ ਭਾਵ-ਉਦਗਾਰ ਉਨ੍ਹਾਂ ਦੀ ਕਵਿਤਾ ਦੀ ਵਡਮੁੱਲਤਾ ਨੂੰ ਪ੍ਰਗਟ ਕਰਦੇ ਹਨ। ਆਪਣੀ ਇਸੇ ਸਮਰੱਥਾ ਕਾਰਣ ਭਵਭੂਤੀ ਆਪਣੇ ਪਾਠਕਾਂ ਦੇ ਹਿਰਦੇ ਨੂੰ ਛੂਹ ਸਕੇ ਤੇ ਉਹ ਆਨੰਦ ਪ੍ਰਦਾਨ ਕਰ ਸਕੇ, ਜਿਹੜਾ ਉੱਤਮ ਸਾਹਿਤ ਦਾ ਹੀ ਭਾਗ ਹੈ।

ਕਾਲੀਦਾਸ ਨੇ ਸਾਹਿਤ-ਸੁੰਦਰਤਾ ਤੇ ਅਭਿਨੈ-ਕਲਾ ਵਿਚ ਪੂਰਾ ਸਮਤੋਲ ਰਖਿਆ ਹੈ। ਇਸੇ ਤਰ੍ਹਾਂ ਸੂਦ੍ਰਕ ਨੇ ਵੀ, ਭਾਵੇਂ ਉਨ੍ਹਾਂ ਦਾ ਸਥਾਨ ਕਾਲੀਦਾਸ ਦੇ ਪਿਛੋਂ ਆਉਂਦਾ ਹੈ ਤੇ ਭਾਸ, ਸਾਹਿਤਕ ਗੁਣ ਦੀ ਘਾਟ ਦੇ ਬਾਵਜੂਦ ਵੀ ਮੰਚ ਦੇ ਨਾਟਕਕਾਰ ਹੋਣ ਸਦਕਾ ਇਨ੍ਹਾਂ ਦੋਨਾਂ ਨੂੰ ਮਾਤ ਕਰ ਦਿੰਦੇ ਹਨ। ਦੂਜੇ ਪਾਸੇ, ਭਵਭੂਤੀ ਨੇ ਮੰਚ ਦੇ ਨਾਟਕਾਂ ਦੀ ਥਾਂ ਨਾਟਿ-ਕਵਿਤਾਵਾਂ ਲਿਖੀਆਂ। ਇਕ ਲੇਖੇ ਉਨ੍ਹਾਂ ਨੇ ਇਕ ਨਵੀਂ ਪ੍ਰਵ੍ਰਿਤੀ ਨੂੰ ਹੋਂਦ ਵਿਚ ਲਿਆਂਦਾ, ਜਿਸ ਨੇ ਉਤਰਕਾਲੀ ਸੰਸਕ੍ਰਿਤ ਨਾਟਯ-ਸਾਹਿਤ ਨੂੰ ਪ੍ਰਭਾਵਿਤ ਕੀਤਾ। ਪਰ ਭਵਭੂਤੀ ਵਿਚ ਜਿਹੜੀ ਸਮਰੱਥਾ ਤੇ ਗੰਭੀਰਤਾ ਹੈ, ਉਹ ਉਤਰਕਾਲੀ ਨਾਟਕਕਾਰਾਂ ਵਿਚ ਨਹੀਂ ਹੈ।[52]

51. ਤੁਲਨਾ : ਕਿਸੇ ਅਗਿਆਤ ਆਲੋਚਕ ਦੀ ਉਕਤੀ—

'कारुण्यं भवभूतिरेव तनुते ।'

ਗੋਵਰਧਨਾਚਾਰਯ ਲਿਖਦੇ ਹਨ—

भवभूतेः सम्बन्धात् भूधरभूरेव भारती भाति ।
एतत्कृतकारुण्ये किमन्यथा रोदिति ग्रावा ॥

52. ਇਕ ਸੰਸਕ੍ਰਿਤ ਆਲੋਚਕ ਦਾ ਨਿਸ਼ਕਰਸ਼ ਹੈ—

तथाप्यन्तर्मोदं कमपि भवभूतिर्वितनुते ।

ਛੇਵਾਂ ਅਧਿਆਇ

# ਭਵਭੂਤੀ ਦਾ ਭਾਵ ਤੇ ਵਿਚਾਰ-ਜਗਤ

ਸਾਹਿਤਕ ਆਲੋਚਕਾਂ ਦਾ ਕਥਨ ਹੈ ਕਿ ਮਹਾਨ ਸਾਹਿਤ ਉੱਤੇ ਲੇਖਕ ਦੇ ਵਿਅਕਤਿਤਵ ਦੀ ਛਾਪ ਹੁੰਦੀ ਹੈ। ਉਸ ਦੁਆਰਾ ਪ੍ਰਸਤੁਤ ਅਨੁਭੂਤੀਆਂ ਰਾਹੀਂ, ਉਸ ਦੇ ਸਿਰਜੇ ਪਾਤਰਾਂ ਦੇ ਕ੍ਰਿਆ-ਕਲਾਪ, ਵਿਚਾਰ ਤੇ ਵਿਵਹਾਰ ਰਾਹੀਂ, ਲੇਖਕ ਦੀ ਨਿਜੀ ਰੁਚੀ, ਉਸ ਦੇ ਵਿਚਾਰ ਤੇ ਆਦਰਸ਼ ਤੇ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਮੰਨਿਆ ਕਿ ਸਾਹਿਤ, ਲੇਖਕ ਦੇ ਵਿਅਕਤਿਤਵ ਨੂੰ ਪ੍ਰਤਿਬਿੰਬਤ ਕਰਨ ਵਾਲਾ ਦਰਪਣ ਨਹੀਂ ਹੈ, ਪਰ ਇਹ ਘੱਟ ਤੋਂ ਘੱਟ ਇਸ ਗੱਲ ਦਾ ਅਨੁਮਾਨ-ਸੂਤ੍ਰ ਅਵੱਸ਼ ਹੈ ਕਿ ਉਸ ਦੀ ਸਮਝ ਕਿਵੇਂ ਕੰਮ ਕਰਦੀ ਹੈ, ਜੀਵਨ ਤੇ ਕਲਾ ਦੇ ਕਿਹੜੇ ਮੁੱਲਾਂ ਦੀ ਉਹ ਬਹੁਤ ਕਦਰ ਕਰਦਾ ਹੈ।

ਕਵੀ ਦੇ ਜੀਵਨ ਨਾਲ ਸਬੰਧਿਤ ਪ੍ਰਤੱਖ ਸੂਚਨਾਵਾਂ ਤੇ ਉਨ੍ਹਾਂ ਦੀਆਂ ਰਚਨਾਵਾਂ ਵਿਚ ਉਪਲਬਧ ਸਾਹਿਤਕ ਸੰਕੇਤਾਂ ਤੋਂ ਪਤਾ ਲਗਦਾ ਹੈ ਕਿ ਭਵਭੂਤੀ ਇਕ ਗੰਭੀਰ ਪ੍ਰਕ੍ਰਿਤੀ ਦੇ ਵਿਦਵਾਨ ਸਨ, ਜਿਨ੍ਹਾਂ ਦਾ ਅਧਿਐਨ ਖੇਤਰ ਬਹੁਤ ਵਿਸ਼ਾਲ ਸੀ। ਉਹ ਆਪਣੇ ਗੁਰੂ ਦਾ 'ਪਰਮਹੰਸ ਗਿਆਨਨਿਧੀ' ਕਹਿ ਕੇ ਉਲੇਖ ਕਰਦੇ ਹਨ।[1] ਵਿਦਵਾਨ ਸ਼ਿਸ਼ ਦੇ ਵਿਦਵਾਨ ਗੁਰੂ ਲਈ ਇਹ ਨਾਮ ਬੜਾ ਢੁੱਕਵਾਂ ਹੈ। ਭਵਭੂਤੀ ਦੇ ਨਾਟਕਾਂ ਵਿਚ ਉਨ੍ਹਾਂ ਦਾ ਪ੍ਰਾਚੀਨ ਸ਼ਾਸਤ੍ਰਾਂ ਦੀਆਂ ਵਿਵਿਧ ਸ਼ਾਖਾਵਾਂ ਦਾ ਅਧਿਐਨ ਜਾਂ ਨਿਕਟ ਪਰਿਚਯ ਸਪਸ਼ਟ ਰੂਪ ਪ੍ਰਤਿਬਿੰਬਤ ਹੈ।

ਵੈਦਿਕ ਅਧਿਐਨ ਤੇ ਅਧਿਆਪਨ ਵਿਚ ਲੀਨ ਬ੍ਰਾਹਮਣ ਕੁਲ ਵਿਚ ਜਨਮ ਲੈਣ ਕਾਰਣ ਭਵਭੂਤੀ ਨੇ ਸਾਂਖ ਤੇ ਯੋਗ ਜਿਹੇ ਦਰਸ਼ਨਾਂ ਦੇ ਨਾਲ-ਨਾਲ ਵੇਦ-ਵੇਦਾਂਗ, ਉਪਨਿਸ਼ਦ ਤੇ ਕਰਮਕਾਂਡੀ ਗ੍ਰੰਥਾਂ ਦਾ ਅਧਿਐਨ ਵੀ ਕੀਤਾ ਹੋਵੇਗਾ।

1. श्रेष्ठः परमहंसानां महर्षीणां यथाङ्गिराः ।
यथार्थनामा भगवान् यस्य ज्ञाननिधिर्गुरुः ॥ 'ਮਹਾਵੀਰਚਰਿਤ', ੧.੫

ਵਾਲਮੀਕਿ ਆਸ਼ਰਮ ਤੇ ਉਥੇ ਰਹਿੰਦੇ ਸ਼ਿਸ਼ਾਂ ਦੇ ਕ੍ਰਿਆ-ਕਲਾਪਾਂ ਦਾ ਵਰਣਨ ਸੰਭਵਤਾ ਵਿਅਕਤਿਗਤ ਅਨੁਭਵ ਉਤੇ ਆਧਾਰਿਤ ਹੈ। ਜਨਕ ਤੇ ਅਰੁੰਧਤੀ ਦੇ ਸ਼ਬਦਾਂ ਵਿਚ ਰਿਗਵੇਦ ਦੇ ਕਵੀਆਂ ਦੇ ਉਦਗਾਰਾਂ ਦੀ ਪ੍ਰਤਿਧੁਨੀ ਹੈ, ਲਵ ਦੇ ਵਚਨਾਂ ਵਿਚ ਵੈਦਿਕ ਅਭਿਆਸ ਦੀ ਨਿਰਮਲਤਾ ਦ੍ਰਿਸ਼ਟਿਗੋਚਰ ਹੁੰਦੀ ਹੈ ਤੇ ਗਰਭ ਨਾਟਕ ਦੇ ਵਿਸ਼ੇ ਵਿਚ ਰਾਮ ਦੀ ਉਕਤੀ ਵਿਚ ਨਿਰੁਕਤ ਦੇ ਸ਼ਬਦਾਂ ਦਾ ਜਿਵੇਂ ਦਾ ਤਿਵੇਂ ਪ੍ਰਯੋਗ ਹੋਇਆ ਹੈ ।[2]

ਬਾਰਾਂ ਵਰਸ਼ੀ ਯੱਗ ਦਾ ਉਲੇਖ, ਅਸ਼ੁਮੇਧ ਯੱਗ ਤੇ ਉਸਦੇ ਘੋੜੇ ਦੇ ਰਖਿਅਕਾਂ ਦਾ ਲਵ ਰਾਹੀਂ ਕੀਤਾ ਗਿਆ ਵਰਣਨ, ਰਾਮ ਦਾ ਪਰਿਭਾਸ਼ਕ ਉਕਤੀ 'ਅਰਥਵਾਦ' ਦਾ ਪ੍ਰਯੋਗ—ਇਹ ਸਭ ਭਵਭੂਤੀ ਦੇ ਕਰਮਕਾਂਡ ਤੇ ਪੂਰਵਮੀਮਾਂਸਾ ਸਬੰਧੀ ਗਿਆਨ ਨੂੰ ਪ੍ਰਗਟ ਕਰਦੇ ਹਨ। ਭਵਭੂਤੀ ਦਾ 'ਪਦਵਾਕਯ ਪ੍ਰਮਾਣਗਯ' ਵਿਸ਼ੇਸ਼ਣ ਉਨ੍ਹਾਂ ਦੇ ਪਦ (ਵਿਆਕਰਣ), ਵਾਕਯ (ਨਿਆਇ) ਤੇ ਪ੍ਰਮਾਣ (ਪੂਰਵਮੀਮਾਂਸਾ) ਦੇ ਅਧਿਐਨ ਨੂੰ ਸੂਚਿਤ ਕਰਦਾ ਹੈ ।

ਵੇਦਾਂਤ ਸਬੰਧੀ ਸੰਕੇਤ ਵੀ ਸਪਸ਼ਟ ਹੈ। ਮਾਧਵ ਤੇ ਆਤ੍ਰੇਈ ਦਾ ਪਰਿਚੈ ਦਰਸ਼ਨ ਸ਼ਾਸਤਰ ਦੇ ਵਿਦਿਆਰਥੀਆਂ ਦੇ ਰੂਪ ਵਿਚ ਦਿਤਾ ਗਿਆ ਹੈ। ਜਨਕ ਦਾ ਸੂਰਜ-ਹੀਨ ਲੋਕ ਦਾ ਉਲੇਖ ਤੇ ਭਵਭੂਤੀ ਰਾਹੀਂ ਵਿਵਰਤ-ਸ਼ਬਦ ਤੇ ਵੇਦਾਂਤੀ-ਉਪਮਾਵਾਂ ਦਾ ਪ੍ਰਯੋਗ ਇਹ ਸਿੱਧ ਕਰਦਾ ਹੈ ਕਿ ਭਵਭੂਤੀ ਨੇ ਦਰਸ਼ਨ-ਸ਼ਾਸਤਰ ਦੀ ਇਸ ਸ਼ਾਖਾ ਦਾ ਅਧਿਐਨ ਵੀ ਕੀਤਾ ਹੋਇਆ ਸੀ ।[3] ਉਨ੍ਹਾਂ ਨੇ ਆਪ ਸਾਂਖ ਤੇ ਯੋਗ ਦਰਸ਼ਨ ਦਾ ਉਲੇਖ ਕੀਤਾ ਹੈ ।[4] ਜੇ ਸੌਦਾਮਿਨੀ ਨੇ ਵਿਸ਼ੇਸ਼ ਯੋਗ-ਸ਼ਕਤੀਆਂ ਪ੍ਰਾਪਤ ਕੀਤੀਆਂ ਸਨ, ਤਾਂ ਅਘੋਰਘੰਟ ਤੇ ਕਪਾਲ-ਕੁੰਡਲਾ ਤੰਤ੍ਰ-ਸ਼ਾਸਤਰ ਵਿਚ ਪ੍ਰਵੀਣ ਸਨ। ਵਾਲਮੀਕਿ ਦਾ ਸ਼ਿਸ਼ ਤਰਕ ਦੇ ਸਾਧਨ ਦੇ ਰੂਪ ਵਿਚ ਨਿਆਇ ਦਰਸ਼ਨ ਦੇ ਨਿਗ੍ਰਹ (ਸਥਾਨ) ਸ਼ਬਦ ਦਾ ਉਪਯੋਗ ਕਰਦਾ ਹੈ। ਮਾਲਯਵਤ ਤੇ ਸ਼ੂਰਪਣਖਾ ਦੀ ਗੱਲ-ਬਾਤ ਵਿਚ ਅਰਥ-ਸ਼ਾਸਤਰ (ਰਾਜਨੀਤੀ-ਸ਼ਾਸਤਰ) ਦਾ ਗੂੜ੍ਹ ਗਿਆਨ ਦ੍ਰਿਸ਼ਟਿਗੋਚਰ ਹੁੰਦਾ ਹੈ ।[5]

ਕਾਮੰਦਕੀ ਤੇ ਲਵੰਗਿਕਾ ਦੀ ਪ੍ਰੇਮਦੂਤੀਆਂ ਦੀ ਭੂਮਿਕਾ ਉਨ੍ਹਾਂ ਦੀਆਂ ਤੇ ਮਦਯੰਤਿਕਾ ਦੀਆਂ ਉਕਤੀਆਂ ਇਹ ਦੱਸਦੀਆਂ ਹਨ ਕਿ ਭਵਭੂਤੀ ਨੂੰ ਕਾਮਸ਼ਾਸਤਰ ਦਾ ਵੀ ਵਿਸ਼ੇਸ਼ ਗਿਆਨ ਸੀ । ਨਾਟਯ-ਰਚਨਾ[6] ਦੇ ਇਕ ਅੰਗ ਦੇ ਰੂਪ ਵਿਚ 'ਕਾਮਸੂਤ੍ਰ'

---

2. ਦੇਖੋ : ਰਾਘਵਨ : "ਭਵਭੂਤੀ ਐਂਡ ਦਿ ਵੇਦ" : ਜਰਨਲ ਆਫ ਦਿ ਏਸ਼ਿਆਟਿਕ ਸੋਸਾਇਟੀ ਆਫ ਬਾਂਬੇ' (ਨਵੀਂ ਲੜੀ), ਸੰਚੀ ੩੧-੩੨; ੧੯੫੬-੫੭, ਜੂਨ ੧੯੫੬ ਵਿਚ ਪ੍ਰਕਾਸ਼ਿਤ ; ਪੰ. ੨੧੯-੨੨੧ ।
3. 'ਉਤਰਰਾਮਚਰਿਤ' ੩.੪੭; ੪.੩; ੬.੬ ਆਦਿ ।
4. 'ਮਾਲਤੀਮਾਧਵ' ੧.੭ ।
5. ਵਿਸਤ੍ਰਿਤ ਅਧਿਐਨ ਲਈ ਦੇਖੋ : ਰਾਘਵਨ : "ਭਵਭੂਤੀ ਐਂਡ ਅਰਥਸ਼ਾਸਤ੍ਰ" : ਇੰਡੋ ਇੰਡੋਲਾਜੀ' ; ਆਕਦਮੀਵੇਰਲਾਗ, ਬਰਲਿਨ; ੧੯੭੧; ਪੰ. ੪੨੩-੪੩੯ ।
6. ਮਾਲਤੀਮਾਧਵ : ੧ ੪



ਦਾ ਵਾਸਤਵਿਕ ਉਲੇਖ ਇਸ ਗੱਲ ਦਾ ਇਕ ਹੋਰ ਪ੍ਰਮਾਣ ਹੈ ਕਿ ਭਵਭੂਤੀ ਨੇ 'ਮਾਲਤੀਮਾਧਵ' ਵਿਚ ਪ੍ਰੇਮ ਕਥਾ ਨੂੰ ਵਾਤਸਿਆਇਨ ਦੇ 'ਕਾਮਸੂਤ੍ਰ' ਅਨੁਸਾਰ ਵਿਕਸਿਤ ਕੀਤਾ ਹੈ।

'ਮਹਾਵੀਰਚਰਿਤ' ਵਿਚ ਆਯੁਰਵੇਦ ਦੇ ਅਨੇਕ ਪ੍ਰਵਿਧਿਕ ਸ਼ਬਦ ਵਰਤੇ ਗਏ ਹਨ ਤੇ ਸ਼ੱਲਕ੍ਰਿਆ ਦਾ ਵੀ ਉਲੇਖ ਹੈ ।

ਭਵਭੂਤੀ ਦੇ ਨਾਟਕਾਂ ਤੋਂ ਇਹ ਪੂਰਣ ਭਾਂਤ ਸਪਸ਼ਟ ਹੈ ਕਿ ਉਨ੍ਹਾਂ ਨੇ 'ਨਾਟਯ-ਸ਼ਾਸਤ੍ਰ' ਦਾ ਅਧਿਐਨ ਕੀਤਾ ਸੀ ਤੇ ਉਨ੍ਹਾਂ ਉਤੇ ਪੂਰਵਵਰਤੀ ਕਵੀਆਂ ਦਾ ਡੂੰਘਾ ਪ੍ਰਭਾਵ ਸੀ; ਵਿਸ਼ੇਸ਼ ਕਰਕੇ ਵਾਲਮੀਕਿ ਦਾ, ਜਿਸ ਦੀ ਉਹ ਪੂਜਾ ਕਰਦੇ ਹਨ ਤੇ ਕਾਲੀਦਾਸ ਦਾ, ਜਿਸ ਦੀ ਉਹ ਰੀਸ ਕਰਦੇ ਸਨ । ਤੇ ਉਨ੍ਹਾਂ ਦੇ ਸਮੁਚੇ ਲੇਖਨ ਵਿਚ ਉਨ੍ਹਾਂ ਦਾ ਸੰਸਕ੍ਰਿਤ ਭਾਸ਼ਾ ਉਤੇ ਅਧਿਕਾਰ ਦ੍ਰਿਸ਼ਟਿਗੋਚਰ ਹੁੰਦਾ ਹੈ, ਜਿਹੜਾ ਉਨ੍ਹਾਂ ਦੇ 'ਵਸ਼ਯਵਾਕ' ਵਿਸ਼ੇਸ਼ਣ ਨੂੰ ਸਾਰਥਕ ਕਰਦਾ ਹੈ ।

ਭਾਵਨਾਤਮਕ ਦ੍ਰਿਸ਼ਟੀ ਤੋਂ ਸੰਵੇਦਨਸ਼ੀਲ, ਧਾਰਮਿਕ ਦ੍ਰਿਸ਼ਟੀ ਤੋਂ ਰਾਮ ਦੇ ਭਗਤ (ਜਿਨ੍ਹਾਂ ਦੀ ਤੁਲਨਾ ਉਹ ਬ੍ਰਹਮ ਨਾਲ ਕਰਦੇ ਹਨ) ਪਰ ਸ਼ਿਵਜੀ ਦਾ ਤੇ ਸੂਰਜ ਦੀ ਉਸਤਤ ਕਰਨ ਲਈ ਚੋਖੇ ਉਦਾਰਹਿਰਦਾ ਭਵਭੂਤੀ ਵਾਸਤਵ ਵਿਚ ਬੁਧੀਜੀਵੀ ਪ੍ਰਤੀਤ ਹੁੰਦੇ ਹਨ ।

ਭਵਭੂਤੀ ਦੇ ਨਾਟਕਾਂ ਵਿਚ ਚਿਤ੍ਰਿਤ ਵਿਦਿਆਰਥੀ ਜੀਵਨ ਦਾ ਵਾਤਾਵਰਣ ਉਨ੍ਹਾਂ ਦੇ ਵਿਅਕਤਿਗਤ ਅਨੁਭਵਾਂ ਦਾ ਪਰਤਾਉ ਹੈ। ਛੁਟੀਆਂ ਵਿਚ ਮੌਜ-ਮੇਲਾ ਕਰਨ ਦੀ ਖੁਲ੍ਹ ਦਿੱਤੀ ਜਾ ਸਕਦੀ ਹੈ ਪਰ ਇਹ ਜੀਵਨ ਵਾਸਤਵ ਵਿਚ ਬੌਧਿਕ ਅਨੁਸ਼ਾਸਨ, ਨੈਤਿਕ ਤੇ ਕਾਰੋਬਾਰੀ ਸਿਖਲਾਈਂ ਤੇ ਜੀਵਨ ਮੁੱਲਾਂ ਪ੍ਰਤੀ ਸਚੇਤਤਾ ਦਾ ਜੀਵਨ ਹੁੰਦਾ ਹੈ ।

ਵਿਵਾਹਿਤ ਪ੍ਰੇਮ ਦੇ ਆਨੰਦ ਤੇ ਬੱਚੇ ਦੇ ਕਾਰਣ ਜੀਵਨ ਵਿਚ ਸਮਾ ਜਾਣ ਵਾਲੀ ਖ਼ੁਸ਼ੀ ਦਾ ਵਰਣਨ ਜਾਂ ਤਾਂ ਭਵਭੂਤੀ ਦੇ ਨਿਜੀ ਜੀਵਨ ਦੀ ਝਾਕੀ ਹੋ ਸਕਦੀ ਹੋਵੇ ਜਾਂ ਕਵੀ ਦਾ ਆਪਣਾ ਅਭਿਗ ਆਦਰਸ਼ । ਭਵਭੂਤੀ ਨੇ ਆਦਰਸ਼-ਮਿਤ੍ਰਤਾ ਤੇ ਵਫ਼ਾਦਾਰੀ ਦਾ ਜਿਹੜਾ ਚਿਤ੍ਰਣ ਕੀਤਾ ਹੈ ਉਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਹ ਘੱਟੋ ਘੱਟ ਇਸ ਖੇਤਰ ਵਿਚ ਤਾਂ ਸੁਭਾਗੇ ਸਨ, ਭਾਵੇਂ ਜਸ ਤੇ ਪਦਾਰਥਕ ਸੁਖ ਦੇ ਪੱਖੋਂ ਨਹੀਂ, ਜਿਹੜੇ ਉਨ੍ਹਾਂ ਨੂੰ ਬਹੁਤ ਪਛੜ ਕੇ ਮਿਲੇ ।

(ਖ)

ਭਵਭੂਤੀ ਨੇ ਆਪਣੇ ਨਾਟਕਾਂ ਵਿਚ ਕੁਝ ਮਹੱਤਵਪੂਰਣ ਵਿਚਾਰ ਵਿਅਕਤ ਕੀਤੇ ਹਨ ਇਹ ਇਕ ਪ੍ਰਕਾਰ ਉਨ੍ਹਾਂ ਦੇ ਮਨ ਤੇ ਵਿਅਕਤਿਤਵ ਨੂੰ ਸਮਝਣ ਲਈ ਕੁੰਜੀ ਦਾ ਕੰਮ ਦਿੰਦੇ ਹਨ। ਇਨ੍ਹਾਂ ਦਾ ਇਕ ਵਿਹਾਰਕ ਮੁਲ ਵੀ ਹੈ ਜਿਸ ਉਤੇ ਧਿਆਨ ਦੇਣਾ ਜ਼ਰੂਰੀ ਹੈ ।

(1) ਪ੍ਰੇਮ ਮਾਨਵਜੀਵਨ ਦਾ ਅੰਤਰਵਿਆਪੀ ਭਾਵ ਹੈ। ਭਵਭੂਤੀ ਦੇ ਵਿਚਾਰ ਅਨੁਸਾਰ ਸੱਚਾ ਪ੍ਰੇਮ ਆਪੇ ਉਪਜਦਾ ਹੈ। ਉਹ ਕਾਰਜ ਜਾਂ ਕਾਰਣ ਉਤੇ ਨਿਰਭਰ ਨਹੀਂ ਕਰਦਾ। ਉਹ ਨੇਤ੍ਰਰਾਗ ਹੈ ! ਉਹ ਅਚਾਨਕ ਹੁੰਦਾ ਹੈ ਤੇ ਅਰੋਕ ਹੈ । ਜਿਵੇਂ ਕਾਲੀਦਾਸ

ਨੇ ਪਹਿਲਾਂ ਹੀ ਕਿਹਾ ਹੈ ਪ੍ਰੇਮ ਸਮੁਚੀ ਸ੍ਰਿਸ਼ਟੀ ਵਿਚ ਦ੍ਰਿਸ਼ਟਮਾਨ ਹੈ, ਅਚਿੰਤੇ ਹੀ ਦੋ ਹਿਰਦੇ ਇਕ ਦੂਜੇ ਵਲ ਆਕਰਸ਼ਿਤ ਹੋ ਜਾਂਦੇ ਹਨ ; ਸੂਰਜ-ਕਿਰਣ ਦੇ ਸਪਰਸ਼ ਨਾਲ ਕਮਲ ਖਿੜ ਜਾਂਦਾ ਹੈ; ਚੰਦ-ਕਿਰਣ ਦੇ ਸਪਰਸ਼ ਨਾਲ ਚੰਦ੍ਰਕਾਂਤ ਮਣੀ ਪੰਘਰ ਜਾਂਦੀ ਹੈ ।[7] ਮੋਰ ਆਪਣੇ ਕਦੰਬ ਰੁਖ ਨੂੰ ਯਾਦ ਰਖਦਾ ਹੈ ਤੇ ਜਵਾਨ ਹੁੰਦੇ ਸਾਰ ਹੀ ਹਾਥੀ ਬਿਨਾ ਸਿਖਾਇਆਂ ਪ੍ਰੇਮ ਪ੍ਰਦਰਸ਼ਨ ਸਿੱਖ ਜਾਂਦਾ ਹੈ ।[8] ਇਸ ਭਾਵ ਦੀ ਵਿਸ਼ਵ-ਵਿਆਪਕਤਾ ਆਪਣੀ ਰੇਸ਼ਮੀ ਡੋਰ ਨਾਲ ਸਾਰੇ ਸੰਸਾਰ ਨੂੰ ਬੰਨ੍ਹ ਕੇ ਰਖਦੀ ਹੈ । ਯੁਵਾ ਇਸਤ੍ਰੀ ਪੁਰਸ਼, ਵਿਆਹੇ ਦੰਪਤੀ, ਦੋ ਮਿਤਰ, ਮਾਤਾ-ਪਿਤਾ ਤੇ ਬੱਚੇ, ਇਥੋਂ ਤਕ ਕਿ ਦੋ ਓਪਰੇ-ਪਰਾਏ ਵੀ ਇਸ ਪ੍ਰੇਮ ਦੇ ਬੰਧਨ ਵਿਚ ਬੱਝ ਜਾਂਦੇ ਹਨ । ਤੇ ਫਿਰ ਮਧੁਰਤਾ, ਨਮ੍ਰਤਾ, ਸੁਸ਼ੀਲਤਾ ਤੇ ਕਲਿਆਣਮਈ ਵਿਚਾਰਾਂ ਨਾਲ ਯੁਕਤ ਸ਼ਬਦਾਂ ਦਾ ਵਟਾਂਦਰਾ ਹੁੰਦਾ ਹੈ ।[9] ਅਕਸਰ ਇਉਂ ਜਾਪਦਾ ਹੈ ਕਿ ਪ੍ਰੇਮ ਦੀ ਇਹ ਦਾਤ ਰੱਬੀ ਹੈ ਤੇ ਪੂਰਵ ਜਨਮ ਦੇ ਚੰਗੇ ਸੰਸਕਾਰਾਂ ਸਦਕਾ ਮਿਲਦੀ ਹੈ ।[10]

ਭਵਭੂਤੀ ਦੇ ਮਨ ਵਿਚ ਇਸਤ੍ਰੀਆਂ ਲਈ ਕੋਮਲ ਭਾਵਨਾਵਾਂ ਹਨ, ਜਿਨ੍ਹਾਂ ਦਾ ਹਿਰਦਾ, ਭਵਭੂਤੀ ਅਨੁਸਾਰ, ਫੁਲ ਵਾਕਰ ਕੋਮਲ ਹੁੰਦਾ ਹੈ ।[11] ਫੁਲ ਵਰਗੀਆਂ ਇਸਤ੍ਰੀਆਂ ਨੂੰ ਪੈਰਾਂ ਹੇਠਾਂ ਮਿੱਧੇ ਜਾਂਦੇ ਦੇਖ ਕੇ[12] ਤੇ ਝੂਠੀ ਬੱਕਵਾਸ ਨਾਲ ਉਨ੍ਹਾਂ ਦਾ ਚਰਿਤ੍ਰਘਾਤ ਹੁੰਦਾ ਦੇਖ ਕੇ ਉਹ ਪੁਜ ਕੇ ਦੁਖੀ ਹੋ ਜਾਂਦੇ ਹਨ ।[13] ਉਹ 'ਕਾਮਸੂਤ੍ਰ' ਦਾ ਉਲੇਖ ਕਰਦੇ ਹੋਏ ਕਹਿੰਦੇ ਹਨ ਕਿ ਮਲੂਕ ਨੱਢੀਆਂ ਨਾਲ ਅਧਿਕ ਨਰਮਾਈ ਨਾਲ ਪੇਸ਼ ਆਉਣਾ ਚਾਹੀਦਾ ਹੈ । ਜੇ ਵਿਸ਼ਵਾਸ ਪੈਦਾ ਕੀਤੇ ਬਿਨਾ ਉਨ੍ਹਾਂ ਨਾਲ ਕਠੋਰ ਵਿਵਹਾਰ ਕੀਤਾ ਜਾਵੇਗਾ ਤਾਂ ਉਹ ਮਿਲਣ ਤੋਂ ਨਫਰਤ ਕਰਨਗੀਆਂ । ਪੁਰਸ਼ਾਂ ਦਾ ਵਿਵਹਾਰ ਅਜਿਹਾ ਨਹੀਂ ਹੋਣਾ ਚਾਹੀਦਾ । ਉਚ ਕੁਲ ਦੀਆਂ ਕੰਨਿਆਵਾਂ ਸ਼ਰਮੀਲੀਆਂ, ਭੋਲੀਆਂ ਤੇ ਪ੍ਰੇਮ-ਵਿਵਹਾਰ ਤੋਂ ਅਣਜਾਣ ਹੁੰਦੀਆਂ ਹਨ, ਉਨ੍ਹਾਂ ਨੂੰ ਪਰਾਜਿਤ ਕਰਨ ਦੇ ਯਤਨ ਵਿਚ ਕਠੋਰ ਸ਼ਬਦ ਵਰਤਣਾ ਉਨ੍ਹਾਂ ਨੂੰ ਅਗਨੀ ਵਿਚ ਸਾੜਨ ਦੇ ਤੁੱਲ ਹੁੰਦਾ ਹੈ । ਅਜਿਹੇ ਅਨੁਭਵ ਵਿਚੋਂ ਲੰਘ ਕੇ ਯੁਵਾ ਇਸਤ੍ਰੀਆਂ ਆਪਣੇ ਪਤੀ-ਘਰ ਤੋਂ ਮੂੰਹ ਮੋੜ ਲੈਂਦੀਆਂ ਹਨ । ਅਜਿਹੇ ਤਿਰਸਕਾਰ ਤੋਂ ਡਰਦੇ ਪੁਰਸ਼ ਧੀ

7. 'ਉਤਰਰਾਮਚਰਿਤ' ੬.੧੨ ।
8. ਉਥੇ ਹੀ ੩.੧੬.੧੯ ।
9. ਤੁਲਨਾ : 'ਉਤਰਰਾਮਚਰਿਤ', ੨.੨ ।
10. ਤੁਲਨਾ ਉਥੇ ਹੀ ੧.੩੯ ।
11. ਤੁਲਨਾ—'ਮਾਲਤੀਮਾਧਵ' ੭.੧.੪੬ । : 'कुसुमसधर्माणो हि योषितः ...'।
ਉਤਰਰਾਮਚਰਿਤ ੬.੧੨ ਘ । : 'दुरभ्योगं चित्तं कुसुमसुकुमारं हि भवति ।'
12. 'ਉਤਰਰਾਮਚਰਿਤ' ੧.੧੪ — नैसर्गिकी सुरभिणः कुसुमस्य सिद्धा
मूर्ध्नि स्थितिर्न चरणैरवताडनानि ।
13. ਉਥੇ ਹੀ ੧.੫— यथा स्त्रीणां तथा वाचां साधुत्वे दुर्जनो जनः ।



ਦੇ ਜਨਮ ਉਤੇ ਵਿਆਕੁਲ ਹੋ ਜਾਂਦੇ ਹਨ ।[14] ਇਹ ਪੁਰਸ਼ਾਂ ਦੇ ਵਿਵਹਾਰ ਦੀ ਨਿੰਦਾ ਹੈ ਤੇ ਵਿਆਹ-ਸੰਬੰਧਾਂ ਨੂੰ ਪ੍ਰੇਮਪੂਰਣ ਬਣਾਉਣ ਦੀ ਦਲੀਲ ਹੈ ।

ਭਵਭੂਤੀ, ਪਰਸਪਰ ਪ੍ਰੇਮ ਨੂੰ ਸੁਖੀ ਵਿਆਹ ਦਾ ਆਧਾਰ ਮੰਨਦੇ ਹਨ ।[15] ਵਧੇਰੇ ਸੰਸਕ੍ਰਿਤ ਕਵੀਆਂ ਨੇ ਵਿਆਹ ਵਿਚ ਪਰਵਾਣ ਚੜ੍ਹਦੇ ਰੋਮਾਂਚਕ ਤੇ ਉਨਮਾਦਕ ਪ੍ਰੇਮ-ਆਨੰਦ ਦਾ ਵਰਣਨ ਕੀਤਾ ਹੈ । ਭਵਭੂਤੀ ਨੇ ਵੀ ਅਜਿਹੇ ਪ੍ਰੇਮ ਦੇ ਕਾਵਿਆਤਮਕ ਤੇ ਭਾਵਾਤਮਕ ਚਿਤਰ ਉਲੀਕੇ ਹਨ, ਪਰ ਰਾਮ ਤੇ ਸੀਤਾ ਰਾਹੀਂ ਆਦਰਸ਼ ਬਣਾਏ ਗਏ ਵਿਵਾਹਿਤ ਪ੍ਰੇਮ ਦੇ ਉਜਲ ਜਸ ਨੂੰ ਚਿਤ੍ਰਿਤ ਕਰਨ ਵਾਲੇ ਕਵੀ, ਸੰਭਵਤਾ ਭਵਭੂਤੀ ਇਕਲੇ ਹੀ ਹਨ । ਵਿਵਾਹਿਤ ਪ੍ਰੇਮ ਇਕ ਅਜਿਹਾ ਅਦੁਤੀ ਅਨੁਭਵ ਹੈ ਜਿਹੜਾ ਪਤੀ-ਪਤਨੀ ਵਿਚਕਾਰ ਡੂੰਘੀ ਸਮਝ ਤੇ ਆਤਮਾ ਦੀ ਏਕਤਾ ਪੈਦਾ ਕਰਦਾ ਹੈ । ਇਹ ਅਜਿਹਾ ਪ੍ਰੇਮ ਹੈ ਜਿਹੜਾ ਉਮਰ ਦੇ ਨਾਲ-ਨਾਲ ਪਰਿਪੱਕ ਹੁੰਦਾ ਹੈ ਤੇ ਸਰਵਵਿਆਪੀ ਭਾਵਨਾ ਦੇ ਰੂਪ ਵਿਚ ਖਿੜ ਜਾਂਦਾ ਹੈ । ਉਮਰ ਉਸ ਤੋਂ ਉਸ ਦੀ ਲਰਜ਼ ਖੋਹ ਨਹੀਂ ਸਕਦੀ ਤੇ ਨਾ ਹੀ ਸਮਾਂ ਉਸ ਦੇ ਆਨੰਦ ਰਸ ਨੂੰ ਸੁਕਾ ਸਕਦਾ ਹੈ ।[16] ਇਕ ਦੂਜੇ ਦੇ ਪਿਆਰ ਵਿਚ ਬੱਝੇ ਪਤੀ-ਪਤਨੀ ਮਨ ਤੋਂ ਸਦਾ ਜਵਾਨ ਰਹਿੰਦੇ ਹਨ । ਪੂਰਣ ਸਮਰਸਤਾ ਨੂੰ ਪ੍ਰਾਪਤ ਹੋਏ ਦੰਪਤੀ ਇਕ ਦੂਜੇ ਦੇ ਮੂਕ ਸਹਿਚਾਰ ਵਿਚ ਵੀ ਸੰਤੁਸ਼ਟ ਰਹਿੰਦੇ ਹਨ ਕਿਉਂਕਿ ਉਹ ਇਕ ਦੂਜੇ ਲਈ ਅਮੁਲ ਨਿਧੀ ਹਨ ।[17] ਵਿਵਾਹਿਤ ਪ੍ਰੇਮ ਦੇ ਆਨੰਦ ਤੇ ਸੁਖ ਵਿਚ ਮਹਲਾਂ ਦੇ ਚੁਬਾਰਿਆਂ ਜਾਂ ਜੰਗਲ ਦੀਆਂ ਝੌਂਪੜੀਆਂ ਨਾਲ ਕੋਈ ਫ਼ਰਕ ਨਹੀਂ ਪੈਂਦਾ । ਪ੍ਰੇਮ ਇਕ ਸ਼ਕਤੀ ਹੈ, ਸ਼ਕਤੀ ਦਾ ਮੁਨਾਰਾ ਹੈ । ਕਿਉਂਕਿ ਇਸਤ੍ਰੀ ਲਈ ਪਤੀ ਤੇ ਪੁਰਸ਼ ਲਈ ਧਰਮਪਤਨੀ ਪ੍ਰਿਅਤਮ ਮਿਤਰ, ਸੰਪੂਰਣ

14. ਤੁਲਨਾ—'ਮਾਲਤੀਮਾਧਵ' ੭.੨. ੫੮-੬੦, ੬੮-੭੨ ।

'...योषितः सुकुमारोपक्रमाः । तास्तु अनधिगतविश्वासैः प्रसभमुपक्रम्यमाणाः सद्यः संप्रयोगविद्वेषिण्यो भवन्ति' एवं किल कामसूत्रकारा आमनन्ति । 'गृहे गृहे पुरुषाः कुलकन्यकाः समुद्वहन्ति । न खलु कोऽपि लज्जापराधीनं अनपराद्धं मुग्धसुकुमारस्वभावं कुलकुमारीजनं प्रभवामीति वाचानलेन प्रज्वालयति । एते खलु ते हृदयशल्यनिक्षेपा आमरणं संस्मर्यमाणदुःसहाः पतिगृहनिवासवैरस्यकारिणो महापरिभवा येषां कृते स्त्रीजन्मलाभं जुगुप्सन्ते बान्धवाः ।'

15. ਤੁਲਨਾ : 'ਮਾਲਤੀਮਾਧਵ', ੨.੨.,੧੫ ।

'इतरेतरानुरागो हि दारकर्मणि परार्ध्यं मङ्गलम् ।'

16. 'ਉਤਰਰਾਮਚਰਿਤ', ੧.੩੯ ।
17. ਉਥੇ ਹੀ ੨. ੧੯, ੬੫ ।

न किञ्चिदपि (v. l. अकिञ्चिदपि) कुर्वाणः सुखैर्दुःखान्यपोहति ।
तत्तस्य किमपि द्रव्यं यो हि यस्य प्रियो जनः ॥

ਸੰਬੰਧੀ, ਸਾਰੀਆਂ ਇਛਾਵਾਂ ਦੀ ਪੂਰਤੀ, ਅਮੁਲ ਨਿਧੀ ਤੇ ਵਾਸਤਵਿਕ ਜੀਵਨ ਦਾ ਪ੍ਰਤੀਕ ਹੈ।[18]

ਕਾਲੀਦਾਸ ਵਾਕਰ ਭਵਭੂਤੀ ਵੀ ਬੱਚੇ ਦੀ ਦਾਤ ਤੋਂ ਬਿਨਾ ਵਿਵਾਹਿਤ ਪ੍ਰੇਮ ਨੂੰ ਪੂਰਣ ਨਹੀਂ ਮੰਨਦੇ। ਬੱਚਾ ਇਕ ਅਜਿਹਾ ਸੂਤਰ ਹੈ ਜਿਹੜਾ ਸੰਸਾਰੀ ਅਸਤਿਤਵ ਨੂੰ ਸਿਉਂ ਕੇ ਸੁਰਖਿਅਤ ਕਰਦਾ ਹੈ।[19] ਬੱਚਾ ਪ੍ਰਸੰਨਤਾ ਦਾ ਇਕ ਅਜਿਹਾ ਨਿਰਾਲਾ ਬੰਧਨ ਹੈ ਜਿਹੜਾ ਮਾਤਾ-ਪਿਤਾ ਦੇ ਧੁਰ ਅੰਦਰਲੇ ਸਾਰਤੱਤ ਨੂੰ ਬੰਨ੍ਹ ਕੇ ਰਖਦਾ ਹੈ।[20] ਇਹ ਇਕ ਅਜਿਹੀ ਸਿਰਜਨਾ ਹੈ ਜਿਸ ਵਿਚ ਸਾਰੇ ਅੰਗ ਤੇ ਸਾਰਾ ਸ਼ਰੀਰ ਪਿਆਰ ਨਾਲ ਭਿੱਜ ਜਾਂਦਾ ਹੈ ਤੇ ਦੋਵੇਂ ਹਿਰਦੇ ਇਕ-ਮਿੱਕ ਹੋ ਕੇ ਆਨੰਦ ਦੇ ਪ੍ਰਵਾਹ ਵਿਚ ਵਗ ਤੁਰਦੇ ਹਨ।[21] ਇਸ ਲਈ ਬੱਚਾ ਮਾਤਾ-ਪਿਤਾ ਦੇ ਮੇਲ ਦਾ ਸੱਚਾ ਪ੍ਰਤੀਕ ਹੈ ਤੇ ਵਿਵਾਹਿਤ ਪ੍ਰੇਮ ਦੀ ਉਚਾਈ ਨੂੰ ਪ੍ਰਗਟ ਕਰਦਾ ਹੈ।

(2) ਭਵਭੂਤੀ ਵਾਣੀ ਦੇ ਵਿਸ਼ੇ ਵਿਚ ਕੁਝ ਸੁੰਦਰ ਵਿਚਾਰ ਪ੍ਰਗਟਾਉਂਦੇ ਹਨ। ਸਿਰਜਣਾਤਮਿਕ ਪੱਖ ਤੋਂ ਇਹ, ਪਰਮ ਸੱਚ ਦੀ ਅਭਿਵਿਅਕਤੀ 'ਸ਼ਬਦਬ੍ਰਹਮ' ਹੈ, ਜਿਹੜਾ ਅੰਦਰੋਂ-ਫੁਰੀ ਪ੍ਰੇਰਣਾਮਈ-ਅਨੁਭੂਤੀ ਦੇ ਪੱਲਾਂ ਵਿਚ ਰਿਸ਼ੀਆਂ ਅੱਗੇ ਆਪਣੇ ਆਪ ਪ੍ਰਗਟ ਹੁੰਦਾ ਹੈ, ਜਿਵੇਂ ਵਾਲਮੀਕਿ ਅੱਗੇ।[22] ਰਿਸ਼ੀ ਇਸ ਸੱਚ ਦਾ ਪ੍ਰਤੱਖ ਦਰਸ਼ਨ ਕਰਦੇ ਹਨ।[23] ਉਨ੍ਹਾਂ ਦੇ ਸ਼ਬਦ ਕਦੀ ਵੀ ਸੰਦੇਹਯੁਕਤ ਨਹੀਂ ਹੁੰਦੇ ਤੇ ਅਰਥ ਆਪ ਉਨ੍ਹਾਂ ਦੇ ਸ਼ਬਦਾਂ ਦਾ ਅਨੁਸਰਣ ਕਰਦਾ ਹੈ। ਉਨ੍ਹਾਂ ਦੇ ਸ਼ਬਦਾਂ ਵਿਚ ਜਸ ਤੇ ਕਲਿਆਣ ਦਾ ਨਿਵਾਸ ਹੁੰਦਾ ਹੈ।[24] ਭਲੇ ਪੁਰਸ਼, ਰਿਸ਼ੀਆਂ ਵਾਕਰ ਸੁਭਾਗੇ ਨਹੀਂ ਹੁੰਦੇ, ਪਰ ਉਨ੍ਹਾਂ ਦੇ ਸ਼ਬਦ ਵਿਚਾਰਾਂ ਨੂੰ ਲੁਕਾਣ ਵਾਲੇ ਬੁਰਕੇ ਵੀ ਨਹੀਂ ਹੁੰਦੇ।[25] ਇਸ ਲਈ ਵਾਣੀ ਦੀ ਦੇਵੀ ਸਰਸ੍ਵਤੀ ਰਿਸ਼ੀਆਂ ਤੇ ਭਲੇ ਪੁਰਸ਼ਾਂ ਦੀ ਆਗਿਆਕਾਰਿਣੀ ਬਣ ਜਾਂਦੀ ਹੈ।

ਵਿਵਹਾਰ ਦੇ ਪੱਖੋਂ ਵਾਣੀ ਮਨੁੱਖੀ ਜੀਵਨ ਤੇ ਆਚਰਣ ਦੀ ਨੀਂਹ ਹੈ।[26] ਇਹ ਮਨੁੱਖ ਦੇ ਚਰਿੱਤਰ ਨੂੰ ਉਘਾੜਦੀ ਹੈ। ਸੰਸਕ੍ਰਿਤੀ ਤੇ ਸਿਖਿਆ ਸ਼ਬਦਾਂ ਨੂੰ ਮਿਠਾਸ ਦਿੰਦੀਆਂ ਹਨ।[27] ਸਾਧੂ-ਪੁਰਸ਼ਾਂ ਦੇ ਸ਼ਬਦ ਚੰਗਿਆਈ ਤੇ ਨਮ੍ਰਤਾ ਨਾਲ ਚਮਕਦੇ ਹਨ ਤੇ ਉਨ੍ਹਾਂ ਵਿਚੋਂ ਸ਼ਹਿਦ ਟਪਕਦਾ ਹੈ।[28] ਪੁਰਸ਼ਾਂ ਨੂੰ ਆਪਣੇ ਸ਼ਬਦ ਚੌਕਸੀ ਨਾਲ ਵਰਤਣੇ ਚਾਹੀਦੇ ਹਨ ਤੇ ਉਨ੍ਹਾਂ ਨਾਲ ਕਿਸੇ ਨੂੰ ਪਤਨੀ, ਮਿਤਰ ਜਾਂ ਅਜਨਬੀ ਨੂੰ ਵੀ—ਸੱਟ ਨਹੀਂ ਮਾਰਨੀ ਚਾਹੀਦੀ।[29] ਅਹੰਕਾਰ ਤੇ ਉਨਮਾਦ ਵਿਚ ਕਹੇ ਗਏ ਕਠੋਰ ਸ਼ਬਦ ਰਾਖਸ਼ੀ ਹੁੰਦੇ ਹਨ। ਕਠੋਰ ਵਾਣੀ ਨਫ਼ਰਤ ਤੇ ਦੁਸ਼ਮਨੀ ਦੀ ਜੜ੍ਹ ਹੈ ਤੇ ਨਾਰਕੀ ਵਿਨਾਸ਼ ਦਾ ਕਾਰਣ ਹੈ।[30] ਇਸ ਲਈ ਜਿਵੇਂ ਸਿਰਜਨਾਤਮਕ ਯਤਨ ਵਿਚ, ਓਸੇ ਤਰ੍ਹਾਂ ਸ਼ਾਬਦਿਕ ਵਿਵਹਾਰ ਵਿਚ ਸੱਚੇ ਤੇ ਪਿਆਰੇ ਵਚਨ ਆਵਸ਼ਕ ਹਨ। ਇਸ ਤਰ੍ਹਾਂ ਦੀ ਵਾਣੀ ਕਲਿਆਣ-ਜਨਨੀ ਕਾਮਧੇਨੁ ਵਾਕਰ ਸਰਵ-ਇੱਛਾਵਾਂ ਨੂੰ ਪੂਰਾ ਕਰਦੀ ਹੈ,ਦੁਰਭਾਗ ਨੂੰ ਦੂਰ ਹੱਟਾ ਕੇ ਜਸ ਦਾ ਪ੍ਰਸਾਰ ਤੇ ਪਾਪਾਂ ਦਾ ਨਾਸ਼ ਕਰਦੀ ਹੈ।[31] ਇਸ ਲਈ ਸਾਰੇ ਮਾਨਵੀ ਸਬੰਧਾਂ ਤੇ ਵਿਵਹਾਰਾਂ ਵਿਚ ਭਵਭੂਤੀ ਮ੍ਰਿਦੁਤਾ ਤੇ ਮਧੁਰਤਾ ਦੀ ਪ੍ਰੇਰਣਾ ਕਰਦੇ ਹਨ ਤੇ ਕਠੋਰਤਾ ਤੇ ਨਿਰਦੈਤਾ ਦੀ ਨਿੰਦਾ ਕਰਦੇ ਹਨ।[32]

18. 'ਮਾਲਤੀਮਾਧਵ', ੬.੧੮।
19. 'ਉਤਰਰਾਮਚਰਿਤ', ੭ (ਗਰਭਨਾਟਕ)
20. ਉਥੇ ਹੀ ੩.੧੭।
21. ਉਥੇ ਹੀ, ੬.੨੨।
22. ਵੇਖੋ : 'ਉੱਤਰਰਾਮਚਰਿਤ', ੨ ਪ੍ਰਵੇਸ਼ਕ
23. ਉੱਤਰਰਾਮਚਰਿਤ', ੭ ਗਰਭਨਾਟਕ, ਭੂਮਿਕਾ—
24. ਉਥੇ ਹੀ ੪.੧੮।

: आविर्भूतज्योतिषां ब्राह्मणानां ये व्याहारास्तेषु मा संशयो भूत् ।
भद्रा ह्येषां वाचि लक्ष्मीर्निषिक्ता नैते वाचं विप्लुतार्थां वदन्ति ॥

25. ਵੇਖੋ 'ਉੱਤਰਰਾਮਚਰਿਤ', ੧-੧੦ :

लौकिकानां हि साधूनां अर्थं वागनुवर्तते ।
ऋषीणां पुनराद्यानां वाचमर्थोऽनुधावति ॥

26. ਮਾਲਤੀ-ਮਾਧਵ' ੨.੪ :

वाक्प्रतिष्ठानि देहिनां व्यवहारतन्त्राणि ।
वाचि पुण्यापुण्यहेत्वो व्यवस्थाः सर्वथा जनानामायत्तन्ते ।



(3) ਭਵਭੂਤੀ ਦੇ ਸਾਹਿਤਕ ਮਤ ਨਿੱਜੀ ਹਨ। ਉਹ ਉਨ੍ਹਾਂ ਦੇ ਆਪਣੇ ਲੇਖਨ ਦੀ ਪ੍ਰਕ੍ਰਿਤੀ ਨੂੰ ਤੇ ਸਾਹਿਤ-ਕਲਾ-ਸਬੰਧੀ ਉਨ੍ਹਾਂ ਦੇ ਲੜੀਵਾਰ ਵਿਕਾਸ ਨੂੰ ਸਪਸ਼ਟ ਕਰਦੇ ਹਨ।

ਉਹ ਨੇਹੁ ਭਿਜੀ ਸਾਵਧਾਨੀ ਤੇ ਪ੍ਰਸ਼ੰਸਾ ਨਾਲ 'ਰਾਮਾਇਣ' ਦੀ ਜਨਮ-ਕਥਾ ਦਾ ਉਲੇਖ ਕਰਦੇ ਹਨ। ਉਨ੍ਹਾਂ ਦਾ ਸੰਕੇਤ ਹੈ ਕਿ ਹਿਰਦੇ-ਸਪਰਸ਼ੀ ਕਵਿਤਾ ਨਾ ਤਾਂ ਕੌਸ਼ਲ ਤੋਂ ਜਨਮੀ ਰਚਨਾ ਹੁੰਦੀ ਹੈ ਤੇ ਨਾ ਹੀ ਅਧਿਐਨ ਤੋਂ ਉਪਜੀ ਗੰਭੀਰ ਅਭਿਵਿਅਕਤੀ। ਉਹ ਤਾਂ ਪ੍ਰਬਲ ਭਾਵਨਾਵਾਂ ਦਾ ਆਪੇ ਫੁੱਟਿਆ ਝਰਨਾ ਹੁੰਦਾ ਹੈ। ਕਵਿਤਾ ਦਾ ਕੇਂਦਰ ਤਾਂ ਕਵੀ ਦਾ ਅਤਿ ਭਾਵੁਕ ਹਿਰਦਾ ਹੁੰਦਾ ਹੈ ਜੋ ਭਾਵ-ਸਿੰਜੀ ਭਾਸ਼ਾ ਵਿਚ ਆਪਣੇ ਆਪ ਨੂੰ ਖੋਲ੍ਹਦਾ ਹੈ ਤੇ ਜਦੋਂ ਇਸ ਸੁਚੇਤਤਾ ਵਿਚ ਡੂੰਘੀ ਮਾਨਵੀਯਤਾ ਦਾ ਪ੍ਰਵੇਸ਼ ਹੁੰਦਾ ਹੈ ਤਾਂ ਮਹਾਨ ਕਲਾਕਿਰਤ ਲਈ ਸਾਮਗ੍ਰੀ ਤਿਆਰ ਹੋ ਜਾਂਦੀ ਹੈ।

ਇਹ ਸੁਭਾਗ ਦੀ ਗੱਲ ਹੈ ਕਿ ਘੱਟੋ-ਘੱਟ ਬੋਧਿਕ ਰੂਪ ਵਿਚ ਤਾਂ ਭਵਭੂਤੀ ਵਿਚਾਰ ਦੀਆਂ ਇਨ੍ਹਾਂ ਉਚਾਈਆਂ ਤਕ ਉਠ ਸਕੇ।

27. ਵੇਖੋ : ਲਵ ਦੇ ਵਚਨਾਂ ਦੀ ਸੁਮੰਤ੍ਰ ਦੁਆਰਾ ਪ੍ਰਸ਼ੰਸਾ ('ਉੱਤਰਰਾਮਚਰਿਤ', ੫)
28. ਤੁਲਨਾ 'ਉੱਤਰਰਾਮਚਰਿਤ', ੨.੨,

प्रियप्राया वृत्तिः विनयमधुरो वाचि नियमः ।

29. ਤੁਲਨਾ 'ਮਾਲਤੀਮਾਧਵ', ੭,੨੬੯-੭੨ (ਪਦ ਟਿੱਪਣੀ ਕ੍ਰਮ ੧੪ ਵਿਚ ਉਧ੍ਰਿਤ)
30. 'ਉਤਰਰਾਮਚਰਿਤ', ੫,੨੯ : ऋषयो राक्षसीमाहुर्वाचमुन्मत्तदृप्तयोः ।
सा योनिः सर्ववैराणां सा हि लोकस्य निर्ऋतिः ॥
31. 'ਉਤਰਰਾਮਚਰਿਤ', ੫,੩੦ :

कामान् दुग्धे विप्रकर्षत्यलक्ष्मीं कीर्तिं सूते दुष्कृतं या हिनस्ति ।
तां चाप्येतां मातरं मङ्गलानां धेनुं धीराः सूनृतां वाचमाहुः ॥

32. 'ਮਹਾਵੀਰ-ਚਰਿਤ', ੨.੪੮ : नृशंसता हि नाम पुरुषदोषः ।

# ਸੰਦਰਭ-ਗ੍ਰੰਥ-ਸੂਚੀ

## (੧) ਮੂਲ-ਪਾਠ-ਗ੍ਰੰਥ

### 'ਮਹਾਵੀਰਚਰਿਤ'


ਸੰਪਾ. ਟੀ. ਆਰ. ਰਤਨਮ ਅੱਯਰ; ਵੀਰਰਾਘਵ-ਕ੍ਰਿਤ ਟੀਕਾ-ਸਹਿਤ; ਨਿਰਣਯ ਸਾਗਰ ਪ੍ਰੈਸ, ਬੰਬਈ; ਪਹਿਲਾ ਸੰਸਕਰਣ, ੧੮੯੨ : ਚੌਥਾ ਸੰਸਕਰਣ ੧੯੨੬।

ਸੰ: ਆਨੰਦਰਾਮ ਬਰੂਆ; ਸੰਸਕ੍ਰਿਤ ਟੀਕਾ ਤੇ ਸੰਸਕ੍ਰਿਤ-ਇੰਗਲਿਸ਼ ਸ਼ਬਦਾਰਥ-ਸਾਰਿਣੀ; ਕਸ਼ੇਤ੍ਰ ਮੋਹਨ ਮੁਖਰਜੀ, ਟ੍ਰਬਨੇਰ ਐਂਡ ਕੰਪਨੀ, ਲੰਦਨ; ਪਹਿਲਾ ਸੰਸਕਰਣ, ੧੮੭੭; ਪਬਲਿਕੇਸ਼ਨ ਬੋਰਡ, ਗੁਹਾਟੀ-੩ ਅਸਮ; ਪੁਨਰ-ਮੁਦ੍ਰਣ ੧੯੬੯।

ਸੰ: ਟੋਡਰ ਮੱਲ; ਆਕਸਫੋਰਡ ਯੂਨਿਵਰਸਿਟੀ ਪ੍ਰੈਸ, ਲੰਦਨ; ੧੯੨੮।

ਸੰ: ਰਾਮਚੰਦ੍ਰ ਮਿਸ਼੍ਰ ; (ਪ੍ਰਕਾਸ਼ ਹਿੰਦੀ ਟੀਕਾ ਸਹਿਤ); ਚੌਖੰਬਾ ਵਿਦਿਆ ਭਵਨ, ਵਾਰਾਣਸੀ, ੧੯੫੫।


### 'ਮਾਲਤੀ-ਮਾਧਵ'


ਸੰ: ਐਮ. ਆਰ. ਤੇਲੰਗ; ਤ੍ਰਿਪੁਰਾਰਿ ਤੇ ਜਗਦਧਰ-ਕ੍ਰਿਤ ਟੀਕਾਵਾਂ ਸਹਿਤ; ਨਿਰਣਯ ਸਾਗਰ ਪ੍ਰੈਸ, ਬੰਬਈ; ਪਹਿਲਾ ਸੰਸਕਰਣ, ੧੮੯੨; ਛੇਵਾਂ ਸੰਸਕਰਣ, ੧੯੩੬।

ਸੰ: ਆਰ. ਜੀ. ਭੰਡਾਰਕਰ; ਜਗਦਧਰ-ਕ੍ਰਿਤ ਟੀਕਾ ਸਹਿਤ; ਆਲੋਚਨਾਤਮਕ ਤੇ ਸਪਸ਼ਟੀਕਰਣ ਆਤਮਕ ਟਿਪਣੀਆਂ; ਪਹਿਲਾ ਸੰਸਕਰਣ, ੧੮੭੬; ਤੀਸਰਾ ਸੰਸਕਰਣ, ਭੰਡਾਰਕਰ ਓਰਿਏਂਟਲ ਰਿਸਰਚ ਇੰਸਟੀਟਯੂਟ ਪੂਣੇ; ੧੯੭੦।

ਸੰ: ਐਮ. ਆਰ. ਕਾਲੇ; ਜਗਦਧਰ-ਕ੍ਰਿਤ ਟੀਕਾ ਸਹਿਤ; ਪਹਿਲਾ ਸੰਸਕਰਣ, ੧੯੧੩; ਤੀਸਰਾ ਸੰਸਕਰਣ ਮੋਤੀਲਾਲ ਬਨਾਰਸੀ ਦਾਸ ਦਿੱਲੀ ੧੯੬੭।

ਸੰ: ਆਰ. ਡੀ. ਕਰਮਰਕਰ; ਪ੍ਰਸਤਾਵਨਾ, ਇੰਗਲਿਸ਼ ਅਨੁਵਾਦ; ਟਿੱਪਣੀਆਂ ਸਹਿਤ ਆਰਯਭੂਸ਼ਣ ਪ੍ਰੈਸ, ਪੂਣੇ ੧੯੩੫।

ਸੰ: ਸੁਰੂ ਤੇ ਦੇਵਧਰ; ਪ੍ਰਸਤਾਵਨਾ, ਇੰਗਲਿਸ਼ ਅਨੁਵਾਦ; ਟਿੱਪਣੀਆਂ ਸਹਿਤ; ਪ੍ਰਕਾਸ਼ਕ ਲੇਖਕ, ਫਰਗੂਸਨ ਕਾਲਜ. ਪੂਣੇ ੧੯੩੫।

ਸੰ: ਕੇ. ਐਮ. ਮਹਾਦੇਵ ਸ਼ਾਸਤ੍ਰੀ; ਪੂਰਣ-ਸਰਸ੍ਵਤੀ-ਕ੍ਰਿਤ ਰਸਮੰਜਰੀ ਟੀਕਾ ਸਹਿਤ; ਤ੍ਰਿਵੇਂਦ੍ਰਮ ਸੰਸਕ੍ਰਿਤ ਸਿਰੀਜ਼ ਕ੍ਰਮ ੧੭੦; ਤ੍ਰਾਵਨਕੋਰ ਵਿਸ਼ਵ-ਵਿਦਿਆਲਯ, ਤ੍ਰਿਵੇਂਦ੍ਰਮ ੧੯੫੩।


### 'ਉੱਤਰਰਾਮਚਰਿਤ'


ਸੰ: ਟੀ. ਆਰ. ਰਤਨਮ ਅੱਯਰ ਤੇ ਕੇ. ਪੀ. ਪਰਬ; ਵੀਰਰਾਘਵ-ਕ੍ਰਿਤ ਟੀਕਾ ਸਹਿਤ; ਨਿਰਣਯਸਾਗਰ ਪ੍ਰੈਸ, ਬੰਬਈ; ਪਹਿਲਾ ਸੰਸਕਰਣ, ੧੮੯੯; ਦਸਵਾਂ ਸੰਸਕਰਣ (ਨਾਰਾਇਣ ਰਾਮ ਆਚਾਰਯ ਕ੍ਰਿਤ ਸੰਸਕ੍ਰਿਤ ਪਦ ਟਿੱਪਣੀਆਂ ਸਹਿਤ) ੧੯੪੯।

ਸੰ: ਐਸ. ਕੇ. ਬੇਲਵਲਕਰ; ਕੇਵਲ ਸੰਸਕ੍ਰਿਤ ਪਾਠ; ਓਰਿਏਂਟਲ ਬੁਕ ਏਜੰਸੀ, ਪੂਣੇ ੧੯੨੧; ਮਰਾਠੀ ਅਨੁਵਾਦ ਤੇ ਟਿੱਪਣੀਆਂ ਸਹਿਤ; ਓਰਿਏਂਟਲ ਬੁਕ ਏਜੰਸੀ, ਪੂਣੇ ੧੯੧੫; ਇੰਗਲਿਸ਼ ਅਨੁਵਾਦ, ਪ੍ਰਸਤਾਵਨਾ ਸਹਿਤ; ਹਾਰਵਰਡ







ਓਰਿਏਂਟਲ ਸਿਰੀਜ਼, ਭਾਗ ੨੧, ਹਾਰਵਰਡ ਯੂਨਿਵਰਸਿਟੀ ਪ੍ਰੈਸ ੧੯੧੫।

ਸੰ: ਸ਼ਾਰਦਾਰੰਜਨ ਰਾਇ ਸ੍ਵੈਰਚਿਤ ਸੰਸਕ੍ਰਿਤ-ਟੀਕਾ, ਇੰਗਲਿਸ਼ ਅਨੁਵਾਦ, ਪ੍ਰਸਤਾਵਨਾ ਤੇ ਟਿੱਪਣੀਆਂ ਸਹਿਤ; ਐਸ. ਕੇ. ਰਾਇ ਐਂਡ ਕੰਪਨੀ ਕਲਕੱਤਾ; ੧੯੨੧।

ਸੰ: ਐਮ. ਆਰ. ਕਾਲੇ; ਵੀਰਰਾਘਵ-ਕ੍ਰਿਤ ਟੀਕਾ, ਇੰਗਲਿਸ਼ ਅਨੁਵਾਦ, ਪ੍ਰਸਤਾਵਨਾ, ਟਿੱਪਣੀਆਂ ਸਹਿਤ; ਗੋਪਾਲ ਨਾਰਾਇਣ ਐਂਡ ਕੰਪਨੀ ਬੰਬਈ; ਚੌਥਾ ਸੰਸਕਰਣ, ਮੋਤੀਲਾਲ ਬਨਾਰਸੀ ਦਾਸ, ਦਿੱਲੀ, ੧੯੬੨।

ਸੰ: ਪੀ. ਵੀ. ਕਾਣੇ; ਘਨਸ਼ਯਾਮ-ਕ੍ਰਿਤ ਟੀਕਾ, ਟਿੱਪਣੀਆਂ ਸਹਿਤ; ਸੀ. ਐਨ. ਜੋਸ਼ੀ-ਕ੍ਰਿਤ ਇੰਗਲਿਸ਼-ਅਨੁਵਾਦ, ਪ੍ਰਕਾਸ਼ਕ ਸੰਪਾਦਕ, ਬੰਬਈ, ੧੯੩੯।

ਸੰ: ਜੀ. ਕੇ. ਭਟ; ਪ੍ਰਸਤਾਵਨਾ, ਇੰਗਲਿਸ਼ ਅਨੁਵਾਦ, ਟਿੱਪਣੀਆਂ ਆਦਿ ਸਹਿਤ ਦਿ ਪਾਪੂਲਰ ਪਬਲਿਸ਼ਿੰਗ ਹਾਊਸ ਟਾਵਰ ਰੋਡ, ਸੂਰਤ; ਪਹਿਲਾ ਸੰਸਕਰਣ ੧੯੫੩; ਦੂਸਰਾ ਸੋਧਿਆ ਤੇ ਵਧਾਇਆ ਹੋਇਆ ਸੰਸਕਰਣ ੧੯੬੫।

ਸੰ: ਆਰ. ਡੀ. ਕਰਮਰਕਰ; ਇੰਗਲਿਸ਼ ਅਨੁਵਾਦ, ਪ੍ਰਸਤਾਵਨਾ, ਟਿੱਪਣੀਆਂ ਆਦਿ ਸਹਿਤ; ਆਰਯਭੂਸ਼ਣ ਪ੍ਰੈਸ, ੧੯੫੪। (ਮੂਲ ਪਾਠ-ਗ੍ਰੰਥਾਂ ਦੀ ਵਧੇਰੇ ਜਾਣਕਾਰੀ ਲਈ ਦੇਖੋ : ਟੋਡਰਮੱਲ, 'ਮਹਾਵੀਰਚਰਿਤ', ਪ੍ਰਸਤਾਵਨਾ ਪੰ. xivii-ii)


## (੨) ਸਾਮਾਨ-ਗ੍ਰੰਥ


ਭਟ ਜੀ. ਕੇ. ਸੰਸਕ੍ਰਿਤ ਡ੍ਰਾਮਾ : 'ਏ ਪਰਸਪੈਕਟਿਵ ਆਨ ਥਿਊਰੀ ਐਂਡ ਪ੍ਰੈਕਟਿਸ'; ਕਰਨਾਟਕ ਵਿਸ਼ਵ-ਵਿਦਿਆਲਯ, ਰਜਤ ਜਯੰਤੀ ਪ੍ਰਕਾਸ਼ਨ; ਧਾਰਵਾੜ; ਨਵੰਬਰ ੧੯੭੫। 'ਟ੍ਰੈਜਡੀ ਐਂਡ ਸੰਸਕ੍ਰਿਤ ਡ੍ਰਾਮਾ' ਪਾਪੂਲਰ ਪ੍ਰਕਾਸ਼ਨ, ਬੰਬਈ ੧੯੭੪।

ਦਾਸਗੁਪਤ ਅਤੇ ਦੇ : 'ਹਿਸਟ੍ਰੀ ਆਫ਼ ਇੰਡਿਅਨ ਲਿਟ੍ਰੇਚਰ'; ਕਲਾਸੀਕਲ ਪੀਰਿਯਡ; ਕਲਕੱਤਾ ਵਿਸ਼ਵ-ਵਿਦਿਆਲਯ; ੧੯੪੭।

ਜਾਗੀਰਦਾਰ ਆਰ. ਵੀ. : 'ਡ੍ਰਾਮਾ ਇਨ ਸੰਸਕ੍ਰਿਤ ਲਿਟ੍ਰੇਚਰ'; ਪਾਪੂਲਰ ਬੁਕ ਡਿਪੋ, ਬੰਬਈ; ੧੯੪੭।

ਕੀਥ ਏ. ਬੀ. : 'ਦਿ ਸੰਸਕ੍ਰਿਤ ਡ੍ਰਾਮਾ'; ਆਕਸਫੋਰਡ ਯੂਨਿਵਰਸਿਟੀ; ੧੯੨੩।

ਰਾਜਾ ਸੀ. ਕੁਨਹਨ : 'ਸਰਵੇ ਆਫ਼ ਸੰਸਕ੍ਰਿਤ ਲਿਟ੍ਰੇਚਰ'; ਭਾਰਤੀਯ ਵਿਦਿਆ ਭਵਨ, ਬੰਬਈ, ੧੯੬੨।

ਰਾਘਵਨ ਵੀ. : 'ਦਿ ਸੋਸ਼ਲ ਪਲੇ ਇਨ ਸੰਸਕ੍ਰਿਤ'; ਦਿ ਇੰਡਿਅਨ ਇੰਸਟੀਟਯੂਟ ਆਫ਼ ਕਲਚਰ : ਟ੍ਰਾਂਜੇਕਸ਼ਨ ਨੰ: ੧੧; ਬੰਗਲੌਰ; ਮਾਰਚ ੧੯੫੨। 'ਸਮ ਓਲਡ ਲਾਸਟ ਰਾਮ ਪਲੇਜ਼'; ਅੰਨਾਮਲਾਈ ਵਿਸ਼ਵਵਿਦਿਆਲਯ; ਅੰਨਾਮਲਾਈ ਨਗਰ; ੧੯੬੧।

ਸ਼ੇਖਰ ਆਈ. : 'ਸੰਸਕ੍ਰਿਤ ਡ੍ਰਾਮਾ'; ਇਟਸ ਓਰਿਜਿਨ ਐਂਡ ਡਿਕਲਾਇਨ'; ਇ. ਜੇ. ਬ੍ਰਿਲ; ਲੀਡਨ; ੧੯੬੦।

ਵੇਲਸ ਹੇਨਰੀ ਡਬਲਯੂ. : 'ਦਿ ਕਲਾਸਿਕਲ ਡ੍ਰਾਮਾ ਆਫ਼ ਇੰਡਿਆ' ਏਸ਼ਿਆ ਪਬਲਿਸ਼ਿੰਗ ਹਾਊਸ, ਬੰਬਈ।
'ਸਿਕਸ ਸੰਸਕ੍ਰਿਤ ਪਲੇਜ਼'; ਭੂਮਿਕਾ ਸਹਿਤ ਇੰਗਲਿਸ਼ ਅਨੁਵਾਦ; ਏਸ਼ਿਆ ਪਬਲਿਸ਼ਿੰਗ ਹਾਊਸ ਬੰਬਈ ੧੯੬੪।

ਵਿਲਸਨ ਐਚ. ਐਚ. : 'ਸਿਲੇਕਟ ਸਪੇਸਿਮਸ ਆਫ਼ ਦਿ ਥਿਏਟਰ ਆਫ਼ ਦਿ ਹਿੰਦੂਜ਼' ਸੈਂਚੀ ੧ ('ਉੱਤਰਰਾਮਚਰਿਤ' ਦਾ ਇੰਗਲਿਸ਼ ਅਨੁਵਾਦ) ਨਵਾਂ ਸੰਸਕਰਣ, ਸੁਸ਼ੀਲ ਗੁਪਤ; ਇੰਦ. ਲਿ.; ਕਲਕੱਤਾ; ੧੯੨੫ ।

ਵਿੰਟਰਨਿਟਜ਼ ਐਮ. : 'ਏ ਹਿਸਟ੍ਰੀ ਆਫ਼ ਇੰਡਿਅਨ ਲਿਟ੍ਰੇਚਰ' ਭਾਗ ੩ (ਸੁਭਦ੍ਰ ਝਾ ਰਾਹੀਂ ਇੰਗਲਿਸ਼ ਅਨੁਵਾਦ), ਮੋਤੀਲਾਲ ਬਨਾਰਸੀ ਦਾਸ, ਦਿੱਲੀ, ੧੯੬੩ ।

## (੩) ਵਿਸ਼ੇਸ਼-ਗ੍ਰੰਥ ਤੇ ਲੇਖ

ਬਰੁਆ ਆਨੰਦ ਰਾਮ : 'ਭਵਭੂਤੀ ਐਂਡ ਹਿਜ਼ ਪਲੇਜ਼ ਇਨ ਸੰਸਕ੍ਰਿਤ ਲਿਟ੍ਰੇਚਰ' ਕਲਕੱਤਾ; ੧੮੭੮ ।

ਹਰਸ਼ੇ ਆਰ. ਜੀ. : 'ਆਬਜ਼ਰਵੇਸ਼ੰਜ਼ ਆਨ ਦਿ ਲਾਇਫ ਐਂਡ ਵਰਕਸ ਆਫ਼ ਭਵਭੂਤੀ' (ਫ੍ਰੈਂਚ) ਏਦੀਸ਼ਨਜ਼ ਲਿਤਰੇਰੀਸ ਦ ਫਰਾਂਸ: ੧੯੩੮ ।

ਈਨਾਮਦਾਰ ਵੀ. ਐਮ. : 'ਉੱਤਰਰਾਮਚਰਿਤ'; ਏ ਪ੍ਰਿਫੇਸ; ਪ੍ਰਕਾਸ਼ਿਕਾ ਸ੍ਰੀਮਤੀ ਈਨਾਮਦਾਰ, ਰਾਹੀਂ ਕਰਨਾਟਕ ਮਹਾਵਿਦਿਆਲਯ,ਧਾਰਵਾੜ, ੧੯੫੭ ।

ਕਰਮਰਕਰ ਆਰ.ਡੀ. 'ਭਵਭੂਤੀ'; ਕਰਨਾਟ ਕਵਿਸ਼ਵਵਿਦਿਆਲਯ,ਧਾਰਵਾੜ;੧੯੬੩ ।

ਮਿਰਾਸ਼ੀ ਵੀ. ਵੀ. : 'ਭਵਭੂਤੀ' ਮੋਤੀਲਾਲ ਬਨਾਰਸੀ ਦਾਸ ਦਿੱਲੀ ੧੯੭੪ ।

ਰਾਘਵਨ ਵੀ. : 'ਭਵਭੂਤੀ ਐਂਡ ਦਿ ਵੇਦ'; 'ਜਨਰਲ ਆਫ਼ ਦਿ ਏਸ਼ਿਆਟਿਕ ਸੋਸਾਇਟੀ ਆਫ਼ ਬੰਬਈ (ਨਯੂ ਸਿਰੀਜ਼);ਸੈਂਚੀ ੩੧-੩੨;੧੯੫੬-੫੭; (ਸਰਾਧ ਸ਼ਤਾਬਦੀ ਵਿਸ਼ੇਸ਼ ਸੈਂਚੀ) ਜੂਨ ੧੯੫੯; ਪੰਨਾ ੨੧੮-੨੨੧ । "ਭਵਭੂਤੀ ਐਂਡ ਅਰਥ-ਸ਼ਾਸਤ੍ਰ"; 'ਨਯੂ ਇੰਡਾਲਾਜੀ'; ਫੇਚਸ਼੍ਰਿਫਟ ਵਾਲਤਰ ਰੂਬੇਨ ਜ਼ੁਮ ੭੦, ਗੇਬੁਰਟਸਟੇਗ; ਅਕਾਦਮੀ-ਵੈਰਲਾਗ, ਬਰਲਿਨ, ੧੯੭੧, ਪੰਨਾ ੪੩੩-੩੯ ।

## (੪) ਭਾਰਤੀਯ ਭਾਸ਼ਾਵਾਂ ਦੇ ਗ੍ਰੰਥ (ਸੰਸਕ੍ਰਿਤ)

ਸ਼ਾਸਤ੍ਰੀ-ਪੰਡਿਤ ਦ੍ਵਿਜੇਂਦ੍ਰਨਾਥ : 'ਸੰਸਕ੍ਰਿਤ ਸਾਹਿਤਯ ਵਿਮਰਸ਼'; ਭਾਰਤੀ ਪ੍ਰਕਾਸ਼ਨ, ਮੇਰਠ (ਉੱਤਰ ਪ੍ਰਦੇਸ਼), ੧੯੫੬ ।

## (ਮਰਾਠੀ)

ਭਟ ਗੋ. ਕੇ. : 'ਸੰਸਕ੍ਰਿਤ ਨਾਟਯਸ੍ਰਿਸ਼ਟੀ'; ਕਾਂਟਿਨੇਂਟਲ ਪ੍ਰਕਾਸ਼ਨ, ਪੁਣੇ-੩੦;੧੯੬੪ ।

ਮਿਰਾਸ਼ੀ ਵਾ. ਵੀ. : 'ਭਵਭੂਤੀ'; ਪਾਪੁਲਰ ਪ੍ਰਕਾਸ਼ਨ, ਬੰਬਈ-੩੪; ੧੯੬੮ ।

## (ਹਿੰਦੀ)

ਉਪਾਧਿਆਇ ਬਲਦੇਵ : 'ਸੰਸਕ੍ਰਿਤ ਸਾਹਿਤ ਕਾ ਇਤਿਹਾਸ'; ਸ਼ਾਰਦਾ ਮੰਦਿਰ, ਕਾਸ਼ੀ; ੧੯੪੫ ।

ਗੈਰੋਲਾ ਵਾਚਸਪਤੀ : 'ਸੰਸਕ੍ਰਿਤ ਸਾਹਿਤ ਕਾ ਇਤਿਹਾਸ'; ਚੋਖੰਬਾ ਵਿਦਿਆ ਭਵਨ, ਵਾਰਾਣਸੀ; ੧੯੬੦ ।

ਰਾਇ ਗੰਗਾ ਸਾਗਰ : 'ਮਹਾਕਵੀ ਭਵਭੂਤੀ';ਚੋਖੰਬਾ ਪ੍ਰਕਾਸ਼ਨ,ਵਾਰਾਣਸੀ;੧੯੬੫ ।

ਸਿੰਹ ਅਯੋਧਿਆ ਪ੍ਰਸਾਦ : 'ਭਵਭੂਤੀ ਔਰ ਉਨ ਕੀ ਨਾਟਯਕਲਾ', ਮੋਤੀਲਾਲ ਬਨਾਰਸੀ ਦਾਸ, ਦਿੱਲੀ; ੧੯੬੯ ।

□